


INTERNATIONAL MAGAZINE
RNI No. 61816/95
Postal Regd. No. CHD/0081/2009
WPP/PP/PB-0002/2009
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
Monthly Issue "Atam Marg"
ਫਰਵਰੀ (February) 2010
ਆਤਮ ਮਾਰਗ
ਪਿੰਡ ਬਾਸਰਕੇ ਵਿਖੇ ਬਾਬਾ ਬੁੱਢਾ ਜੀ ਕੋਠੇ ਨੂੰ ਪਿਛੇ ਤੋਂ ਸੰਨ੍ਹ ਲਾ ਕੇ ਧੰਨ ਸਾਹਿਬ ਸ੍ਰੀ ਗੁਰੂ ਅਮਰ ਦਾਸ ਮਹਾਰਾਜ ਜੀ ਦੇ ਦਰਸ਼ਨ ਕਰਨ ਸਮੇਂ ਦਾ ਦ੍ਰਿਸ਼।

ਸਾਲ ਪੰਦਰਵਾਂ, ਮਹੀਨਾ ਫਰਵਰੀ 2010

ਫਾਊਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


Postal Address for 'ATAM MARG' Enquiry, Money Order, Cheque, Draft & correspondence

V.G.R.M Charitable Trust

Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.


**ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**


Head Office INDIA - (M) 94172-14379, 9417214391, 0160-2255002, Fax - 2255009

U.S.A. - Baba Satnam Singh ji

Phone and Fax : 408-263-1844

Bhai Kuldeep Singh Sher Gill

Phone : 408-230-8319

Bibi Sukhvinder Kaur Bains - Phone : 403-270-3387

Canada - Bhai Sarmukh Singh Pannu

Phone - 604-433-0408

England - Bibi Gurbax Kaur /Jagtar Singh Jagi

Phone : 0121-200-2818

Fax : 0121-200-2879, Raj Mobile : 07968734058

Australia - Bhai Jiwan Singh ji

Phone : 03-943-65865, Fax : 03-943-65867

For more information please visit us on internet at:-

Email : atammarg@glide.net.in

http:# www.ratwarasahib.org, http # www.ratwarasahibmedia.org



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਤਤਕਰਾ


1. ਸੰਪਾਦਕੀ 2

2. ਫਲਗੁਣਿ ਦੀ ਸੰਗਰਾਂਦ 3

3. ਭਈ ਪਰਾਪਤਿ ਮਾਨੁਖ ਦੇਹੁਰੀਆ 21

4. ਬਿਜੈ ਸਿੰਘ 47

5. ਮਾਰਗ ਚੋਣ 56

6. ਬੀਬੀ ਰਜਨੀ 59

7. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ 60

8. ਸਿਹਤ ਰੱਖਿਆ ਗਿਆਨ 62


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਰਤਵਾੜਾ ਸਾਹਿਬ | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ | 9417214386 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਜਰਨਲ - 9417214384, ਬੀ ਐਡ ਕਾਲਜ | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਅਖੰਡਪਾਠ ਬੁਕਿੰਗ | 9417214386 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ

ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ

ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

ਆਤਮ ਮਾਰਗ ਨਿਰੋਲ ਰੂਹਾਨੀਅਤ ਭਰਪੂਰ ਮਾਸਿਕ ਪਤ੍ਰਿਕਾ ਪੰਜਾਬੀ, ਹਿੰਦੀ ਅਤੇ ਅੰਗਰੇਜੀ ਵਿੱਚ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਹੁੰਦੀ ਹੈ। ਇਹ ਨਿਰੋਲ ਰੂਹਾਨੀ ਪਤ੍ਰਿਕਾ ਦੇਸ਼ਾਂ ਵਿਦੇਸ਼ਾਂ ਜਾਤਾਂ ਮਜ਼ਬਾਂ ਦੇ ਆਪਸੀ ਵਖਰੇਵਿਆਂ ਨੂੰ ਦੂਰ ਕਰਦੀ ਹੋਈ ਨਾਮ ਦੇ ਨਾਲ ਜੋੜਦੀ ਹੈ। ਨਾਮ ਸਾਰਿਆਂ ਦੇ ਅੰਦਰ ਹੈ ਇਸ ਤੱਕ ਪਹੁੰਚਣ ਵਾਸਤੇ ਗੁਰੂ ਤੋਂ ਮੰਤਰ ਲੈ ਕੇ ਗੁਰਮੰਤਰ ਦੀ ਕਮਾਈ ਕਰਨੀ ਮਾਨਸ ਜਨਮ ਦਾ ਪ੍ਰਮੁੱਖ ਪ੍ਰਯੋਜਨ ਹੈ। ਇਸ ਮੈਗਜੀਨ ਅੰਦਰ ਕੇਵਲ ਅਨੁਭਵੀ ਮਹਾਂਪੁਰਸ਼ਾਂ ਦੇ ਪ੍ਰਵਚਨ ਆਉਂਦੇ ਹਨ ਜੋ ਕਿ ਨਾਮ ਨਾਲ ਜੁੜਨ ਦਾ ਸਾਧਨ ਸਾਡੀ ਬਹੁਤ ਹੀ ਸੁਖੈਨ ਬੋਲੀ ਵਿੱਚ ਗੁਰਬਾਣੀ ਪ੍ਰਕਾਸ਼ ਅੰਦਰ ਵਿਖਿਆਨ ਕਰਦੇ ਹਨ। ਹਰ ਮਹੀਨੇ ਦੀ ਸ਼ੁਰੂਆਤ ਸੰਗਰਾਂਦ ਦੇ ਦਿਹਾੜੇ ਤੋਂ ਗੁਰੂ ਪਾਤਸ਼ਾਹ ਦੇ ਮਹੀਨੇ ਪ੍ਰਥਾਇ ਫੁਰਮਾਨ ਨੂੰ ਸੁਖੈਨ ਸ਼ਬਦਾਂ ਵਿੱਚ ਮਹਾਂਪੁਰਸ਼ਾਂ ਰਾਹੀਂ ਖੋਲ੍ਹ ਕੇ ਵਖਿਆਨ ਕਰਨ ਦੇ ਨਾਲ ਆਤਮ ਮਾਰਗ ਦੀ ਸ਼ੁਰੂਆਤ ਹੁੰਦੀ ਹੈ। ਰਸਿਕ ਬੈਰਾਗੀ ਮਹਾਂਪੁਰਸ਼ ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਦੇ ਲੇਖ ਲੜੀਵਾਰ ਭਾਈ ਵਿਜੈ ਸਿੰਘ ਦੇ ਸਿਰਲੇਖ ਹੇਠ ਪ੍ਰਕਾਸ਼ਿਤ ਹੁੰਦੇ ਹਨ। ਇਸ ਮਹੀਨੇ ਦੇ ਵਿਜੈ ਸਿੰਘ ਲੇਖ ਅੰਦਰ ਸਚਿੱਤਰ ਬਚਿੱਤਰ ਇਤਿਹਾਸਕ ਘਟਨਾਂ ਦਾ ਵਖਿਆਨ ਸਾਨੂੰ ਆਪਣਾ ਅਚਾਰ ਉਚਾ ਚੁੱਕਣ ਦਾ ਪ੍ਰੇਰਨਾ ਸਰੋਤ ਹੈ। ਮਾਰਗ ਚੋਣ ਲੇਖ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਦਾ ਇੰਗਲਿਸ਼ ਵਿੱਚ ਲਿਖੀ ਪੁਸਤਕ (Choosing A Path) ਦਾ ਪੰਜਾਬੀ ਅਨੁਵਾਦ ਮਹਾਂਪੁਰਸ਼ਾਂ ਦੀ ਅਨਿੰਨ ਸੇਵਕ ਡਾ. ਬੀਬੀ ਤਜਿੰਦਰ ਮਲਹੋਤਰਾ ਫਾਊਂਡਰ ਟਰਸਟੀ ਰਤਵਾੜਾ ਸਾਹਿਬ ਵੱਲੋਂ ਬਹੁਤ ਹੀ ਮਿਹਨਤ ਨਾਲ ਕਰਕੇ ਲੜੀਵਾਰ ਪ੍ਰਕਾਸ਼ਿਤ ਹੋ ਰਿਹਾ ਹੈ।

ਅਖੰਡ ਕੀਰਤਨੀ ਜਥੇ ਦੇ ਪ੍ਰਮੁੱਖ ਸੱਚਖੰਡਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਲੜੀ ਵਾਰ ਲੇਖ 'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਗੁਰਮੰਤਰ ਤੋਂ ਨਾਮ ਤੱਕ ਪਹੁੰਚਣ ਦਾ ਸਿੱਧਾ ਸਪਸ਼ਟ ਰਸਤਾ ਆਤਮ ਮਾਰਗ ਦਰਸਾਉਂਦਾ ਹੈ। ਅਜੋਕੇ ਸਮੇਂ ਦੇ ਅੰਦਰ ਹਰ ਮਨੁੱਖ ਨੂੰ ਕਿਸੇ ਨਾ ਕਿਸੇ ਰੋਗ ਨੇ ਗ੍ਰਸਿਆ ਹੋਇਆ ਹੈ ਜੇਕਰ ਕੋਈ ਬੱਚਿਆ ਹੈ ਉਹ ਤੱਤਵੇਤਾ ਬ੍ਰਹਮੁ ਨਿਸ਼ਟਾ ਬ੍ਰਹਮੁ ਸਰੋਤਰੀ ਬ੍ਰਹਮੁ ਬਕਤਾ ਨਾਮ ਚ' ਅਭੇਦ ਮਹਾਂਪੁਰਖ ਹੀ ਬੱਚਿਆ ਹੋਇਆ ਹੈ। ਨਿਰੋਗੀ ਕਾਇਆ ਵਾਸਤੇ ਰਤਵਾੜਾ ਸਾਹਿਬ ਟਰਸਟ ਵੱਲੋਂ ਸਮੇਂ-ਸਮੇਂ ਫਰੀ ਮੈਡੀਕਲ ਕੈਂਪ ਲਗਾ ਕੇ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਹਰ ਚੜ੍ਹਦੀ ਪੂਰਨਮਾਸ਼ੀ ਦੀ ਰਾਤ ਰਤਵਾੜਾ ਸਾਹਿਬ ਵਿਖੇ ਰੈਣ ਸਬਾਈ ਹੁੰਦੀ ਹੈ। ਪ੍ਰਸਿੱਧ ਅਚਾਰੀਆ ਵੈਦ ਮੇਘ ਨਾਥ ਸਿੱਧ ਆਪਣੀ ਦੇਖ ਰੇਖ ਹੇਠ ਚੰਦਰਮਾਂ ਦੀਆਂ ਰਿਸ਼ਮਾਂ ਵਿੱਚ ਰੁੱਤ ਅਨੁਸਾਰ ਜੜ੍ਹੀਆਂ ਬੂਟੀਆਂ ਪਾ ਕੇ ਖੀਰ ਤਿਆਰ ਕਰਵਾਉਂਦੇ ਹਨ। ਗੁਰਮੰਤਰ ਚਕਿਤਸਾ ਦੀ ਪੂਰੀ ਪੂਰੀ ਵਰਤੋਂ ਕਰਨ ਦਾ ਅਭਿਆਸ ਰਤਵਾੜਾ ਸਾਹਿਬ ਰੈਣ ਸਬਾਈ ਕੀਰਤਨ ਵਿੱਚ ਦਰਸਾਇਆ ਜਾਂਦਾ ਹੈ। ਲਾ ਇਲਾਜ ਬਿਮਾਰੀਆਂ ਦੇ ਗਰਸੇ ਰਤਵਾੜਾ ਸਾਹਿਬ ਪੂਰਨਮਾਸ਼ੀ ਸਮੇਂ ਰੈਣ ਸਬਾਈ ਕੀਰਤਨ ਵਿੱਚ ਹਾਜਰੀਆਂ ਭਰ ਕੇ ਨਿਰੋਗੀ ਜੀਵਨ ਪ੍ਰਾਪਤ ਕਰਦੇ ਹਨ। ਹਰ ਸਮਾਗਮ ਸਮੇਂ ਗੁਰਸ਼ਬਦ ਨਿਰੰਤਰ ਚਲਾਉਣ ਵਾਸਤੇ ਅੱਧੀ ਭੇਟਾ ਉਪੱਰ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ। ਪੂਰਨ ਮਨੁੱਖ ਦੇ ਗੁਣ ਪੈਦਾ ਕਰਨ ਵਾਸਤੇ ਗੁਰਦੁਆਰਾ ਸਾਹਿਬ ਕੰਪਲੈਕਸ ਅੰਦਰ ਸਕੂਲ ਕਾਲਜ ਵਿਦਿਆ ਪ੍ਰਦਾਨ ਕਰ ਰਹੇ ਹਨ। ਬੱਚਿਆਂ ਨੂੰ ਘੋੜਸਵਾਰੀ ਵਰਗੀ ਅਲੋਪ ਹੋ ਰਹੀ ਵਿਦਿਆ ਗੁਰਦੁਆਰਾ ਸਾਹਿਬ ਵਿੱਚ ਸਿਖਾਈ ਜਾਂਦੀ ਹੈ। ਧਾਰਮਿਕ ਚੌਗਿਰਦੇ ਅੰਦਰ ਸ਼ਾਂਤ ਵਾਤਾਵਰਣ ਵਿੱਚ ਬੱਚੇ ਵਿਦਿਆ ਪ੍ਰਾਪਤ ਕਰਕੇ ਬਹੁਤ ਹੀ ਚੰਗੇ ਨਤੀਜੇ ਨਿਕਲ ਰਹੇ ਹਨ। ਨੈਸ਼ਨਲ ਖੇਡਾਂ ਤੱਕ ਬੱਚੇ ਆਪਣੇ ਸਰੀਰਾਂ ਨੂੰ ਨਸ਼ਿਆਂ ਆਦਿ ਬੁਰੀਆਂ ਆਦਤਾਂ ਤੋਂ ਬਚਾਅ ਕੇ ਖੇਡਣ ਜਾਂਦੇ ਹਨ। ਸਿਆਣੇ ਸੂਝਵਾਨ ਮਾਪੇ ਆਪਣੇ ਬੱਚਿਆਂ ਨੂੰ ਟਰਸਟ ਰਤਵਾੜਾ ਸਾਹਿਬ ਦੇ ਵਿਦਿਅਕ ਅਦਾਰਿਆਂ ਵਿੱਚ ਦਾਖਲ ਕਰਾ ਰਹੇ ਹਨ। ਬਜੁਰਗਾਂ ਦੀ ਸੇਵਾ ਸੰਭਾਲ ਵਾਸਤੇ ਅਤਿ ਅਧੁਨਿਕ ਸਹੂਲਤਾਂ ਪ੍ਰਦਾਨ ਕਰਨ ਵਾਲਾ ਅਕਾਲ ਬਿਰਧ ਆਸ਼ਰਮ ਸੰਪੂਰਨ ਗੁਰਦੁਆਰਾ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਹੋਣ ਜਾ ਰਿਹਾ ਹੈ। ਸਾਨੂੰ ਆਸ ਹੈ ਕਿ ਆਪ ਜੀ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰਸਟ ਵੱਲੋਂ ਧਾਰਮਿਕ, ਵਿਦਿਅਕ, ਸਾਹਤਿਕ, ਰੂਹਾਨੀਅਤ ਅਤੇ ਮੈਡੀਕਲ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਵਿੱਚ ਭਾਗੀ ਬਣ ਕੇ ਜਰੂਰ ਹੀ ਤਨ ਮਨ ਧਨ ਨਾਲ ਹਿਸਾ ਪਾਉਣ ਦੀ ਕ੍ਰਿਪਾਲਤਾ ਕਰੋਗੇ ਜੀ।

**Note** :- Please all chq/Draft for Indian/Foreign subscription of Membership's and any donations send in favour of "Vishav Gurmat Roohani Mission Charitable Trust".

**We will be thankful to your contribution.**

# ਫਲਗੁਣਿ ਦੀ ਸੰਗਰਾਂਦ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਤੂੰ ਪਰਬਤ ਮੇਰਾ ਓਹਲਾ ਜੀ,*
*ਵਾਰੀ ਵੰਞਾ ਘੋਲੀ ਵੰਞਾ।*
*ਹਉ ਵਾਰੀ ਵੰਞਾ ਘੋਲੀ ਵੰਞਾ*
*ਤੂ ਪਰਬਤੁ ਮੇਰਾ ਓਲ੍ਹਾ ਰਾਮ ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥*
*ਮਿਟੇ ਅੰਧਾਰੇ ਤਜੇ ਬਿਕਾਰੇ*
*ਠਾਕੁਰ ਸਿਉ ਮਨੁ ਮਾਨਾ ॥*
*ਪ੍ਰਭ ਜੀ ਭਾਣੀ ਭਈ ਨਿਕਾਣੀ*
*ਸਫਲ ਜਨਮੁ ਪਰਵਾਨਾ ॥*
*ਭਈ ਅਮੋਲੀ ਭਾਰਾ ਤੋਲੀ*
*ਮੁਕਤਿ ਜੁਗਤਿ ਦਰੁ ਖੋਲ੍ਹਾ ॥*
*ਕਹੁ ਨਾਨਕ ਹਉ ਨਿਰਭਉ ਹੋਈ*
*ਸੋ ਪ੍ਰਭੁ ਮੇਰਾ ਓਲ੍ਹਾ ॥ ਅੰਗ - ੭੮੦*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਫੱਗਣ ਦੇ ਮਹੀਨੇ ਦੀ ਸੰਗਰਾਂਦ ਦੇ ਸਮਾਗਮ ਵਿੱਚ ਦੂਰੋਂ ਨੇੜਿਓਂ ਚੱਲ ਕੇ ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਨਾਲ ਗੁਰੂ ਦਰਬਾਰ ਵਿੱਚ ਸ਼ਸ਼ੋਭਤ ਹੋਂ। ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਤੂੰ ਮੇਰਾ ਓਹਲਾ ਹੈਂ ਸੰਸਾਰ ਦੇ ਅੰਦਰ। ਕਿਉਂਕਿ ਤੂੰ ਪਰਬਤ ਹੈਂ -

*ਨਾ ਤੁਮ ਡੋਲਹੁ ਨਾ ਹਮ ਗਿਰਤੇ..........॥*
*ਅੰਗ - ੯੬੯*

ਤੂੰ ਡੋਲਣ ਵਾਲੀ ਚੀਜ਼ ਨਹੀਂ, ਦਰਖਤ ਡੋਲ ਜਾਂਦੇ ਨੇ। ਦਰਖਤ ਦਾ ਪਰਛਾਵਾਂ ਬਦਲ ਜਾਂਦਾ ਹੈ। ਓਹਲਾ ਪੂਰਾ ਨਹੀਂ ਹੋਇਆ ਕਰਦਾ। ਹੋਰ ਵੀ ਜੋ ਸੰਸਾਰ ਦੇ ਓਹਲੇ ਲੈਂਦੇ ਨੇ, ਆਸਰੇ ਲੈਂਦੇ ਨੇ ਉਹ ਪੂਰੇ ਨਹੀਂ ਹੋਇਆ ਕਰਦੇ। ਉਨ੍ਹਾਂ ਵਿੱਚ ਅਦਲੀ ਬਦਲੀ ਹੁੰਦੀ ਰਹਿੰਦੀ ਹੈ। ਜਿਹਨੇ ਵਾਹਿਗੁਰੂ ਦਾ ਓਹਲਾ ਤਕ ਲਿਆ, ਉਹ ਡੋਲਿਆ ਨਹੀਂ ਕਰਦਾ, ਕਿਉਂਕਿ ਵਾਹਿਗੁਰੂ ਜੀ ਇੱਕ ਰਸ ਰਹਿਣ ਵਾਲੇ ਨੇ ਸਦਾ ਹੀ। ਲੱਖਾਂ ਵਾਰੀ ਅਸੀਂ ਬਲਿਹਾਰ ਜਾਂਦੇ ਹਾਂ। ਕਿਉਂਕਿ ਸਾਡੇ ਉਪਰ ਪੜਦਾ ਪਿਆ ਹੋਇਆ ਸੀ ਭਰਮ ਦਾ, ਤੇਰੇ ਅਰ ਸਾਡੇ ਵਿਚਾਲੇ। ਇਹ ਖੁਲ੍ਹਦਾ ਨਹੀਂ ਸੀ ਕਿਸੇ ਤਰ੍ਹਾਂ ਨਾਲ ਵੀ। ਕ੍ਰਿਪਾ ਕੀਤੀ ਆਪ ਨੇ ਉਹ ਪੜਦਾ ਖੋਲ੍ਹ ਦਿੱਤਾ। ਪੜਦਾ ਚੁੱਕਦੇ ਸਾਰ ਤੇਰੇ ਦਰਸ਼ਨ ਸਾਰੇ ਸੰਸਾਰ ਦੇ ਅੰਦਰ ਹੋਣੇ ਸ਼ੁਰੂ ਹੋ ਗਏ। ਹਨ੍ਹੇਰਾ ਮਿਟ ਗਿਆ ਮਨ ਦਾ। ਵਿਕਾਰ ਖਤਮ ਹੋ ਗਏ। ਮਨ ਮੰਨ ਗਿਆ ਤੇਰੇ ਨਾਲ ਹੇ ਪ੍ਰਭੂ। ਜਦੋਂ ਪ੍ਰਭੂ ਨੂੰ ਚੰਗਾ ਲਗਣ ਲੱਗੀ ਇਹ ਜੀਵ ਆਤਮਾ, ਓਸ ਵੇਲੇ ਦੁਨੀਆਂ 'ਚ ਕਿਸੇ ਦੀ ਕਾਣ ਨਾ ਰਹੀ, ਸਾਰੀਆਂ ਕਾਣਾਂ ਮੁੱਕ ਗਈਆਂ, ਕਿਸੇ ਤੱਕ ਕੋਈ ਮਤਲਬ ਨਾ ਰਿਹਾ। ਕਿਉਂਕਿ ਪ੍ਰਭੂ ਨੂੰ ਜੋ ਭਾਅ ਗਿਆ, ਉਹਨੂੰ ਕਿਸੇ ਨਾਲ ਮਤਲਬ ਨਹੀਂ ਕਿਸੇ ਨਾਲ ਰਹਿੰਦਾ, ਜਨਮ ਵੀ ਸਫਲ ਤੇ ਪ੍ਰਵਾਨ ਹੋ ਗਿਆ। ਹੁਣ ਮੋਲ ਜਿਹੜਾ ਹੈ ਉਹ ਵੀ ਭਾਰਾ ਹੋ ਗਿਆ, ਮੁੱਲ ਬੇਅੰਤ ਹੋ ਗਿਆ ਕੋਈ ਪਾ ਨਹੀਂ ਸਕਦਾ। ਮੁਕਤੀ ਦੇ, ਜੁਗਤ ਦੇ ਤੇ ਭੁਗਤ ਦੇ ਦਰਵਾਜ਼ੇ ਖੁਲ੍ਹ ਗਏ। ਮੁਕਤ ਹੋਇਆ ਕਰਦੀ ਹੈ ਪਰਮ ਅਨੰਦ ਦੀ ਅਵਸਥਾ, ਜੁਗਤ ਹੋਇਆ ਕਰਦੇ ਨੇ ਸਾਧਨ; ਭੁਗਤ ਹੋਇਆ ਕਰਦੀ ਹੈ ਧਨ ਪਦਾਰਥ ਆਦਿ ਸਾਰੀਆਂ ਚੀਜ਼ਾਂ। ਸੋ ਇਸ ਬੇਨਤੀ ਨਾਲ ਆਪਾਂ ਗੁਰੂ ਮਹਾਰਾਜ ਦਾ ਆਪਾਂ ਸ਼ੁਕਰਾਨਾ ਕਰਦੇ ਹੋਏ, ਸੰਗਰਾਂਦ ਨੂੰ ਗੁਰੂ ਮਹਾਰਾਜ ਨੇ ਸਾਨੂੰ ਹੁਕਮ ਬਖਸ਼ਿਆ ਹੈ, ਸ਼ਬਦ ਬਖਸ਼ਿਆ ਹੈ ਉਹਦੀ ਆਪਾਂ ਵਿਚਾਰ ਕਰਨੀ ਹੈ। ਬਾਰ੍ਹਾਂ ਸ਼ਬਦ ਨੇ ਇੱਕ ਪਹਿਲਾਂ ਹੈ ਇਕ ਪਿਛੋਂ ਹੈ, ਇਹ ਦੋ ਹੋਰ ਰਲ ਜਾਣ ਤਾਂ ਚੌਦਾਂ ਹੋ ਜਾਂਦਾ ਨੇ। ਇਨ੍ਹਾਂ ਚੌਦਾਂ ਦੇ ਵਿੱਚ 'ਕਿਰਤ ਕਰਮ ਕੇ ਵੀਛੁੜੇ' ਵਿਛੜੇ ਹੋਏ ਤੋਂ ਲੈ ਕੇ 'ਮੇਲਣ' ਤਕ ਦਾ ਸਮਾਂ ਬਾਰਵੇਂ ਮਹੀਨੇ 'ਚ ਆ ਜਾਂਦਾ ਹੈ। ਓਸ ਤੋਂ ਅਗਲਾ ਜਿਹੜਾ ਆਉਂਦਾ ਹੈ, ਜਿਹਨੇ ਵੀ ਨਾਮ ਧਿਆਇਆ ਹੈ ਉਹਦੇ ਕਾਰਜ ਸਾਰੇ ਠੀਕ ਹੋਣੇ ਸ਼ੁਰੂ ਹੋ ਜਾਂਦੇ ਨੇ। ਸੋ ਬਾਰਾਮਾਹ ਦੇ ਅੰਦਰ ਪਹਿਲਾਂ ਜੋ ਇਸਤਰੀ ਸੀ ਪਤੀ ਦੇ ਮਿਲਾਪ ਵਾਸਤੇ, ਜਗਿਆਸੂ ਜੋ ਸੀ ਵਾਹਿਗੁਰੂ ਦੇ ਮਿਲਾਪ ਵਾਸਤੇ ਤਰਲੇ ਕਰ ਰਿਹਾ ਸੀ। ਪਿਛਲੇ ਮਹੀਨੇ ਦੇ ਅੰਦਰ ਸਾਧੂਆਂ ਦੀ ਸੰਗਤ ਦਾ ਫਲ ਪ੍ਰਾਪਤ ਹੋਇਆ।

*ਮਾਘਿ ਮਜਨੁ ਸੰਗਿ ਸਾਧੂਆ*
*ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ*
*ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ*
*ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ*
*ਬਿਨਸੈ ਲੋਭੁ ਸੁਆਨੁ ॥ ਅੰਗ - ੧੩੬*

ਵਿਕਾਰ ਖਤਮ ਹੋ ਗਏ, ਸੰਤਾਂ ਦੀ ਸੰਗਤ ਪ੍ਰਾਪਤ ਹੋ ਗਈ। ਸੰਤਾਂ ਦੀ ਧੂੜੀ ਵਿੱਚ ਇਸ਼ਨਾਨ ਕਰਨਾ ਸ਼ੁਰੂ ਕਰ ਦਿੱਤਾ। ਨਤੀਜਾ ਕੀ ਹੋਇਆ, ਅਗਲਾ ਮਹੀਨਾ ਫੱਗਣ ਦਾ ਆ ਗਿਆ।

ਇਹਦੇ ਵਿੱਚ ਹੁਣ ਸੰਤ ਪ੍ਰਸੰਨ ਹੋ ਗਏ, ਗੁਰੂ ਪ੍ਰਸੰਨ ਹੋ ਗਿਆ, ਉਹਨੇ ਸਾਡੇ ਉੱਤੇ ਕ੍ਰਿਪਾ ਕੀਤੀ, ਕ੍ਰਿਪਾ ਕਰਕੇ ਸਾਡੀ ਸਹਾਇਤਾ ਕੀਤੀ ਕਿ ਇਸ ਨੂੰ ਵਾਹਿਗੁਰੂ ਦਾ ਮਿਲਾਪ ਹੋ ਜਾਵੇ। ਸੋ ਇਸ ਤਰ੍ਹਾਂ ਨਾਲ ਪੜ੍ਹ ਲਓ ਸਾਰੇ।

***ਧਾਰਨਾ - ਕ੍ਰਿਪਾ ਕਰਕੇ ਮੇਲ ਦੇ ਵਾਹਿਗੁਰੂ,***
***ਸੰਤ ਸਹਾਈ ਰਾਮ ਦੇ।***

***ਫਲਗੁਣਿ ਅਨੰਦ ਉਪਾਰਜਨਾ***
***ਹਰਿ ਸਜਣ ਪ੍ਰਗਟੇ ਆਇ ॥***
***ਸੰਤ ਸਹਾਈ ਰਾਮ ਕੇ ਕਰਿ***
***ਕਿਰਪਾ ਦੀਆ ਮਿਲਾਇ ॥ ਅੰਗ - ੧੩੬***

ਸਾਰੇ ਸਾਲ ਤੋਂ ਬੇਨਤੀਆਂ, ਅਰਦਾਸਾਂ ਸਮਝੌਤੀਆਂ ਹੋ ਰਹੀਆਂ ਸੀ। ਬੜਾ ਕੁਛ ਦੱਸਿਆ ਜਾ ਰਿਹਾ ਸੀ ਕਿ ਆਹ ਨਾ ਕਰੀਂ, ਓਹ ਨਾ ਕਰੀਂ। ਦੂਜੇ ਨਾਲ ਹੇਤ ਨਾ ਲਾਈਂ, ਫੜਿਆ ਜਾਏਂਗਾ, ਜਮਦੂਤ ਫੜ ਕੇ ਲੈ ਜਾਣਗੇ, ਸਰੀਰ ਜਾਂਦਾ ਰਹੇਗਾ। ਦਿਲਾਸੇ ਵੀ ਮਿਲਦੇ ਰਹੇ, ਕਰਮਾਂ ਤੋਂ ਬਚਾਉਂਦੇ ਰਹੇ -

***ਕਤਿਕਿ ਕਰਮ ਕਮਾਵਣੇ***
***ਦੋਸੁ ਨ ਕਾਹੂ ਜੋਗੁ ॥***
***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਅੰਗ - ੧੩੫***

ਰਸਤਾ ਦਸਦੇ-ਦਸਦੇ, ਅੱਜ ਸਤਿਗੁਰੂ ਸਾਨੂੰ ਫੱਗਣ ਦੇ ਮਹੀਨੇ 'ਚ ਲੈ ਆਏ, ਜਿਹੜੇ ਜਗਿਆਸੂ ਸੀ, ਜਿਨ੍ਹਾਂ ਨੂੰ ਮਿਲਣ ਦਾ ਸ਼ੌਂਕ ਸੀ ਮਨ ਦੇ ਅੰਦਰ, ਉਹ ਸ਼ਬਦ ਦੀ ਕਮਾਈ ਨਾਲ ਦੀ ਨਾਲ ਕਰਦੇ-ਕਰਦੇ, ਸ਼ਬਦ ਦੀ ਵਿਚਾਰ ਕਰਦੇ-ਕਰਦੇ, ਅੱਜ ਗੁਰੂ ਦੇ ਨਾਲ ਰਲ ਕੇ ਇੱਥੇ ਪਹੁੰਚ ਗਏ। ਸਾਲ ਵੀ ਖਤਮ ਹੋ ਰਿਹਾ ਹੈ। ਇੱਕ ਤਰ੍ਹਾਂ ਦੇ ਉਮਰ ਵੀ ਆਦਮੀ ਦੀ ਖਤਮ ਹੋ ਰਹੀ ਹੈ। ੧੨ ਹਿੱਸਿਆਂ 'ਚ ਉਮਰ ਵੰਡੀ ਹੋਈ ਹੈ, ਮੁੱਢ ਤੋਂ ਸਮਝੌਤੀਆਂ ਦਿੱਤੀਆਂ ਜਾ ਰਹੀਆਂ ਨੇ ਤੇ ਮਹਾਰਾਜ ਕਹਿਣ ਲੱਗੇ ਹੁਣ ਆ ਕੇ ਅਨੰਦ ਹੋ ਗਿਆ, ਕਿਉਂਕਿ ਗੁਰੂ ਦੀ ਬਾਣੀ ਜਿਹੜੀ ਪਹਿਲਾਂ ਵਿਚਾਰੀ ਸੀ, ਸੁਣੀ ਸੀ ਉਹਨੂੰ ਕਮਾਉਣਾ ਸ਼ੁਰੂ ਕਰਿਆ ਸੀ, ਮੰਨਿਆ ਸੀ ਫੇਰ ਕਮਾਇਆ ਸੀ। ਬਾਣੀ ਸੁਣਨੀ ਹੋਰ ਗੱਲ ਹੈ, ਮੰਨਣੀ ਹੋਰ ਗੱਲ ਹੈ, ਕਮਾਉਣੀ ਹੋਰ ਗੱਲ ਹੈ। ਤਿੰਨਾਂ ਦਾ ਅੱਡ-ਅੱਡ ਫਲ ਹੈ, ਕਮਾਉਣ ਤੋਂ ਬਾਅਦ ਫੇਰ ਨਤੀਜਾ ਨਿਕਲਣਾ ਚਾਹੀਦਾ ਹੈ, ਕੋਈ ਨਾ ਕੋਈ, ਮਹਾਰਾਜ ਕਹਿੰਦੇ ਹੁਣ ਨਤੀਜਾ ਨਿਕਲ ਆਇਆ -

***ਫਲਗੁਣਿ ਅਨੰਦ ਉਪਾਰਜਨਾ***
***ਹਰਿ ਸਜਣ ਪ੍ਰਗਟੇ ਆਇ ॥ ਅੰਗ - ੧੩੬***

ਵਾਹਿਗੁਰੂ ਹਿਰਦੇ 'ਚ ਹੀ ਪ੍ਰਗਟ ਹੋ ਗਿਆ, ਅੰਦਰ ਹੀ ਪ੍ਰਗਟ ਹੋ ਗਿਆ। ਪੜਦਾ ਖੁਲ੍ਹ ਗਿਆ। ਕਰਿਆ ਕੀਹਨੇ? ਸਮਰੱਥ ਗੁਰੂ ਨੇ।

***ਸੰਤ ਸਹਾਈ ਰਾਮ ਕੇ***
***ਕਰਿ ਕਿਰਪਾ ਦੀਆ ਮਿਲਾਇ ॥ ਅੰਗ - ੧੩੬***

ਉਨ੍ਹਾਂ ਦੀ ਕ੍ਰਿਪਾ ਹੋਈ ਤੇ ਉਨ੍ਹਾਂ ਨੇ ਸਹਾਇਤਾ ਕਰੀ ਏਸ ਰਸਤੇ ਦੇ ਵਿਚ ਤੇ ਵਾਹਿਗੁਰੂ ਦਾ ਮਿਲਾਪ ਕਰਾ ਦਿੱਤਾ। ਇਥੋਂ ਇਹ ਸਿਧਾਂਤ ਪ੍ਰਗਟ ਹੁੰਦਾ ਹੈ ਕਿ ਬਗੈਰ ਗੁਰੂ ਤੋਂ ਵਾਹਿਗੁਰੂ ਦਾ ਮਿਲਾਪ ਨਹੀਂ ਹੁੰਦਾ। ਸੰਸਾਰ ਦੇ ਅੰਦਰ ਗੁਰੂ ਸ਼ਬਦ ਜੋ ਹੈ ਬੜਿਆਂ ਵਾਸਤੇ ਵਰਤਿਆ ਜਾਂਦਾ ਹੈ। ਗੁਰੂ ਕਹਿ ਲਓ, ਮਾਸਟਰ ਕਹਿ ਲਓ, ਟੀਚਰ ਕਹਿ ਲਓ; ਗੱਲ ਇੱਕੋ ਹੋਇਆ ਕਰਦੀ ਹੈ। ਲੇਕਿਨ ਜਿਥੇ ਏਸ ਦਾ ਜ਼ਿਕਰ ਆਉਂਦਾ ਹੈ ਉਥੇ ਸਤਿਗੁਰੂ ਦਾ ਜ਼ਿਕਰ ਆਉਂਦਾ ਹੈ। ਗੁਰੂ ਤਾਂ ਇੱਕ ਸਾਇਕਲ ਸਿਖਾਉਣ ਵਾਲਾ ਵੀ ਗੁਰੂ ਹੀ ਹੁੰਦਾ ਹੈ, ਮਕੈਨਿਕ ਹੈ ਕਿਸੇ ਚੀਜ਼ ਦਾ ਜਾ ਕੇ ਕੰਮ ਸਿਖਣਾ ਹੈ ਜਿਸ ਤੋਂ, ਉਹ ਵੀ ਗੁਰੂ ਹੈ। ਡਾਕਟਰੀ ਦਾ ਕੰਮ ਸਿੱਖਣਾ ਹੈ, ਉਸਤਾਦ ਪੜ੍ਹਾਉਂਦਾ ਹੈ, ਉਹ ਵੀ ਗੁਰੂ ਹੈ; ਸਕੂਲ ਵਿੱਚ ਪੜ੍ਹਦਾ ਹੈ ਬੱਚਾ, ਆਹ ਪੰਜਾਬ ਨੂੰ ਛੱਡ ਕੇ ਬਾਕੀ ਸਾਰੇ ਭਾਰਤ ਵਰਸ਼ 'ਚ ਜੋ ਸਕੂਲ ਦਾ ਟੀਚਰ ਹੁੰਦਾ, ਜਦੋਂ ਉਹਨੂੰ ਬੁਲਾਉਣਾ ਹੁੰਦਾ ਗੁਰੂ ਜੀ ਕਹਿ ਕੇ ਬੁਲਾਉਂਦੇ ਹੁੰਦੇ। ਕਿਉਂਕਿ ਗੁਰੂ ਉਹ ਹੁੰਦਾ ਹੈ ਜਿਹੜਾ ਹਨ੍ਹੇਰੇ ਵਿੱਚ ਪ੍ਰਕਾਸ਼ ਕਰ ਦੇਵੇ। ਸਾਡੇ ਮਨ 'ਚ ਹਨ੍ਹੇਰਾ ਹੈ, ਜਿਵੇਂ ਅਸੀਂ ਕਾਰ ਬਾਰੇ ਕੁਛ ਨਹੀਂ ਜਾਣਦੇ, ਕਿਹੜੀਆਂ ਤਾਰਾਂ ਹਿੱਲੀਆਂ ਨੇ, ਗੱਡੀ ਖੜ੍ਹ ਜਾਂਦੀ ਹੈ, ਕਿਹੜੀਆਂ-ਕਿਹੜੀਆਂ ਜੋੜਨੀਆਂ ਪੈਂਦੀਆਂ ਨੇ, ਕਿਹੜਾ ਫਿਊਜ਼ ਲਾਈਏ, ਕਰੰਟ ਆਉਂਦੀ ਹੈ। ਉਹ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਮਕੈਨਿਕ ਹੈ, ਉਹਨੂੰ ਗੁਰੂ ਕਹਿੰਦੇ ਸੀ। ਸੋ ਸੰਸਾਰ ਦੇ ਅੰਦਰ ਇਹ ਗੁਰੂ ਸ਼ਬਦ ਇਵੇਂ ਜਿਵੇਂ ਚਲਦਾ ਆਇਆ ਹੈ। ਲੇਕਿਨ 'ਸਤਿਗੁਰੂ' ਜਿਹੜਾ ਹੈ ਉਹ ਵਿਲੱਖਣ ਚੀਜ਼ ਹੈ, ਉਹ ਅਲਾਹਿਦਾ ਹੈ ਇਸ ਪਰਿਭਾਸ਼ਾ ਤੋਂ। ਜਿਥੇ ਅਸੀਂ ਗੁਰੂ ਕਹਿੰਦੇ ਹਾਂ ਉਥੇ ਧਾਰਮਿਕ ਹਸਤੀ ਆ ਜਾਇਆ ਕਰਦੀ ਹੈ। ਉਥੇ ਸੰਸਾਰੀ ਹਸਤੀ ਨਹੀਂ ਆਉਂਦੀ। ਉਹ ਵਾਹਿਗੁਰੂ ਨੂੰ ਮਿਲਾਉਣ ਵਿੱਚ ਸਮਰੱਥ ਹੋਇਆ ਕਰਦੀ ਹੈ। ਉਹਦੀਆਂ ਕਿਸਮਾਂ ਹੋਇਆ ਕਰਦੀਆਂ ਨੇ। ਇੱਕ ਤਾਂ ਕੱਚਾ ਗੁਰੂ ਹੁੰਦਾ, ਇੱਕ ਅੰਨ੍ਹਾਂ ਗੁਰੂ ਹੁੰਦਾ ਹੈ; ਆਪ ਨੂੰ ਵੀ ਕੁਛ ਨਹੀਂ ਪਤਾ ਮਗਰ ਲੱਗਿਆਂ ਨੂੰ ਵੀ ਕੁਛ ਨਹੀਂ ਦਸ ਸਕਦਾ। ਗਲਤ ਗੱਲ ਵਿੱਚ ਪਾ ਦਿੰਦਾ ਹੈ। ਆਪ ਵੀ ਡੁੱਬਦਾ ਹੈ ਤੇ ਚੇਲਿਆਂ ਨੂੰ ਵੀ ਡੋਬ ਦਿੰਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਫਿਰੋਜ਼ਪੁਰ ਗਏ ਹੋਏ ਨੇ, ਅੱਜ ਆਪ ਬਾਹਰ ਆਏ ਹੋਏ ਨੇ ਘੋੜਿਆਂ 'ਤੇ ਚੜ੍ਹ ਕੇ। ਇੱਕ ਥਾਂ ਖੜ੍ਹੇ ਨੇ ਜੰਗਲ ਦੇ ਕੰਢੇ ਤਾਂ ਸਰਕੜੇ ਦੇ ਵਿੱਚ ਬੜਾ ਖੜਕਾ ਹੋਇਆ। ਗੁਰਸਿੱਖਾਂ ਨੇ ਕਿਹਾ ਕਿ ਪਾਤਸ਼ਾਹ! ਕੋਈ ਖੜਕਾ ਹੋ ਰਿਹਾ ਹੈ, ਪਤਾ ਨਹੀਂ ਜਿਵੇਂ ਸਾਂਢ ਭਿੜਦੇ ਹੁੰਦੇ ਨੇ ਦੋ। ਐਉਂ ਸਰਕੜਾ ਟੁੱਟ ਰਿਹਾ ਹੈ, ਜੈੜ-ਜੈੜ ਹੋ ਰਹੀ ਹੈ। ਮਹਾਰਾਜ ਕਹਿੰਦੇ ਕੁਛ ਨਹੀਂ ਹੈ, ਇੱਕ ਸਰਾਲ ਆਪਣੇ ਵਲ ਨੂੰ ਤੁਰੀ ਆ ਰਹੀ ਹੈ। ਕਹਿਣ ਲੱਗੇ, ਕਿ ਮਹਾਰਾਜ ਜੀ! ਉਹਨੂੰ ਮਾਰ ਦੇਈਏ? ਆਪ ਨੇ ਕਿਹਾ ਕਿ ਮਾਰਨੀ ਨਹੀਂ, ਸਾਡੇ ਤਕ ਆ ਜਾਣ ਦਿਓ, ਬਹੁਤ ਦੁਖੀ ਹੈ। ਜਿੱਥੇ ਸਤਿਗੁਰੂ ਬੰਦਿਆਂ ਦਾ ਉਧਾਰ ਕਰਦੇ ਸੀ, ਉਥੇ ਜੀਵ ਜੰਤੂਆਂ ਦਾ ਵੀ ਉਧਰ ਕਰਦੇ ਸੀ, ਘੋੜਿਆਂ ਦਾ ਪਸ਼ੂਆਂ ਦਾ ਵੀ ਉਧਾਰ ਕਰਦੇ ਸੀ। ਸੋ ਉਹ ਸਰਾਲ ਬਹੁਤ

ਭਾਰੀ। ਉਹ ਗੁਰੂ ਮਹਾਰਾਜ ਜੀ ਵਲ ਨੂੰ ਹੌਲੀ-ਹੌਲੀ ਵਧ ਰਹੀ ਹੈ। ਬੜੀ ਵੱਡੀ ਉਮਰ ਦੇ ਸੱਪ ਜਿਹੜੇ ਹੁੰਦੇ ਨੇ, ਸਰਾਲ ਕਿਸਮ ਦੇ ਵੱਡੇ-ਵੱਡੇ ਕਦ ਧਾਰਨ ਕਰ ਜਾਂਦੇ ਨੇ।

ਜਦ ਅਸੀਂ ਯੂ.ਪੀ 'ਚ ਗਏ ਹਾਂ, ਜਾ ਕੇ ਜੰਗਲ ਪੁੱਟਣ ਲੱਗੇ, ਸਾਡੇ ਹੀ ਫਾਰਮ ਵਿੱਚ ੨੨-੨੨ ਫੁੱਟ ਲੰਮੇ, ਡੇਢ-ਡੇਢ ਫੁੱਟ ਚੌੜੇ ਸੱਪ ਸੀਗੇ। ਟਰੈਕਟਰ ਜੇ ਉਤੇ ਚੜ੍ਹ ਜਾਏ ਉਹਨੂੰ ਐਉਂ ਹਿਲਾ ਦਿੰਦੇ ਸੀ ਜਿਵੇਂ ਖਿਡਾਉਣਾ ਹਿਲਾਉਂਦਾ ਹੈ ਬੱਚੇ ਨੂੰ। ਬੇਅੰਤ ਤਾਕਤ ਵਾਲੇ। ਇਸ ਤੋਂ ਵੱਡੀਆਂ ਸਰਾਲਾਂ ਹੁੰਦੀਆਂ ਨੇ, ੪●-੪●, ੫●-੫● ਫੁੱਟ ਲੰਮੀਆਂ, ਦੋ-ਦੋ ਢਾਈ-ਢਾਈ ਫੁੱਟ ਚੌੜੀਆਂ। ਸਾਬਤ ਹੀ ਨੰਗਾਰ ਜਾਂਦੀਆਂ ਨੂੰ ਵੱਡੀਆਂ-ਵੱਡੀਆਂ ਗਾਵਾਂ ਵਗੈਰਾ ਨੂੰ। ਐਸੀ ਮਹਾਰਾਜ ਜੀ ਦੇ ਨੇੜੇ ਨੇ ਜਦ ਆਈ, ਮਹਾਰਾਜ ਜੀ ਨੇ ਚਰਨ ਛੁਹਾ ਦਿੱਤਾ ਉਹਦੇ ਸਿਰ ਦੇ ਨਾਲ, ਉਸੇ ਵੇਲੇ ਉਹਦੇ ਪ੍ਰਾਣ ਛੁਟ ਜਾਂਦੇ ਨੇ ਤੇ ਉਹਦੇ ਵਿੱਚੋਂ ਇੱਕ ਦਿਬਯ ਦੇਹ, ਸੂਖਸ਼ਮ ਸਰੀਰ ਮਨੁੱਖ ਜਾਮੇ ਦਾ ਸਾਮ੍ਹਣੇ ਨਜ਼ਰ ਆਉਣ ਲਗ ਗਿਆ ਤੇ ਮਹਾਰਾਜ ਜੀ ਅੱਗੇ ਬੇਨਤੀਆਂ ਕਰਦਾ ਹੈ, ਧੰਨਵਾਦ ਕਰਦਾ ਹੈ। ਸਿੱਖਾਂ ਨੇ ਕਿਹਾ ਪਾਤਸ਼ਾਹ! ਇਹ ਕੌਣ ਹੈ? ਕਹਿੰਦੇ ਤੁਸੀਂ ਪੁੱਛ ਲਓ? ਪੁੱਛਿਆ ਤੂੰ ਕੌਣ ਹੈਂ ਭਾਈ? ਉਹ ਕਹਿਣ ਲੱਗਿਆ ਮੈਂ ਕੱਚਾ ਗੁਰੂ ਹਾਂ, ਅੰਨ੍ਹਾ ਗੁਰੂ, ਮੇਰੇ ਇਸ ਇਲਾਕੇ ਦੇ ਅੰਦਰ ਬੇਅੰਤ ਚੇਲੇ ਸੀ, ਸਾਰਾ ਇਲਾਕਾ ਮੈਨੂੰ ਗੁਰੂ ਕਰਕੇ ਮੰਨਦਾ ਸੀ ਤੇ ਮੈਂ ਉਨ੍ਹਾਂ ਦਾ ਦਸਵੰਧ ਖਾਂਦਾ ਸੀ, ਆਪਣੀ ਐਸ਼ਾਂ ਕਰਦਾ ਹੈ। ਉਪਦੇਸ਼ ਲੋਕਾਂ ਨੂੰ ਥੋੜ੍ਹਾ ਬਹੁਤਾ ਦਿੰਦਾ ਸੀ, ਮੈਂ ਆਪ ਨਹੀਂ ਸੀ ਕਰਦਾ, ਨਾ ਕਦੇ ਨਾਹੁੰਣਾ, ਗਲਤ ਕੰਮ ਆਪ ਕਰ ਲੈਣੇ। ਆਖੀਰ ਮੈਂ ਮਰ ਗਿਆ, ਸੁਰਤ ਮੇਰੀ ਪੈਸੇ 'ਚ ਰਹਿਣ ਕਰਕੇ ਵੱਡਾ ਸੱਪ ਬਣ ਗਿਆ। ਬੜੀ ਦੇਰ ਦਾ ਬਣਿਆ ਹੋਇਆ ਦੁਖੀ ਹੋ ਰਿਹਾ ਹਾਂ ਤੇ ਮੇਰੇ ਚੇਲੇ ਮੇਰਾ ਮਾਸ ਵੱਢ-ਵੱਢ ਕੇ ਖਾ ਰਹੇ ਨੇ ਤੇ ਮੈਂ ਕੱਚਾ ਗੁਰੂ ਹਾਂ। ਕ੍ਰਿਪਾ ਕਰੋ ਮਹਾਰਾਜ, ਜਿਥੇ ਮੇਰਾ ਉਧਾਰ ਕਰਿਆ ਹੈ, ਮੇਰੇ ਚੇਲਿਆਂ ਦਾ ਵੀ ਕਰ ਦਿਓ। ਮਹਾਰਾਜ ਜੀ ਨੇ ਛਿੱਟਾ ਮਰਵਾ ਦਿੱਤਾ, ਜਿਵੇਂ ਕੱਕੜੀ ਪਾਟਦੀ ਹੈ ਤੇ ਵਿੱਚ ਬੀਜ ਪਏ ਹੁੰਦੇ ਨੇ, ਐਉਂ ਬੜੇ ਹੀ ਕਿਰਮ (ਕੀੜੇ) ਪਏ ਹੋਏ ਨੇ ਉਹਦੇ 'ਚ, ਵੱਡੇ-ਵੱਡੇ ਸੁੰਡ; ਕੁਰਬਲ-ਕੁਰਬਲ ਕਰਦੇ ਫਿਰਦੇ ਨੇ। ਮਹਾਰਾਜ ਕਹਿੰਦੇ ਨੇ ਦੇਖੋ, ਪ੍ਰੇਮੀਓ! ਕਿੰਨਿਆਂ ਦਾ ਜਨਮ ਇਸਨੇ ਬਰਬਾਦ ਕਰਿਆ। ਅੰਨ੍ਹੇ ਗੁਰੂ ਨੇ ਕੱਚੇ ਗੁਰੂ ਨੇ। ਇਹ ਅੰਨ੍ਹੇ ਤੇ ਕੱਚੇ ਗੁਰੂ ਹੋਇਆ ਕਰਦੇ ਨੇ। ਬੇਅੰਤ ਐਸੇ ਹੁੰਦੇ ਨੇ, ਕਿਉਂਕਿ ਪੈਸੇ ਦਾ ਲਾਲਚ ਕੋਈ ਨਹੀਂ ਛਡਦਾ, ਚੇਲੇ ਥੋੜ੍ਹੇ ਹੁੰਦੇ ਨੇ, ਗੁਰੂ ਬਹੁਤੇ ਹੁੰਦੇ ਨੇ।

ਤੀਸਰਾ ਵਿਦਵਾਨ ਗੁਰੂ ਹੁੰਦਾ ਹੈ, ਚੌਥਾ ਅਵਧੂਤ ਗੁਰੂ ਹੁੰਦਾ ਹੈ, ਪੰਜਵਾਂ ਸਮਰੱਥ ਗੁਰੂ ਹੁੰਦਾ ਹੈ। ਸਮਰੱਥ ਗੁਰੂ ਦੇ ਹੱਥ ਵਿੱਚ ਹੁੰਦਾ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਜਿਹੜਾ ਇਸ ਸਰੀਰ ਦੇ ਵਿੱਚ ਵਾਹਿਗੁਰੂ ਦਾ ਘਰ ਦਿਖਾ ਦੇਵੇ, ਉਹ ਕਹਿੰਦੇ ਸਤਿਗੁਰੂ ਹੋਇਆ ਕਰਦਾ ਹੈ -

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧***

ਉਥੇ ਆਤਮਕ ਸ਼ਬਦਾਂ ਦੀ ਧੁਨਕਾਰ ਸੁਣਾਈ ਦਿੰਦੀ ਹੈ।

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ***
***ਸਾਚਿ ਤਖਤਿ ਸੁਲਤਾਨੁ ॥***
***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥***
***ਅਕਥ ਕਥਾ ਬੀਚਾਰੀਐ***
***ਮਨਸਾ ਮਨਹਿ ਸਮਾਇ ॥***
***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥***
***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ ॥***
***ਸਭਿ ਸਖੀਆ ਪੰਚੇ ਮਿਲੇ***
***ਗੁਰਮੁਖਿ ਨਿਜ ਘਰਿ ਵਾਸੁ ॥***
***ਸਬਦੁ ਖੋਜਿ ਇਹੁ ਘਰੁ ਲਹੈ***
***ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧***

ਸ਼ਬਦ ਖੋਜ ਕੇ ਜੋ ਉਸ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਇਹ ਅੰਦਰਲਾ ਘਰ ਦਿਖਾ ਦਿੰਦਾ ਹੈ ਜਿਹਨੂੰ ਮਿਲ ਜਾਏ, ਮਹਾਰਾਜ ਕਹਿੰਦੇ ਅਸੀਂ ਦਾਸ ਹਾਂ ਉਹਦੇ। ਸੋ ਐਸਾ ਸਤਿਗੁਰੂ ਜਿਹੜਾ ਹੁੰਦਾ ਹੈ, ਉਹ ਸਮਰੱਥ ਹੋਇਆ ਕਰਦਾ ਜਿਸਦੇ ਬਾਰੇ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ -

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***
***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ***
***ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ ੩੪/੧***

ਗੁਰੂ ਦੀਆਂ ਨਿਸ਼ਾਨੀਆਂ ਏਸ ਪਉੜੀ ਦੇ ਅੰਦਰ ਭਾਈ ਗੁਰਦਾਸ ਜੀ ਨੇ ਬੜੀ ਸਾਦੀ ਜ਼ੁਬਾਨ ਦੇ ਅੰਦਰ ਜੋ ਸਾਡੀ ਸਮਝ ਵਿੱਚ ਆ ਜਾਵੇ ਉਹ ਦੱਸੀਆਂ ਨੇ। ਪਹਿਲਾਂ ਜੋ ਮੈਂ ਬੇਨਤੀ ਕਰੀ ਸੀ ਉਹ ਸ਼ਬਦ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਇਹਦੇ ਵਿੱਚ ਆਪ ਫੁਰਮਾਨ ਕਰਦੇ ਨੇ ਕਿ ਜੋ ਸਤਿਗੁਰੂ ਹੋਇਆ ਕਰਦਾ ਹੈ ਉਹਦੀ ਕੋਈ ਕ੍ਰਿਆ ਸਮਝ 'ਚ ਨਹੀਂ ਆਉਂਦੀ, ਉਹ ਅਗੰਮ ਹੁੰਦਾ ਹੈ, ਅਗੋਚਰ ਹੁੰਦਾ ਹੈ, ਨਿਰਵੈਰ

ਹੁੰਦਾ ਹੈ, ਨਿਰਾਲਾ ਹੁੰਦਾ ਹੈ। ਚਾਰ ਚੀਜ਼ਾਂ ਭਾਈ ਗੁਰਦਾਸ ਜੀ ਨੇ ਕਹੀਆਂ ਨੇ। ਪੰਜਵੀਂ ਕਹੀ ਕਿ ਉਹਦੇ ਕੋਲ ਧਰਮ ਹੀ ਧਰਮ ਹੁੰਦਾ ਹੈ ਜਿਹੋ ਜਿਹਾ ਬੀਜ ਲਓ ਓਹੋ ਜਿਹਾ ਹੀ ਵੱਢਣਾ ਪੈਂਦਾ ਹੈ। ਆਰਸੀ ਵਰਗਾ ਹੁੰਦਾ ਹੈ ਗੁਰੂ। ਜਿੰਨੀ ਕੁ ਸ਼ਰਧਾ ਕਰ ਲਓ, ਓਨਾਂ ਕੁ ਫਲ ਉਸ ਤੋਂ ਮਿਲੀ ਜਾਂਦਾ ਹੈ। ਨਾ ਸ਼ਰਧਾ ਕਰੋ ਨਹੀਂ ਮਿਲਦਾ। ਕੁਝ ਵੀ ਸ਼ਰਧਾ ਨਾ ਕਰੋ, ਕੁਛ ਵੀ ਨਹੀਂ ਆਉਂਦਾ। ਸ਼ਰਧਾ ਵੱਡੀ ਤੋਂ ਵੱਡੀ ਕਰ ਲਓ, ਵੱਡੇ ਤੋਂ ਵੱਡਾ ਫਲ ਪ੍ਰਾਪਤ ਹੋ ਜਾਂਦਾ ਹੈ। ਜਿਹੋ ਜਿਹਾ ਦੇਖੋਂਗੇ ਓਹੋ ਜਿਹਾ ਹੀ ਨਜ਼ਰ ਆਉਂਦਾ ਹੈ। ਜਿਨ੍ਹਾਂ ਨੇ ਵਾਹਿਗੁਰੂ ਕਰਕੇ ਦੇਖਿਆ, ਉਨ੍ਹਾਂ ਨੂੰ ਵਾਹਿਗੁਰੂ ਨਜ਼ਰ ਆਉਂਦਾ ਹੈ, ਜਿਨ੍ਹਾਂ ਨੇ ਬ੍ਰਹਮਗਿਆਨੀ ਕਰਕੇ ਦੇਖਿਆ ਉਨ੍ਹਾਂ ਨੂੰ ਬ੍ਰਹਮਗਿਆਨੀ ਕਰਕੇ ਨਜ਼ਰ ਆਉਂਦਾ ਹੈ। ਜਿਨ੍ਹਾਂ ਨੇ ਸੰਤ ਕਰਕੇ ਦੇਖਿਆ ਹੈ ਉਨ੍ਹਾਂ ਨੂੰ ਸੰਤ ਨਜ਼ਰ ਆਉਂਦਾ ਹੈ, ਜਿਨ੍ਹਾਂ ਨੇ ਮਨੁੱਖ ਕਰਕੇ ਦੇਖਿਆ ਹੈ ਉਨ੍ਹਾਂ ਨੂੰ ਮਨੁੱਖ ਨਜ਼ਰ ਆਉਂਦਾ ਹੈ। ਜੇ ਬਾਬਾ ਕਾਲੂ ਦੀ ਦ੍ਰਿਸ਼ਟੀ ਰੱਖੀ ਉਹਨੂੰ ਪੁੱਤਰ ਹੀ ਨਜ਼ਰ ਆਉਂਦਾ ਹੈ, ਕਮਾਊ ਪੁੱਤਰ ਨਹੀਂ, ਗਵਾਊ ਪੁੱਤਰ ਨਜ਼ਰ ਆਉਂਦਾ ਹੈ। ਸਮਾਜ ਨੂੰ ਉਹ ਕਮਲੇ ਨਜ਼ਰ ਆਉਂਦੇ ਸੀ -

***ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥***
***ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥***

***ਅੰਗ - ੯੯੧***

ਬੇਤਾਲਾ ਵੀ ਕਹਿੰਦੇ ਸੀ, ਗਲਤ ਗੱਲਾਂ ਵੀ ਕਹਿੰਦੇ ਸੀ। ਕੁਰਾਹੀਆ ਵੀ ਕਹਿੰਦੇ ਸੀ। ਜਿਹੋ ਜਿਹਾ ਹੀ ਕੋਈ ਦੇਖਣਾ ਚਾਹੁੰਦਾ ਹੈ ਓਹੋ ਜਿਹਾ ਹੀ ਨਜ਼ਰ ਆਉਂਦਾ ਹੈ। ਇਹ ਗੁਰੂ ਸਮਰੱਥ ਹੋਇਆ ਕਰਦਾ ਹੈ। ਨਿਰਵੈਰ ਹੁੰਦਾ ਹੈ, ਵੈਰ ਨਹੀਂ ਕਰਦਾ ਗੁਰੂ ਕਿਸੇ ਨਾਲ। ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਫੇਰ ਵੀ ਵੈਰ ਨਹੀਂ ਕਰਦਾ। ਬੇਇਜ਼ਤੀ ਸਹਿ ਲੈਂਦਾ ਹੈ, ਖੇਦ ਸਹਿ ਲੈਂਦਾ ਹੈ, ਗੁਰੂ ਪੰਜਵੇਂ ਪਾਤਸ਼ਾਹ ਨੇ ਕਿੰਨੀ ਤਕਲੀਫ ਸਰੀਰ 'ਤੇ ਸਹੀ। ਜਦੋਂ ਆਪ ਅੱਗ ਵਰਗੀ ਲਾਲ ਹੋਈ-ਹੋਈ ਤਵੀ 'ਤੇ ਬੈਠਣ ਲੱਗੇ, ਓਸ ਵੇਲੇ ਭਾਈ ਜੇਠਾ, ਭਾਈ ਪ੍ਰਾਣਾ ਇਹ ਪੰਜ ਗੁਰਸਿੱਖ ਸਾਮ੍ਹਣੇ ਹੀ ਕੈਦ ਸੀਗੇ, ਜਿਥੋਂ ਸਾਰਾ ਕੁਛ ਨਜ਼ਰ ਆਉਂਦਾ ਸੀ। ਉਸ ਵੇਲੇ ਭਾਈ ਪ੍ਰਾਣੇ ਨੇ ਜ਼ੋਰ ਦੀ ਆਵਾਜ਼ ਦਿੱਤੀ ਮਹਾਰਾਜ! ਨਾਲ ਬਾਹਾਂ ਉਪਰ ਨੂੰ ਕਰ ਲਈਆਂ, ਮਹਾਰਾਜ ਜੀ ਨੇ ਉੱਥੋਂ ਹੀ ਆਵਾਜ਼ ਦਿੱਤੀ, ਠਹਿਰ ਜਾ। ਗੱਲ ਕਿਸੇ ਦੇ ਸਮਝ ਵਿੱਚ ਨਾ ਪਈ ਕਿ ਉਹਨੇ ਆਵਾਜ਼ ਦਿੱਤੀ ਹੈ, ਗੁਰੂ ਮਹਾਰਾਜ ਜੀ ਕਹਿੰਦੇ ਠਹਿਰ ਜਾ। ਅੰਦਰਲੀਆਂ ਅੰਦਰ ਗੱਲਾਂ ਜਾਣਦੇ ਸੀ, ਨਾਲ ਮਹਾਰਾਜ ਜੀ ਨੇ ਕਿਹਾ ਕਿ ਓ ਗੁਰਮੁਖਾ! ਕਿੱਥੋਂ ਲਈਆਂ ਨੇ ਇਹ ਚੀਜ਼ਾਂ? ਕਹਿੰਦਾ ਆਪ ਦੇ ਚਰਨਾਂ 'ਚੋਂ। ਫੇਰ ਕੀ ਅਸੀਂ ਨਹੀਂ ਇਹ ਸਭ ਕਰ ਸਕਦੇ? ਕਹਿੰਦਾ ਕੀ ਸੀ? ਕਹਿੰਦਾ ਸੀ ਕਿ ਮਹਾਰਾਜ! ਤੱਤੀ ਤਵੀ 'ਤੇ ਨਾ ਬੈਠੋ, ਤਾੜੀ ਮਾਰ ਦੇਵਾਂ ਮੈਂ ਜੇ, ਤਾੜੀ ਮਾਰਨ ਦੇ ਨਾਲ ਲਾਹੌਰ ਵੀ ਗਰਕ ਤੇ ਦਿੱਲੀ ਵੀ ਗਰਕ। ਉਹ ਕਹਿੰਦੇ ਇਹ ਤਾਂ ਸੇਵਾ ਸੰਗਤਾਂ ਦੀ ਕਰਕੇ, ਗੁਰੂ ਦੀ ਸੇਵਾ ਕਰਕੇ ਤੈਨੂੰ ਪ੍ਰਾਪਤ ਹੋਈ ਹੈ, ਗੁਰੂ ਕੋਲ ਫੇਰ ਕਿੰਨੀ ਸ਼ਕਤੀ ਹੋਏਗੀ। ਪਰ ਗੁਰੂ ਨਿਰਵੈਰ ਸੀ ਨਾਲ ਨਿਰਾਲਾ ਸੀ, ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, ਫੇਰ ਨਿਰਵੈਰ ਹੋ ਜਾਣਾ। ਵੈਰ ਕਰਦਾ ਹੈ ਕਮਜ਼ੋਰ ਬੰਦੇ ਨਾਲ, ਉਹਦਾ ਵਸ ਨਹੀਂ ਚਲਦਾ, ਉਹ ਨਿਰਵੈਰ ਨਹੀਂ ਹੋਇਆ ਕਰਦਾ। ਜੇ ਉਹ ਕਹਿ ਦੇਵੇ ਕਿ ਆਪਾਂ ਕੀ ਲੈਣਾ ਹੈ, ਉਹਦਾ ਤਾਂ ਵਸ ਹੀ ਨਹੀਂ ਚਲਦਾ। ਜੇ ਕੋਈ ਜ਼ੋਰ ਵਾਲਾ ਤਾਕਤ ਵਾਲਾ ਕਹੇ ਕਿ ਛੱਡੋ ਆਪਾਂ ਕੀ ਲੈਣਾ ਹੈ, ਉਹ ਨਿਰਵੈਰ ਹੋ ਸਕਦਾ ਹੈ।

ਗੁਰੂ ਦੂਸਰੇ ਪਾਤਸ਼ਾਹ ਮਹਾਰਾਜ ਖਡੂਰ ਦੇ ਅੰਦਰ ਸੰਗਤਾਂ ਨੂੰ ਤਾਰ ਰਹੇ ਨੇ, ਗਰਮੀਆਂ ਦਾ ਮਹੀਨਾ ਆ ਗਿਆ। ਇੱਕ ਮੀਂਹ ਪੈ ਗਿਆ, ਚਰੀਆਂ, ਮੱਕੀਆਂ ਬੀਜ ਦਿੱਤੀਆਂ, ਬਾਅਦ ਵਿੱਚ ਹੋਰ ਛਰਾਟਾ ਪੈ ਗਿਆ, ਜਿਸ ਵਕਤ ਵੱਡੀਆਂ ਹੋਈਆਂ, ਉਸ ਵੇਲੇ ਬਾਰਿਸ਼ ਨਾ ਹੋਈ ਮਹੀਨਾ ਭਰ, ਸੁੱਕ ਗਿਆ ਸਭ ਕੁਝ, ਫੂਸ ਬਣ ਗਿਆ, ਗਿਰਨ ਲੱਗੀਆਂ ਮੱਕੀ ਵੀ ਤੇ ਚਰ੍ਹੀ ਵੀ। ਉਸ ਵੇਲੇ ਫਿਕਰ ਪਿਆ ਕਿ ਕੋਈ ਉਪਾਅ ਕਰੀਏ। ਸਾਰੇ ਪਿੰਡ ਦੇ ਜੱਟ ਖਹਿਰੇ ਗੋਤ ਦੇ, ਓਸ ਵੇਲੇ ਉਥੇ ਇੱਕ ਜੋਗੀ ਰਹਿੰਦਾ ਸੀ। ਉਹਦੇ ਪਾਸ ਜਾਂਦੇ ਨੇ, ਤਪਾ ਸੀ ਉਹ, ਉਹਨੂੰ ਜਾ ਕੇ ਕਹਿਣ ਲੱਗੇ ਮਹਾਰਾਜ ਅਸੀਂ ਤੁਹਾਨੂੰ ਗੁਰੂ ਮੰਨਦੇ ਹਾਂ। ਦੁੱਧ ਵੀ ਅਸੀਂ ਲਿਆ ਕੇ ਦਿੰਦੇ ਹਾਂ, ਦਾਣੇ ਵੀ ਅਸੀਂ ਪਿੱਛੋਂ ਘਰ ਲਿਆਂਦੇ ਹਾਂ। ਪਹਿਲਾਂ ਤੁਹਾਡਾ ਹਿੱਸਾ ਕੱਢ ਲੈਂਦੇ ਹਾਂ। ਕਪਾਹ ਵੀ ਅਸੀਂ ਚੁੱਗ ਕੇ ਪਹਿਲੀ ਵਾਰੀ ਲਿਆਉਂਦੇ ਹਾਂ, ਗੰਨੇ ਚੂਪਣ ਤੋਂ ਪਹਿਲਾਂ ਤੁਹਾਡੇ ਡੇਰੇ ਲਿਆਉਂਦੇ ਹਾਂ। ਹੁਣ ਕ੍ਰਿਪਾ ਕਰੋ, ਮੀਂਹ ਨਹੀਂ ਪੈ ਰਿਹਾ, ਬੜੇ ਦੁਖੀ ਹੋ ਗਏ ਤੇ ਮੀਂਹ ਪੁਆਓ।

ਉਹ ਕਹਿਣ ਲੱਗਿਆ, ਲੈ ਇਹ ਕੋਈ ਗੱਲ ਹੈ ਮੀਂਹ ਤਾਂ ਹੁਣੇ ਹੀ ਪੈ ਜਾਂਦਾ ਹੈ। ਸਾਰੇ ਖੁਸ਼ ਹੋ ਗਏ। ਪਰ ਬਈ ਐਉਂ ਕਰੋ, ਤੁਸੀਂ ਏਥੇ ਜਿਹੜਾ ਖੱਤਰੀ ਰਹਿੰਦਾ ਹੈ ਨਾ ਗੁਰੂ ਅੰਗਦ ਨਾਮ ਦਾ, ਲਹਿਣਾ ਜਿਹਦਾ ਨਾਉਂ ਸੀ। ਉਹਦੇ ਕੋਲ ਵੀ ਜਾਂਦੇ ਓਂ ਤੁਹਾਡੇ ਵਿੱਚੋਂ ਕੋਈ-ਕੋਈ, ਟਾਂਵੇਂ-ਟਾਵੇਂ ਬੰਦੇ। ਉਹ ਨਹੀਂ ਮੀਂਹ ਪੈਣ ਦਿੰਦਾ, ਪਹਿਲਾਂ ਉਹਨੂੰ ਕਹੋ, ਮੀਂਹ ਪਾਵੇ, ਕਹਿੰਦਾ ਤੁਹਾਡੇ ਪਾਪ ਵੱਧ ਗਏ ਬਹੁਤੇ। ਤੁਸੀਂ ਗ੍ਰਿਹਸਤੀ ਨੂੰ ਪੂਜਣ ਲੱਗ ਗਏ, ਗੁਰੂ ਬਣਾ ਲਿਆ ਤੇ ਉਹਦਾ ਪਾਪ ਲਗ ਗਿਆ, ਸਾਰੇ ਇਲਾਕੇ 'ਚ ਮੀਂਹ ਨਹੀਂ ਪੈਂਦਾ। ਕਿੱਡਾ ਵੱਡਾ ਵੈਰ ਕਰ ਰਿਹਾ ਹੈ। ਸਾਰੇ ਕਹਿਣ ਲੱਗੇ ਕਿ ਮੀਂਹ ਦੀ ਲੋੜ ਸੀ ਕਿ ਠੀਕ ਹੈ। ਕਹਿੰਦਾ, ਪੂਜਾ ਕਰਾਉਣ ਦਾ ਹੱਕ ਸਾਡਾ ਹੁੰਦਾ ਹੈ ਜਿਹੜੇ ਵਿਆਹ ਨਹੀਂ ਕਰਾਉਂਦੇ, ਜਿਹੜੇ ਵਿਆਹ ਕਰਾਉਂਦੇ ਨੇ ਉਨ੍ਹਾਂ ਦਾ ਕੀ ਹੱਕ ਹੈ ਕਿ ਮੱਥੇ ਟਿਕਾਉਣਾ। ਉਹ ਪਾਪ ਹੋ ਰਿਹਾ ਹੈ, ਪਾਪ ਦਾ ਫਲ ਤੁਹਾਨੂੰ ਸਜ਼ਾ ਮਿਲ ਰਹੀ ਹੈ। ਜਾਓ ਗੁਰੂ ਅੰਗਦ ਨੂੰ ਕਹੋ ਪਹਿਲਾਂ ਮੀਂਹ ਪੁਆਵੇ। ਜੇ ਪੁਆਉਂਦਾ ਹੈ ਤਾਂ ਠੀਕ ਹੈ, ਨਹੀਂ ਫੇਰ ਮੇਰੇ ਕੋਲ ਆ ਜਾਣਾ ਤੇ ਨਾਲ ਇੱਕ ਗੱਲ ਹੋਰ ਕਹੀ ਕਿ ਉਹਨੂੰ ਐਉਂ ਕਹਿ ਦਿਓ ਕਿ ਪਿੰਡ ਛੱਡ ਜਾ ਫੇਰ। ਫੇਰ ਤੇਰੇ ਗਏ 'ਤੇ ਮੀਂਹ ਪੈਣਾ ਹੈ। ਸਾਰਿਆਂ ਨੇ ਕਿਹਾ ਕਿ ਲੈ ਇਹ ਤਾਂ ਮਾਮੂਲੀ ਗੱਲ ਹੈ ਜੇ ਤਾਂ ਪੁਆਉਣਗੇ ਤਾਂ ਪੁਆਉਣਗੇ, ਨਹੀਂ ਤਾਂ ਉਨ੍ਹਾਂ ਨੂੰ ਫੇਰ ਪਿੰਡੋਂ ਕੱਢ ਦੇਵਾਂਗੇ।

ਗੁਰੂ ਅੰਗਦ ਪਾਤਸ਼ਾਹ ਦੇ ਪਾਸ ਜਾਂਦੇ ਨੇ, ਜਾ ਕੇ ਕਹਿਣ ਲੱਗੇ, ਗੁਰੂ ਜੀ ਫਸਲਾਂ ਸੁੱਕ ਗਈਆਂ, ਪਸ਼ੂਆਂ ਨੂੰ ਪਾਉਣ ਨੂੰ ਚਾਰਾ

ਨਹੀਂ ਰਿਹਾ ਤੇ ਦੁੱਧ ਵੀ ਖਤਮ ਹੁੰਦਾ ਜਾ ਰਿਹਾ ਹੈ। ਕਾਲ ਪੈ ਗਿਆ, ਅਸੀਂ ਤੁਹਾਨੂੰ ਮੰਨਦੇ ਹਾਂ ਗੁਰੂ ਕਰਕੇ। ਦੁਨੀਆਂ ਆਉਂਦੀ ਹੈ ਗੁਰੂ ਕਰਕੇ ਮੰਨਦੀ ਹੈ। ਤੁਸੀਂ ਮੱਥੇ ਟਿਕਾਉਂਦੇ ਓਂ ਤੇ ਹੁਣ ਮੀਂਹ ਪੁਆਓ। ਮਹਾਰਾਜ ਕਹਿੰਦੇ, ਪ੍ਰੇਮੀਓਂ! ਮੀਂਹ ਪੁਆਉਣਾ, ਨਾ ਪੁਆਉਣਾ ਵਾਹਿਗੁਰੂ ਦੇ ਵਸ ਵਿੱਚ ਹੋਇਆ ਕਰਦਾ ਹੈ। ਕਹਿੰਦੇ ਇਹ ਗੱਲ ਨਹੀਂ ਮਹਾਰਾਜ! ਮੀਂਹ ਤਾਂ ਤੁਹਾਨੂੰ ਪੁਆਉਣਾ ਹੀ ਪੈਣਾ ਹੈ, ਅਸੀਂ ਫੇਰ ਤੁਹਾਨੂੰ ਮੰਨਦੇ ਕਿਉਂ ਹਾਂ। ਮਹਾਰਾਜ ਕਹਿੰਦੇ, ਭਾਈ ਪ੍ਰੇਮੀਓਂ! ਮੀਂਹ ਤਾਂ ਵਾਹਿਗੁਰੂ ਹੀ ਪੁਆਉਂਦਾ ਹੈ। ਕਹਿੰਦੇ ਜੇ ਨਹੀਂ ਪੁਆਉਣਾ ਤਾਂ ਫੇਰ ਸਾਡਾ ਪਿੰਡ ਛੱਡ ਜਾਓ। ਮਹਾਰਾਜ ਜੀ ਨੇ ਸੁਣ ਕੇ ਦੇਖਿਆ ਕਿ ਕਿੰਨੇ ਗੁਸਤਾਖ ਨੇ ਬੰਦੇ। ਕਿੰਨੇ ਮੂਰਖ ਨੇ ਇਨ੍ਹਾਂ ਨੂੰ ਪਤਾ ਹੀ ਨਹੀਂ ਕਿਸੇ ਗੱਲ ਦਾ। ਇੱਕ ਪਾਸੇ ਤਾਂ–

***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ ॥ ਅੰਗ - ੭੫੦***

ਜਿਹਦੇ ਦਰ 'ਤੇ ਦੇਵਤੇ ਆ ਕੇ ਸਫਾਈਆਂ ਕਰਦੇ ਨੇ, ਦੇਵੀਆਂ ਆ ਕੇ ਝਾੜੂ ਦਿੰਦੀਆਂ ਨੇ। ਵੱਡੇ-ਵੱਡੇ ਬਾਦਸ਼ਾਹ ਆ ਕੇ ਕਹਿੰਦੇ ਨੇ ਕਿ ਹੇ ਨਾਨਕ! ਆਪ ਦੁਆ ਕਰੋ, ਬਾਬਰ ਕਹਿੰਦਾ ਹੈ ਆ ਕੇ ਕਿ ਮੇਰਾ ਰਾਜ ਹੋ ਜਾਏ ਭਾਰਤ ਵਰਸ਼ ਵਿੱਚ। ਉਹ ਦਰਵਾਜ਼ਿਆਂ 'ਤੇ ਖੜ੍ਹਦੇ ਨੇ, ਵੱਡੇ-ਵੱਡੇ ਰਾਜੇ ਸਰਬੰਸ ਭੇਟ ਕਰਦੇ ਨੇ। ਇੱਕ ਪਾਸੇ ਉਹ ਨੇ ਜਿਹੜੇ ਕਹਿੰਦੇ ਨੇ ਸਾਡੇ ਪਿੰਡ 'ਚੋਂ ਨਿਕਲ ਜਾਓ ਤੁਸੀਂ। ਮਹਾਰਾਜ ਜੀ ਨੇ ਗੁੱਸਾ ਨਹੀਂ ਕਰਿਆ, ਮੱਤ ਦੇਖ ਲਈ ਕਿ ਮੋਟੀ ਮੱਤ ਦੇ ਮਾਲਕ ਨੇ। ਕਹਿੰਦੇ, ਚੰਗਾ ਪ੍ਰੇਮੀਓਂ! ਜੇ ਸਾਡੇ ਜਾਣ ਨਾਲ ਮੀਂਹ ਪੈ ਜਾਵੇ ਤਾਂ ਫੇਰ ਠੀਕ ਹੈ, ਅਸੀਂ ਚਲੇ ਜਾਂਦੇ ਹਾਂ। ਕਹਿੰਦੇ, ਚਲੇ ਵੀ ਹੁਣੇ ਜਾਓ। ਕਹਿੰਦੇ ਠੀਕ ਹੈ ਹੁਣੇ ਤੁਰ ਪੈਂਦੇ ਹਾਂ। ਉਸੇ ਵੇਲੇ ਮਹਾਰਾਜ ਜੀ ਨੇ ਜੋੜਾ ਪਾਇਆ ਤੇ ਬਾਹਰ ਆ ਗਏ। ਸਾਰੇ ਸਿੱਖ ਹੈਰਾਨ ਹੋ ਗਏ ਕਿ ਆਹ ਕੀ ਹੋ ਗਿਆ। ਕਹਿਣ ਲੱਗੇ, ਮਹਾਰਾਜ! ਕੋਈ ਵਸਤਾਂ ਤਾਂ ਲੈ ਚੱਲੀਏ? ਕਹਿੰਦੇ ਨਾ, ਦਰਵਾਜ਼ੇ ਖੁੱਲ੍ਹੇ ਛੱਡ ਦਿਓ, ਤਾਲਾ ਨਹੀਂ ਲਾਉਣਾ, ਜੋ ਕੁਛ ਹੈ ਇਵੇਂ ਜਿਵੇਂ ਰਹਿਣ ਦਿਓ। ਹੁਣ ਇਹ ਪ੍ਰੇਮੀ ਆਪਾਂ ਨੂੰ ਕਹਿੰਦੇ ਨੇ, ਆਪਾਂ ਚੱਲੀਏ ਇਨ੍ਹਾਂ ਦਾ ਮੀਂਹ ਪੈਣਾ ਚਾਹੀਦਾ ਹੈ। ਜੇ ਸਾਡੇ ਗਿਆਂ 'ਤੇ ਭਲਾ ਹੋ ਜਾਏ ਸੰਸਾਰ ਦਾ, ਅਸੀਂ ਤਾਂ ਭਲਾ ਹੀ ਕਰਨਾ ਹੈ। ਉਸੇ ਵੇਲੇ ਮਹਾਰਾਜ ਤੁਰ ਪੈਂਦੇ ਨੇ। ਦਰਵਾਜ਼ਾ ਖੁਲ੍ਹਾ ਛੱਡ ਦਿੱਤਾ ਗਿਆ ਹੁਕਮ ਦੇ ਮੁਤਾਬਿਕ। ਉਸੇ ਤਰ੍ਹਾਂ ਆਪ ਤੁਰਦੇ-ਤੁਰਦੇ ਜਦੋਂ ਰਜ਼ਾਦੇ ਦੀ ਜੂਹ ਵਿੱਚ ਜਾਂਦੇ ਨੇ, ਉਥੇ ਪ੍ਰੇਮੀਆਂ ਨੂੰ ਪਤਾ ਲੱਗਿਆ, ਅੱਗੇ ਹੋ ਕੇ ਵਾਸਤੇ ਪਾ-ਪਾ ਕੇ ਰੋਕ ਲਿਆ ਕਿ ਮਹਾਰਾਜ! ਇਲਾਕਾ ਛੱਡ ਕੇ ਨਾ ਜਾਓ। ਇਲਾਕਾ ਸੁੰਨ ਹੋ ਜਾਏਗਾ, ਬਹੁਤ ਬੁਰਾ ਹਾਲ ਹੋ ਜਾਏਗਾ। ਕਿਉਂਕਿ, ਧਰਤੀ ਤਾਂ ਵਸਦੀਓ ਸਾਧੂਆਂ ਕਰਕੇ ਹੈ। ਸਾਧੂ ਨਾ ਹੋਣ ਜਗਤ ਵਿੱਚ ਸੰਸਾਰ ਉਸੇ ਵੇਲੇ ਗਰਕ ਹੋ ਜਾਵੇਗਾ। ਧੌਲ ਉਡੀਣਾ ਹੋ ਜਾਂਦਾ ਹੈ ਜਦੋਂ ਸਾਧੂ ਖਤਮ ਹੋ ਜਾਣ। ਫੇਰ ਗੁਰੂ ਪ੍ਰਮੇਸ਼ਰ ਆਇਆ ਕਰਦਾ ਹੈ, ਮੁੜ ਕੇ ਸਾਧੂ ਫੇਰ ਪੈਦਾ ਕਰਿਆ ਕਰਦਾ ਹੈ। ਕਹਿਣ ਲੱਗੇ ਕਿ ਪਾਤਸ਼ਾਹ! ਹੁਣ ਜਾਓ ਨਾ। ਰੋਕ ਲਏ, ਬਾਹਰ ਰੋਹੀ ਦੇ ਅੰਦਰ ਉਥੇ ਹੀ ਦਰਖਤਾਂ ਦੇ ਥੱਲੇ ਮਹਾਰਾਜ ਜੀ ਨੇ ਡੇਰਾ ਲਾ ਲਿਆ। ਦਿਨ ਲੰਘਦੇ ਗਏ, ਜੋਗੀ ਦੇ ਪਾਸ ਚੇਲੇ ਗਏ ਕਿ ਉਹ ਤਾਂ ਕੱਢ ਦਿੱਤੇ ਅਸੀਂ, ਹੁਣ ਤੂੰ ਮੀਂਹ ਪੁਆ। ਕਹਿੰਦਾ, ਹੁਣ ਮੈਂ ਬੱਸ ਦੇਖੋ, ਮੰਤਰ ਕਰ ਰਿਹਾ ਹਾਂ, ਬੱਦਲ ਕਰ ਰਿਹਾ ਹਾਂ, ਮੈਨੂੰ ਦਿਸਦਾ ਹੈ ਬੰਗਾਲ ਤੋਂ ਉੱਠਿਆ ਹੋਇਆ ਹੈ। ਕਹਿੰਦੇ ਕਿੰਨੇ ਦਿਨਾਂ 'ਚ ਆ ਜਾਏਗਾ, ਕਹਿੰਦੇ ਹਵਾ ਦੇਖ ਲਓ ਕਿੰਨੀ ਤੇਜ਼ ਚਲਦੀ ਹੈ, ਜੇ ਸੱਠ ਮੀਲ ਦੀ ਰਫਤਾਰ ਨਾਲ ਚੱਲੀ ਤਾਂ ਹਜ਼ਾਰ ਮੀਲ ਹੈ ਇੱਥੋਂ, ਐਨਾ ਕੁ ਸਮਾਂ ਤਾਂ ਲੱਗ ਹੀ ਜਾਏਗਾ। ਹੈਰਾਨ ਹੋ ਗਏ ਕਿ ਇਹ ਤਾਂ ਕਹਿੰਦਾ ਸੀ ਕਿ ਹੁਣੇ ਹੀ ਪੁਆ ਦੇਵਾਂਗਾ। ਇਹ ਦਿਨ ਗਿਣਨ ਲਗ ਗਿਆ, ਅਖੀਰ ਸੱਤ ਦਿਨ, ਅੱਠ ਦਿਨ ਲੰਘ ਗਏ। ਰੋਜ਼ ਉਥੇ ਬੈਠੇ ਰਹਿੰਦੇ ਨੇ ਕਿ ਬਾਬਾ ਜੀ! ਇਹ ਤਾਂ ਬੱਦਲ ਵੀ ਨਹੀਂ ਹੋਇਆ ਭੋਰਾ ਜਿੰਨਾ ਵੀ? ਪੁਰਾ ਵੀ ਨਹੀਂ ਚੱਲ ਰਿਹਾ ਤੇ ਮੀਂਹ ਤੁਸੀਂ ਕਿਵੇਂ ਪੁਆ ਦਓਗੇ? ਕਹਿੰਦਾ, ਤੁਸੀਂ ਮੀਂਹ ਲੈਣਾ ਹੈ ਕਿ ਹਵਾ ਲੈਣੀ ਹੈ? ਜਿਹੜਾ ਵੀ ਬੋਲਦਾ ਹੈ, ਉਹਨੂੰ ਘੂਰ ਕੇ ਪੈਂਦਾ ਹੈ। ਚੁੱਪ ਕਰ ਜਾਂਦੇ ਨੇ ਸਭ, ਨਾਲ ਕਹਿ ਦਿੰਦਾ ਹੈ ਕਿ ਮੈਂ ਗਰਕ ਕਰ ਦੇਵਾਂਗਾ ਤੁਹਾਨੂੰ? ਸਭ ਪਸ਼ੂ ਵਗੈਰਾ ਮਾਰ ਦਊਂ ਤੁਹਾਡੇ ਜੇ ਮੇਰੇ ਨਾਲ ਗੱਲ ਕਰੀ ਹੈ।

ਓਧਰ ਗੁਰੂ ਮਹਾਰਾਜ ਰਜ਼ਾਦੇ ਪਿੰਡ ਦੀ ਜੂਹ ਦੇ ਵਿੱਚ ਬੈਠੇ ਨੇ, ਛੱਪਰ ਪੈ ਗਏ। ਸੰਗਤਾਂ ਓਥੇ ਜਾਣ ਲਗ ਗਈਆਂ ਤੇ ਬਾਬਾ ਅਮਰਦਾਸ ਜੀ ਗੋਇੰਦਵਾਲ ਸਾਹਿਬ ਗਏ ਨੇ, ਓਥੋਂ ਆਪ ਆਉਂਦੇ ਨੇ, ਓਥੋਂ ਆ ਕੇ ਜਦੋਂ ਖਡੂਰ ਸਾਹਿਬ ਦੇ ਅੰਦਰ ਦਾਖਲ ਹੁੰਦੇ ਨੇ, ਕੋਈ ਚਹਿਲ ਪਹਿਲ ਹੀ ਨਹੀਂ। ਗਹਿਮਾ-ਗਹਮੀ ਨਹੀਂ, ਐਉਂ ਹੋਇਆ-ਹੋਇਆ ਹੈ ਜਿਵੇਂ ਪਿੰਡ ਉਜੜ ਗਿਆ ਹੁੰਦਾ ਹੈ। ਸਿੱਧੇ ਜਦ ਜਿੱਥੇ ਮਹਾਰਾਜ ਜੀ ਸੀ ਉਨ੍ਹਾਂ ਦੇ ਘਰ ਗਏ ਤਾਂ ਕੋਈ ਹੀ ਨਹੀਂ ਹੈਗਾ। ਇੱਕ ਪ੍ਰੇਮੀ ਬੈਠਾ ਹੈ। ਉਹ ਪ੍ਰੇਮੀ ਰੋਈ ਜਾਂਦਾ ਹੈ ਬੈਠਾ। ਕਿੰਨੇ ਦਿਨ ਉਹਨੂੰ ਰੋਂਦੇ ਨੂੰ ਲੰਘ ਗਏ, ਜਦੋਂ ਬਾਬਾ ਜੀ ਜਾਂਦੇ ਨੇ, ਪੁੱਛਦੇ ਨੇ ਕਿ ਮਹਾਰਾਜ ਜੀ ਕਿੱਥੇ ਚਲੇ ਗਏ ਆਹ ਕੀ ਹਾਲ ਹੈ, ਇੱਥੇ ਨਾ ਕੋਈ ਲੰਗਰ ਨਾ ਕੋਈ ਹੋਰ ਚੀਜ਼, ਨਾ ਕੋਈ ਸਿੱਖ, ਇਹ ਹੋਇਆ ਕੀ? ਰੋ-ਰੋ ਕੇ ਦੱਸਿਆ ਕਹਿੰਦੇ ਬਿਰਧਾ! ਆਹ ਜਿਹੜਾ ਜੋਗੀ ਹੈ, ਤਪਾ ਹੈ। ਇਹ ਬੜਾ ਈਰਖਾਲੂ ਹੈ ਇਸਨੇ ਐਸ ਤਰ੍ਹਾਂ ਗੁਰੂ ਮਹਾਰਾਜ ਜੀ ਨੂੰ ਕਢਾਇਆ ਹੈ। ਐਸ ਤਰ੍ਹਾਂ ਬੇਇਜ਼ਤੀ ਕੀਤੀ ਹੈ, ਬੇਅਦਬੀ ਕਰੀ ਹੈ। ਸਹਿ ਨਹੀਂ ਹੁੰਦੀ ਮੇਰੇ ਤੋਂ। ਐਨੀ ਗੱਲ ਸੁਣਦੇ ਸਾਰ, ਗੁਰੂ ਦੀ ਬੇਅਦਬੀ ਸਿੱਖ ਸਹਿ ਨਹੀਂ ਸਕਦਾ। ਬਹੁਤ ਮੁਸ਼ਕਲ ਹੈ ਸਾਧਸੰਗਤ ਜੀ! ਗੁਰੂ ਦੀ ਬੇਅਦਬੀ ਸਹਿਣੀ। ਉਹਦੇ ਨਾਲੋਂ ਤਾਂ ਇਹ ਕਹਿੰਦਾ ਹੈ ਸਿੱਖ ਕਿ ਜੇ ਚੜ੍ਹਾਈ ਕਰ ਜਾਈਏ ਤਾਂ ਚੰਗਾ ਹੈ ਪਰ ਗੁਰੂ ਦੀ ਬੇਅਦਬੀ ਅੱਖਾਂ ਨਾਲ ਨਹੀਂ ਦੇਖਣੀ। ਰੋਹ ਵਿੱਚ ਆ ਗਏ, ਜਲਾਲ ਵਿੱਚ ਆ ਗਏ। ਐਨੇ ਨੂੰ ਜੱਟਾਂ ਨੂੰ ਪਤਾ ਲੱਗਿਆ ਕਿ ਬਾਬਾ ਅਮਰਦਾਸ ਆ ਗਏ। ਜਿਹੜੇ ਬੜੇ ਕਰਨੀ ਕਮਾਈ ਵਾਲੇ ਨੇ ਉਨ੍ਹਾਂ ਕੋਲ ਇਕੱਠੇ ਹੋ ਕੇ ਸਾਰਾ ਪਿੰਡ ਆ ਗਿਆ। ਕਹਿੰਦੇ, ਬਾਬਾ! ਤੂੰ ਆ ਗਿਆ? ਕਹਿੰਦੇ, ਮੂਰਖੋ! ਤੁਸੀਂ ਇਹ ਗੱਲ ਕੀ ਕਰੀ, ਐਡਾ ਨਿਰਾਦਰ ਤੁਸੀਂ ਗੁਰੂ ਦਾ ਕਰਿਆ, ਕੀ ਮੀਂਹ ਪੁਆ ਲਿਆ ਹੁਣ ਤੁਸੀਂ? ਕਹਿੰਦੇ, ਜੋਗੀ ਕਹਿੰਦਾ ਹੈ

ਕਿ ਆ ਰਿਹਾ ਹੈ। ਕਹਿੰਦੇ, ਬਿਲਕੁਲ ਨਹੀਂ ਆਉਣਾ। ਗੁਰੂ ਦਾ ਨਿਰਾਦਰ ਕਰਕੇ ਬਾਰਿਸ਼ ਭਾਲਦੇ ਓਂ। ਉੱਪਰ ਨੂੰ ਝਾਕੇ, ਸੂਰਜ ਥੋੜ੍ਹਾ ਜਿਹਾ ਰਹਿੰਦਾ ਹੈ। ਕਹਿੰਦੇ ਜੇ ਮੀਂਹ ਪੁਆਉਣਾ ਹੈ, ਦੱਸੋ ਅਸੀਂ ਪੁਆ ਦੇਈਏ। ਐਡੇ ਸਮਰੱਥ ਵਾਹਿਗੁਰੂ ਵਰਗੇ ਗੁਰੂ ਨੂੰ ਤੁਸੀਂ ਕੱਢ ਦਿੱਤਾ। ਕਹਿੰਦੇ ਬਾਬਾ ਮੀਂਹ ਪੁਆ। ਕਹਿੰਦੇ, ਜੇ ਮੀਂਹ ਪੁਆਉਣਾ ਹੈ ਤਾਂ ਨੱਠ ਜਾਓ ਹੁਣੇ ਹੀ, ਜੋਗੀ ਨੂੰ ਕੱਢ ਲਓ ਅੰਦਰੋਂ ਤੇ ਅਲਕ-ਬੈੜਕੇ ਨਾਲ ਪੰਜਾਲੀ 'ਚ ਜੋੜ ਲਓ, ਜਿਹੜੇ-ਜਿਹੜੇ ਖੇਤ 'ਚ ਲੈ ਜਾਓਂਗੇ ਉਥੇ ਹੀ ਮੀਂਹ ਪਈ ਜਾਏਗਾ। ਉਸੇ ਵੇਲੇ ਦੌੜ ਗਏ, ਕਹਿੰਦੇ ਬਾਬਾ! ਮੀਂਹ ਪੁਆ। ਨਾਉਂ ਲੈਣ ਲਗ ਗਏ ਉਹਦਾ, ਕਹਿੰਦੇ ਬਾਹਰ ਨਿਕਲ ਆ। ਕਹਿੰਦਾ, ਔਹ ਦੇਖੋ ਬੱਦਲ ਆ ਰਿਹਾ। ਬੱਦਲ ਨਹੀਂ ਆ ਰਹੇ। ਖਿੱਚ ਕੇ ਬਾਹਰ ਕੱਢ ਲਿਆ, ਲੈ ਕੇ ਧੂਹ ਲਿਆ। ਕੋਈ ਇਧਰ ਨੂੰ ਧੂੰਹਦਾ ਹੈ, ਕੋਈ ਓਧਰ ਨੂੰ ਧੂੰਹਦਾ ਹੈ। ਜਿਹਦੇ ਖੇਤ 'ਚ ਲੈ ਜਾਂਦੇ ਨੇ ਮੀਂਹ ਪੈ ਜਾਂਦਾ ਹੈ। ਅਖੀਰ ਦੋ-ਦੋ ਪਾਰਟੀਆਂ ਜਿਵੇਂ ਰੱਸਾ ਖਿਚਦੇ ਨੇ, ਬਾਹਾਂ ਹੱਥਾਂ 'ਚ ਆ ਗਈਆਂ। ਕੋਈ ਬਾਂਹ ਲੈ ਕੇ ਨੱਠ ਗਿਆ, ਕੋਈ ਲੱਤ ਲੈ ਕੇ ਨੱਠ ਗਿਆ, ਜਿਹਦੇ ਖੇਤ 'ਚ ਜਿਹੜੀ ਚੀਜ਼ ਚਲੀ ਜਾਂਦੀ ਹੈ, ਮੀਂਹ ਪੈਣ ਲਗ ਜਾਂਦਾ ਹੈ। ਬੜੀ ਬੁਰੀ ਸਜ਼ਾ ਮਿਲੀ ਤੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਪਾਸ ਆ ਗਏ ਕਿ ਬਹੁਤ ਬਾਰਿਸ਼ ਹੋ ਗਈ ਹੁਣ ਸਾਡੀ ਭੁੱਲ ਦੀ ਖਿਮਾ ਕਰਾ ਦਓ। ਅਸੀਂ ਬੜੀ ਭਾਰੀ ਭੁੱਲ ਕਰੀ। ਗੁਰੂ ਦਾ ਨਿਰਾਦਰ ਕੀਤਾ ਇਹਦੇ ਕਹਿਣ 'ਤੇ। ਚਲੋ ਇਹਨੂੰ ਸਜ਼ਾ ਮਿਲ ਗਈ। ਗੁਰੂ ਅਮਰਦਾਸ ਜੀ ਸਾਰਿਆਂ ਨੂੰ ਲੈ ਕੇ ਰਜ਼ਾਦੇ ਪਿੰਡ ਦੀ ਜੂਹ 'ਚ ਜਾਂਦੇ ਨੇ ਤੇ ਅੱਗੇ ਗੁਰੂ ਅਮਰਦਾਸ ਜੀ ਮਹਾਰਾਜ ਦੇਖ ਲੈਂਦੇ ਨੇ, ਜਦੋਂ ਬਾਬਾ ਅਮਰਦਾਸ ਜੀ ਨੇੜੇ ਗਏ। ਜਾ ਕੇ ਨਮਸ਼ਕਾਰ ਕਰੀ, ਮਹਾਰਾਜ ਜੀ ਨੇ ਪਿੱਠ ਕਰ ਲਈ। ਹੈਰਾਨ ਹੋ ਗਏ ਕਿ ਮਹਾਰਾਜ ਜੀ ਨੇ ਪਿੱਠ ਕਰ ਲਈ, ਕੋਈ ਮੇਰੇ ਤੋਂ ਭੁੱਲ ਹੋ ਗਈ। ਦੂਜੇ ਪਾਸੇ ਜਾ ਕੇ ਨਮਸ਼ਕਾਰ ਕਰੀ, ਮਹਾਰਾਜ ਜੀ ਨੇ ਫੇਰ ਪਿੱਠ ਕਰ ਲਈ। ਫੇਰ ਸਾਮ੍ਹਣੇ ਆਏ, ਬਹੁਤ ਵੈਰਾਗ ਕਰਨ ਲਗ ਗਏ, ਪਾਤਸ਼ਾਹ! ਤੁਹਾਡੀ ਪਿੱਠ ਨਹੀਂ ਸਹਿ ਸਕਦਾ।

***ਕਰਵਤੁ ਭਲਾ ਨ ਕਰਵਟ ਤੇਰੀ ॥***
***ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥***
***ਹਉ ਵਾਰੀ ਮੁਖੁ ਫੇਰਿ ਪਿਆਰੇ ॥***
***ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥***

***ਅੰਗ- ੪੮੪***

ਓਸ ਵੇਲੇ ਮਹਾਰਾਜ ਜੀ ਦਇਆ ਦੇ ਘਰ ਆਏ, ਕਹਿੰਦੇ ਬਾਬਾ ਅਮਰਦਾਸ ਕੀ ਕਰਕੇ ਆਇਆ ਹੈਂ ਉਥੇ? ਮੀਂਹ ਪੁਆ ਕੇ ਆਇਆ ਹੈਂ, ਉਸ ਜੋਗੀ ਨੂੰ ਕੀ ਕੀਤਾ ਸੀ? ਗੁਰੂ ਅਮਰਦਾਸ ਜੀ ਕਹਿਣ ਲੱਗੇ, ਪਾਤਸ਼ਾਹ! ਮੈਂ ਤੁਹਾਡੀ ਨਿਰਾਦਰੀ ਨਹੀਂ ਸਹਿ ਸਕਿਆ। ਆਹ ਮੂਰਖਾਂ ਨੇ ਆਪ ਦੀ ਨਿਰਾਦਰੀ ਕਰੀ, ਧੱਕੇ ਨਾਲ ਤੁਹਾਨੂੰ ਬਾਹਰ ਕੱਢ ਦਿੱਤਾ, ਐਡੇ ਮੂਰਖ! ਬਾਂਹ ਫੜ ਕੇ ਧੂਹਣ ਲੱਗੇ ਸੀ ਤੁਹਾਨੂੰ; ਮੈਂ ਨਹੀਂ ਸਹਿ ਸਕਿਆ। ਹੁਣ ਖਿਮਾ ਕਰ ਦਿਓ, ਅੱਗੇ ਵਾਸਤੇ ਹੁਕਮ ਕਰੋ। ਮਹਾਰਾਜ ਜੀ ਕਹਿੰਦੇ, ਦੇਖੋ! ਕੁਛ ਹੋ ਜਾਏ, ਸ਼ਕਤੀ ਨਹੀਂ ਦਿਖਾਉਣੀ, ਤਾਕਤ ਨਹੀਂ ਦਿਖਾਉਣੀ, ਬਹੁਤ ਕੁਛ ਹੋਣਾ ਹੈ, ਅਗਲੇ ਜਾਮਿਆਂ 'ਚ ਆ ਕੇ ਤੱਤੀਆਂ ਤਵੀਆਂ 'ਤੇ ਵੀ ਬੈਠਣਾ ਹੈ। ਸੀਸ ਵੀ ਦੇਣੇ ਨੇ, ਸਿੱਖਾਂ ਦੇ ਸਿਰਾਂ 'ਤੇ ਆਰੇ ਵੀ ਚੱਲਣੇ ਨੇ; ਦੇਗਾਂ 'ਚ ਵੀ ਉਬਾਲੇ ਜਾਣੇ ਨੇ, ਖੋਪਰੀਆਂ ਵੀ ਲਹਿਣੀਆਂ ਨੇ, ਬੰਦ-ਬੰਦ ਵੀ ਕੱਟੇ ਜਾਣੇ ਨੇ,।ਸ਼ਕਤੀਆਂ ਦਿਖਾਓਂਗੇ? ਇਹ ਤਾਂ ਅਕਾਲ ਪੁਰਖ ਨੂੰ ਭਾਉਂਦਾ ਹੀ ਇਵੇਂ ਹੈ। ਸੋ ਨਿਰਵੈਰ ਹੁੰਦਾ ਹੈ ਗੁਰੂ, ਬਖਸ਼ ਦਿੱਤੇ। ਸਰਾਪ ਨਹੀਂ ਦਿੱਤਾ ਪਿੰਡ ਨੂੰ, ਫੇਰ ਅਸ਼ੀਰਵਾਦ ਦੇ ਦਿੱਤੀ।

ਕਹਿੰਦੇ, ਮਹਾਰਾਜ ਜੀ! ਚੱਲੋ ਹੁਣ ਫੇਰ ਵਾਪਸ। ਕਹਿੰਦੇ ਚੱਲੋ, ਫੇਰ ਨਾਲ ਹੀ ਆ ਗਏ।

ਸੋ ਐਸਾ ਗੁਰੂ ਮਿਲੇ ਤਾਂ ਜਾ ਕੇ ਅੰਦਰ ਵਸਦਾ ਹੈ ਰੱਬ, ਸਾਰਿਆਂ ਦੇ ਅੰਦਰ ਵਸਦਾ ਹੈ। ਤੁਹਾਡੇ ਵੀ ਵਸਦਾ ਹੈ, ਮੇਰੇ ਵੀ ਵਸਦਾ ਹੈ। ਜੇ ਤਾਂ ਦੂਰ ਹੋਵੇ ਫੇਰ ਤਾਂ ਮਿਲਣ ਵਾਸਤੇ ਜਾਈਏ। ਦਰਸ਼ਨ ਤਾਂ ਗੁਰੂ ਦੇ ਅੰਦਰ ਹੀ ਨੇ, ਬਾਹਰ ਨਹੀਂ ਹੈਗੇ। ਲੇਕਿਨ ਤਾਲਾ ਲੱਗਿਆ ਹੋਇਆ ਹੈ, ਤਾਲਾ ਲਾ ਲਿਆ ਅਗਿਆਨ ਦਾ, ignorance ਦਾ, ਭੁੱਲ ਦਾ, ਉਹ ਲੱਗੇ ਨੂੰ ਖਰਬਾਂ ਸਾਲ ਹੋ ਗਏ ਤੇ ਤਾਲਾ ਜਿਹੜਾ ਹੈ ਉਹ ਜੰਗਾਲਿਆ ਗਿਆ, ਹੁਣ ਉਹ ਖੁਲ੍ਹਦਾ ਨਹੀਂ ਹੈਗਾ, ਕਿਉਂਕਿ ਚਾਬੀ ਨਹੀਂ ਹੈ। ਚਾਬੀ ਮਿਲੇ ਫੇਰ ਢੰਗ ਵਰਤਿਆ ਜਾਵੇ, ਫੇਰ ਉਹ ਤਾਲਾ ਖੁਲ੍ਹਦਾ ਹੈ।

***ਧਾਰਨਾ - ਨਹੀਓਂ ਖੁਲ੍ਹਦੇ ਜੰਗਾਲੇ ਹੋਏ ਜੰਦਰੇ***
***ਕੁੰਜੀ ਹੱਥ ਸਤਿਗੁਰ ਦੇ।***

***ਗੁਰੁ ਕੁੰਜੀ ਪਾਹੂ ਨਿਵਲੁ***
***ਮਨੁ ਕੋਠਾ ਤਨੁ ਛਤਿ ॥***
***ਨਾਨਕ ਗੁਰ ਬਿਨੁ***
***ਮਨ ਕਾ ਤਾਕੁ ਨ ਉਘੜੈ***
***ਅਵਰ ਨ ਕੁੰਜੀ ਹਥਿ ॥ ਅੰਗ - ੧੨੩੭***

ਕੁੰਜੀ ਗੁਰੂ ਦੇ ਕੋਲ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫***

ਗੁਰੂ ਨੂੰ ਕੁੰਜੀ ਦੇ ਦਿੱਤੀ ਵਾਹਿਗੁਰੂ ਨੇ। ਜਿੰਨਾਂ ਚਿਰ ਸਤਿਗੁਰੂ ਦੀ ਸ਼ਰਨ ਵਿੱਚ ਆ ਕੇ ਤਨ, ਮਨ, ਧਨ ਗੁਰੂ ਨੂੰ ਅਰਪਣ ਨਹੀਂ ਕਰਦਾ। ਕਹਿੰਦੇ, ਚਾਬੀ ਨਹੀਂ ਮਿਲਦੀ। ਹੋਰ ਕੋਈ ਤਰੀਕਾ ਨਹੀਂ ਰੱਬ ਨੂੰ ਮਿਲਣ ਦਾ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪***

ਹੁਣ ਗੁਰੂ ਮਿਲਦਾ ਨਹੀਂ ਹੈ, ਕੁੰਜੀ ਕਿੱਥੋਂ ਲਈਏ। ਗੁਰੂ ਦੀ ਅਤਿਅੰਤ ਸੇਵਾ ਕੀਤੀ ਜਾਵੇ ਤਾਂ ਜਾ ਕੇ ਕੁੰਜੀ ਦਿੰਦੇ ਨੇ।

ਐਨੀ ਕੀਮਤੀ ਵਸਤੂ, ਨਾਮ ਦਾ ਭੰਡਾਰਾ ਜਿੱਥੇ ਹੋਵੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - ੨੯੩*
*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ*
*ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਜਿੱਥੇ ਨਾਮ ਦਾ ਖਜ਼ਾਨਾ ਪਿਆ ਹੋਵੇ ਤੇ ਖਜ਼ਾਨਾ ਵੀ ਐਡਾ ਵੱਡਾ ਹੋਵੇ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*

ਉਹਦੀ ਚਾਬੀ ਗੁਰੂ ਕਿਵੇਂ ਫੜਾ ਦਏਗਾ ਆਉਂਦੇ ਨੂੰ ਹੀ। ਅਸੀਂ ਤਾਂ ਅੰਮ੍ਰਿਤ ਛਕ ਕੇ ਕੇਵਲ ਗੁਰੂ ਧਾਰਨ ਕਰਦੇ ਹਾਂ। ਚਾਬੀ ਨਹੀਂ ਲੈਂਦੇ ਗੁਰੂ ਤੋਂ। ਚਾਬੀ ਬੜੀ ਔਖੀ ਮਿਲਦੀ ਹੈ। ਪਹਿਲਾਂ ਗੁਰੂ ਸਾਧਨ ਕਰਾਉਂਦੇ ਨੇ ਕਿ ਸੇਵਾ ਕਰ, ਨਾਮ ਜਪ, ਬਾਣੀ ਪੜ੍ਹ, ਬਾਣੀ ਦੀ ਵਿਚਾਰ ਕਰ, ਸਤਿਸੰਗ 'ਚ ਆ, ਅੰਮ੍ਰਿਤ ਵੇਲੇ ਜਾਗਣ ਦਾ ਅਭਿਆਸ ਕਰ, ਗੁਰਮੰਤ੍ਰ ਦਾ ਅਭਿਆਸ ਕਰ, ਕਰਦੇ-ਕਰਦੇ ਜਦੋਂ ਪੂਰਾ ਨਿਕਲ ਜਾਂਦਾ ਹੈ, ਪੂਰਾ ਤੁਲ ਜਾਂਦਾ ਹੈ ਗੁਰੂ ਦੇ ਵੱਟਿਆਂ ਦੇ ਨਾਲ, ਪੂਰਾ ਤੋਲ ਤੁਲਦਾ ਹੈ, ਫੇਰ ਜਾ ਕੇ ਗੁਰੂ ਚਾਬੀ ਦਿੰਦਾ ਹੈ ਤੇ ਹਨ੍ਹੇਰਾ ਕਾਹਦਾ ਹੁੰਦਾ ਹੈ? ਮਹਾਰਾਜ ਕਹਿੰਦੇ ਮਾਇਆ ਦਾ ਹਨ੍ਹੇਰਾ ਪਿਆ ਹੋਇਆ ਹੈ। ਐਨਾ ਹਨ੍ਹੇਰਾ ਹੈ ਕਿ ਕੋਲ ਰਹਿੰਦਾ ਵਾਹਿਗੁਰੂ ਨਹੀਂ ਨਜ਼ਰ ਆਉਂਦਾ -

*ਛਾਇਆ ਛੂਛੀ ਜਗਤੁ ਭੁਲਾਨਾ ॥*
*ਲਿਖਿਆ ਕਿਰਤੁ ਧੁਰੇ ਪਰਵਾਨਾ ॥ ਅੰਗ - ੯੩੨*
*ਛਛੈ ਛਾਇਆ ਵਰਤੀ ਸਭ ਅੰਤਰਿ*
*ਤੇਰਾ ਕੀਆ ਭਰਮੁ ਹੋਆ ॥ ਅੰਗ - ੪੩੩*

ਵਾਹਿਗੁਰੂ ਦਾ ਕੀਤਾ ਹੋਇਆ ਭਰਮ ਹੋ ਗਿਆ ਜੀਵ ਨੂੰ, ਜੀਵ ਬਣ ਗਿਆ ਇਹ ਤੇ ਸਾਰਿਆਂ ਦੇ ਅੰਦਰ ਛਾਇਆ ਵਰਤ ਗਈ, ਹਨ੍ਹੇਰਾ ਪੈ ਗਿਆ। ਹੁਣ ਇਹ ਕਿਸ ਤਰ੍ਹਾਂ ਦੇ ਨਾਲ ਇਹ ਹਨ੍ਹੇਰਾ ਦੂਰ ਹੋਵੇ? ਮਹਾਰਾਜ ਕਹਿੰਦੇ, ਇਹ ਮਾਇਆ ਜਿਹੜੀ ਹੈ, ਮਾਇਆ ਇੱਕ ਤਾਂ ਪੈਸੇ ਟਕੇ ਨੂੰ ਕਹਿੰਦੇ ਨੇ, ਇਹ ਵੀ ਮਾਇਆ ਹੈ, ਇੱਕ ਮਾਇਆ ਬਾਲ-ਬੱਚਿਆਂ ਨੂੰ, ਇਸਤ੍ਰੀਆਂ ਨੂੰ, ਸਬੰਧੀਆਂ ਨੂੰ, ਸਾਰਿਆਂ ਨੂੰ ਮਾਇਆ ਕਹਿੰਦੇ ਨੇ; ਜ਼ਮੀਨ-ਜਾਇਦਾਦ, ਪੈਸਾ ਟਕਾ, ਹੋਰ ਪੜ੍ਹਾਈਆਂ ਲਿਖਾਈਆਂ ਇਹ ਵੀ ਸਭ ਮਾਇਆ ਹੈ ਤੇ ਇੱਕ ਜਿਹੜਾ ਅੰਦਰ ਰਿੱਧੀਆਂ-ਸਿੱਧੀਆਂ ਤਾਕਤਾਂ ਮਾਨਤਾ ਇਹ ਸਭ ਮਾਇਆ ਹੈ। ਇਸ ਤੋਂ ਅੱਗੇ ਅਗਿਆਨ ਹੈ, ਗੱਲ ਗੁਰੂ ਦੱਸੀ ਜਾਂਦੇ ਨੇ ਉਹ ਸਮਝ 'ਚ ਆਉਂਦੀ ਨਹੀਂ, ਨਾ ਮੰਨਦਾ ਹੈ; ਇਹ ਵੀ ਮਾਇਆ ਹੈ। ਮਹਾਰਾਜ ਕਹਿੰਦੇ, ਇਹ ਮਾਇਆ ਜਿਹੜੀ ਹੈ, ਜਿਨ੍ਹਾਂ ਨੇ ਤਾਂ ਗੁਰੂ ਦਾ ਬਚਨ ਮੰਨ ਲਿਆ, ਉਨ੍ਹਾਂ 'ਤੇ ਤਾਂ ਅਸਰ ਕਰਨ ਤੋਂ ਹਟ ਜਾਂਦੀ ਹੈ, ਪਰ ਜਿਹੜੇ ਗੁਰੂ ਦਾ ਬਚਨ ਨਹੀਂ ਮੰਨਦੇ, ਓਵੇਂ ਤਾਂ ਮੱਥੇ ਟੇਕਦੇ ਨੇ, ਪਰ ਗੁਰੂ ਦਾ ਬਚਨ ਨਹੀਂ ਮੰਨਦੇ, ਦੋਵੇਂ ਗੱਲਾਂ ਨੇ ਸਾਧਸੰਗਤ ਜੀ। ਮੱਥੇ ਤਾਂ ਆਪਾਂ ਸਾਰੇ ਹੀ ਟੇਕਦੇ ਹਾਂ, ਬਚਨ ਕੋਈਓ ਮੰਨਦਾ ਹੈ, ਵਿਰਲਾ ਹੀ ਹੈ ਜਿਹੜਾ ਬਚਨ ਮੰਨਦਾ ਹੈ। ਬਹੁਤ ਔਖਾ ਹੈ ਬਚਨ ਕਮਾਉਣਾ ਗੁਰੂ ਦਾ ਜੇ ਕੋਈ ਕਮਾ ਲਵੇ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਉਹ ਤਾਂ ਉਸੇ ਵੇਲੇ ਤਰ ਜਾਂਦਾ ਹੈ ਜੇ ਬਚਨ ਕਮਾਵੇ। ਬਚਨ ਨਹੀਂ ਕਮਾ ਹੁੰਦਾ। ਨਾ ਕਮਾਉਣ ਦੇ ਨਾਲ ਅਸੀਂ ਫੇਰ ਮਨ ਦੇ ਪਿੱਛੇ ਲਗਣ ਵਾਲੇ ਮਨਮੁਖਾਂ ਦੀ ਗਿਣਤੀ 'ਚ ਆ ਜਾਂਦੇ ਹਾਂ। ਮਨਮੁਖਾਂ ਨੂੰ ਜਿਹੜੀ ਮਾਇਆ ਹੈ, ਉਹ ਜਿਵੇਂ ਨਾਗ ਲੜਦਾ ਹੈ ਨਾ ਇਸ ਤਰ੍ਹਾਂ ਲੜਦੀ ਹੈ, ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਾਇਆ ਹੋ ਕੇ ਨਾਗਨੀ ਲੜਦੀ,*
*ਮਨਮੁਖ ਬੰਦਿਆਂ ਦੇ।*

*ਮਾਇਆ ਹੋਈ ਨਾਗਨੀ*
*ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ*
*ਤਿਸ ਹੀ ਕਉ ਫਿਰਿ ਖਾਇ ॥ ਅੰਗ - ੫੧੦*

ਸਾਰੇ ਸੰਸਾਰ ਨੂੰ ਚਿੰਬੜੀ ਹੋਈ ਹੈ, ਕੋਈ ਵਿਰਲਾ ਹੈ ਜਿਹੜਾ ਇਸ ਤੋਂ ਬਚਿਆ ਹੋਇਆ ਹੈ। ਕਹਿੰਦੇ, ਇਹਨੂੰ ਖਾ ਰਹੀ ਹੈ, ਕਿਉਂਕਿ ਇਹਦੀ ਸੇਵਾ ਕਰਦੇ ਨੇ, ਜਿਹੜਾ ਸੇਵਾ ਕਰਦਾ ਹੈ ਉਹਨੂੰ ਖਾ ਜਾਂਦੀ ਹੈ।

ਇੱਕ ਵਾਰੀ ਕਬੀਰ ਸਾਹਿਬ ਬਹੁਤ ਸਾਰੇ ਸਾਧੂ ਬੈਠੇ ਨੇ, ਉਨ੍ਹਾਂ ਦੇ ਪਾਸ ਇੱਕ ਕੋਈ ਗਰੀਬ ਜਿਹਾ ਬੰਦਾ ਆਇਆ, ਕਹਿਣ ਲੱਗੇ, ਕਿਸ ਤਰ੍ਹਾਂ ਆਏ ਤੁਸੀਂ। ਕਹਿਣ ਲੱਗੇ, ਭਗਤ ਜੀ! ਮੇਰੇ ਕੋਲ ਤਾਣਾ ਬਾਣਾ ਹੈ ਪਾਇਆ ਹੋਇਆ। ਲੇਕਿਨ ਮੈਨੂੰ ਫੁਰਸਤ ਨਹੀਂ ਕੋਈ ਮੰਨਦਾ ਨਹੀਂ ਹੈ, ਮੇਰਾ ਕੱਪੜਾ ਬਣਾਉਣਾ। ਉਲਝ ਗਿਆ ਇਹ; ਗੁਲਝਾਂ ਪੈ ਗਈਆਂ, ਕ੍ਰਿਪਾ ਕਰੋ ਮੇਰੇ ਬੱਚੇ ਦੀ ਸ਼ਾਦੀ ਹੈ ਤੇ ਮੈਂ ਇਹ ਕੱਪੜੇ ਉਹਨੂੰ ਪੁਆਉਣੇ ਨੇ।ਪੈਸਾ ਵੀ ਮੇਰੇ ਕੋਲ ਨਹੀਂ ਹੈ ਜਿੰਨਾਂ ਮਿਹਨਤਾਨਾ ਤੁਸੀਂ ਲੈਂਦੇ ਓਂ, ਮੇਰੇ ਤੋਂ ਤਾਂ ਅੱਧਾ ਹੀ ਦੇ ਹੋਏਗਾ। ਕਹਿੰਦੇ, ਕੋਈ ਨਾ, ਭਗਤਾ! ਫਿਕਰ ਨਾ ਕਰ। ਉਹ ਉਲਝਿਆ ਹੋਇਆ ਤਾਣਾ ਲੈ ਲਿਆ। ਕਮਾਲੇ ਨੂੰ ਲਾ ਲਿਆ, ਕਮਾਲੀ ਲੜਕੀ ਨੂੰ ਲਾ ਲਿਆ। ਲੋਈ ਨੂੰ ਲਾ ਲਿਆ, ਆਪ ਲਗ ਗਏ, ਨਾਲੇ ਸੰਤਾਂ ਨਾਲ ਬਚਨ ਕਰੀ ਜਾਂਦੇ ਨੇ, ਨਾਲੇ ਤਾਣਾ ਸੁਲਝਾਈ ਜਾਂਦੇ ਨੇ। ਸੁਲਝਾ-ਸੁਲਝਾ ਕੇ ਸਾਰਾ ਹੀ ਕੰਘੀ ਦੇ ਵਿਚੀਂ ਪਾ ਲਿਆ ਤੇ ਕੁੰਭਲ ਦੇ ਉੱਤੇ ਲਾ ਲਿਆ ਤੇ ਬੈਠ ਗਏ ਬੁਣਨ ਵਾਸਤੇ, ਅਜੇ ਥੋੜ੍ਹੇ ਜਿਹੇ ਹੀ ਧਾਗੇ ਪਾਏ ਨੇ, ਐਨੇ ਨੂੰ ਇੱਕ ਬੀਬੀ ਆ ਗਈ, ਬਹੁਤ ਵਧੀਆ ਕੱਪੜੇ, ਛਣਨ-ਛਣਨ ਕਰਦੇ ਨੇ ਗਹਿਣੇ ਉਹਦੇ, ਸੋਨਾ ਹੀ ਸੋਨਾ ਪਾਇਆ ਹੋਇਆ ਹੈ। ਇੱਕ ਰੇਸ਼ਮ ਦਾ ਧਾਗਾ ਲਿਆ ਕੇ ਕਹਿਣ ਲੱਗੀ ਕਿ ਭਗਤ ਜੀ!

ਮੇਰੇ ਆਹ ਕੱਪੜੇ ਬੁਣ ਦਿਓ, ਮੈਨੂੰ ਆਹ ਬਹੁਤ ਜ਼ਰੂਰੀ ਚਾਹੀਦੇ ਨੇ। ਆਹ ਲਾਹ ਦਿਓ ਤਾਣਾ ਤੁਸੀਂ ਤੇ ਮਜ਼ੂਰੀ ਜਿੰਨੀ ਮੰਗੋਂਗੇ, ਮੈਂ ਦੇ ਦੇਵਾਂਗੀ। ਦਸ ਗੁਣੀਂ ਮੰਗ ਲਓ, ਵੀਹ ਗੁਣੀਂ ਮੰਗ ਲਓ, ਸੌ ਗੁਣੀ, ਪੈਸਾ ਮੇਰੇ ਕੋਲ ਬਥੇਰਾ ਹੈ, ਪਰ ਮੈਨੂੰ ਕੱਪੜਾ ਚਾਹੀਦਾ ਹੈ ਇਸ ਕਰਕੇ ਮੈਂ ਆਈ ਹਾਂ। ਕਬੀਰ ਸਾਹਿਬ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਹ ਤਾਂ ਮਾਇਆ ਹੈ, ਜਿਹੜਾ ਪਹਿਲਾਂ ਆਇਆ ਹੈ ਉਹ ਵਿਸ਼ਨੂੰ ਜੀ ਆਏ ਨੇ। ਦੋਹਾਂ ਦੀ ਸਰਤ ਲੱਗੀ ਹੋਈ ਹੈ ਕਿ ਮੈਂ ਤੇਰੇ ਭਗਤਾਂ ਨੂੰ ਗਿਰਾ ਦੇਣਾ ਹੈ। ਉਹ ਕਹਿੰਦੇ ਕਿ ਨਹੀਂ ਮੇਰਾ ਜਿਹੜਾ ਅਸਲੀ ਭਗਤ ਹੈ ਉਹ ਨਹੀਂ ਗਿਰਦਾ। ਜਿਹੜਾ ਮਾਇਆ ਨੂੰ ਤਰ ਗਿਆ ਉਹ ਨਹੀਂ ਗਿਰਦਾ। ਮਾਇਆ ਨੂੰ ਸਮਝ ਗਿਆ ਉਹ ਨਹੀਂ ਗਿਰਦਾ। ਗਿਰਦੇ ਓਹੀ ਨੇ ਜਿਨ੍ਹਾਂ ਨੇ ਮਾਇਆ ਨੂੰ ਸਮਝਿਆ ਨਹੀਂ ਹੈ। ਉਸ ਵੇਲੇ ਕਬੀਰ ਸਾਹਿਬ ਕਹਿਣ ਲੱਗੇ, ਕਮਾਲਿਆ! ਛੁਰੀ ਲਿਆ ਜਲਦੀ, ਖੁਸ਼ ਹੋ ਗਈ ਕਿ ਇਹ ਤਾਂ ਲੱਗਿਆ ਕੱਟਣ। ਕਬੀਰ ਸਾਹਿਬ ਬਾਹਰ ਨਿਕਲ ਆਏ, ਲਿਆ ਕੇ ਜਦ ਉਸ ਨੂੰ ਪਤਾ ਲੱਗਿਆ ਕਿ ਇਹ ਮੈਨੂੰ ਹੀ ਕੱਟਣਗੇ, ਨੱਠ ਗਈ ਉਦੋਂ ਹੀ। ਸਾਧੂ ਸੰਤ ਸਾਰੇ ਹੈਰਾਨ ਹੋ ਗਏ, ਬਈ ਕਬੀਰ ਜੀ ਨੇ ਨਿਰਾਦਰ ਕਰਿਆ ਹੈ, ਛੁਰੀ ਮੰਗਾ ਕੇ ਡਰਾਈ ਹੈ। ਕਹਿੰਦੇ, ਭਗਤ ਜੀ! ਜਿਹੜਾ ਉਲਝਿਆ ਹੋਇਆ ਤਾਣਾ ਸੀ, ਸਾਡੇ ਬੈਠੇ ਤੁਸੀਂ ਬੜੀ ਖੁਸ਼ੀ ਨਾਲ ਲੈ ਲਿਆ। ਇਹ ਬੀਬੀ ਆਈ ਹੈ ਤੇ ਤੁਸੀਂ ਦੂਰੋਂ ਹੀ ਨਠਾ ਦਿੱਤੀ ਕਿ ਫੜੋ ਇਹਨੂੰ, ਫੜੋ ਇਹਨੂੰ। ਇਹ ਕਾਰਨ ਕੀ ਹੈ?

ਕਬੀਰ ਸਾਹਿਬ ਕਹਿਣ ਲੱਗੇ, ਸੰਤੋ! ਮਾਇਆ ਸੀ ਇਹ, ਭੁਲਾਉਣ ਵਾਸਤੇ ਆਈ ਸੀ। ਕਹਿੰਦੇ, ਮਹਾਰਾਜ! ਇੱਕ ਹੋਰ ਗੱਲ ਦੇਖੀ ਹੈ ਇਹਦੇ ਕੇਸ ਮੂਹਰਿਓਂ ਵੀ ਘਸੇ ਹੋਏ ਨੇ, ਪਿਛੋਂ ਵੀ ਘਸੇ ਹੋਏ ਨੇ। ਕਹਿੰਦੇ ਉਹ ਗੱਲ ਇਸ ਤੋਂ ਪੁੱਛ ਲਓ, ਜਾਓ ਹਾਕ ਮਾਰ ਲਓ, ਬੁਲਾ ਲਓ। ਹਾਕ ਮਾਰ ਕੇ ਬੁਲਾ ਲਿਆ। ਕਬੀਰ ਸਾਹਿਬ ਕਹਿਣ ਲੱਗੇ, ਸੱਚ ਦੱਸ ਤੂੰ ਕੌਣ ਹੈਂ। ਕਹਿੰਦੀ, ਮੈਂ ਮਾਇਆ ਹਾਂ। ਕਹਿੰਦੇ ਆਹ ਸਾਧੂ ਜਨ ਪੁੱਛਦੇ ਨੇ ਕਿ ਤੇਰੇ ਮੂਹਰਿਓਂ ਵੀ ਕੇਸ ਘਸੇ ਹੋਏ ਨੇ ਮੱਥੇ ਤੋਂ, ਤੇ ਗਿੱਚੀ 'ਚੋਂ ਵੀ ਘਸੇ ਹੋਏ ਨੇ? ਇਹ ਕੀ ਗੱਲ? ਕਹਿਣ ਲੱਗੀ ਕਿ ਇਹ ਤਾਂ ਮੈਂ ਸਾਧੂਆਂ ਨੂੰ ਮੱਥੇ ਟੇਕਦੀ ਹਾਂ ਕਿ ਮੈਨੂੰ ਅੰਗੀਕਾਰ ਕਰ ਲਓ, ਉਹ ਕਰਦੇ ਨਹੀਂ ਤੇ ਮੱਥੇ ਟੇਕਦੀ ਦੇ ਘਸ ਗਏ। ਆਹ ਜਿਹੜੇ ਪਿਛਲੇ ਵਾਲ ਨੇ, ਇਹ ਜਿਹੜੇ ਮਨਮੁਖ ਬੰਦੇ, ਇਹ ਮੇਰੇ ਪਿੱਛੇ ਦੌੜਦੇ ਨੇ, ਮੈਂ ਡਾਹ ਨਹੀਂ ਦਿੰਦੀ, ਇਹ ਫੜ ਕੇ ਮੇਰੇ ਵਾਲ ਪੁੱਟੀ ਜਾਂਦੇ ਨੇ। ਕਹਿੰਦੇ ਕੋਈ ਵੱਡੀ ਬਾਤ ਕਹਿ ਦਿੱਤੀ ਇਹਨੇ; ਬੜੀ ਫਿਲਾਸਫੀ ਹੈ ਇਸ ਗੱਲ ਦੇ ਅੰਦਰ, ਕਹਿਣ ਲੱਗੇ, ਕੋਈ ਕੌਤਕ ਤਾਂ ਦਿਖਾਲ ਆਪਣਾ। ਕਹਿੰਦੀ, ਦਿਖਾਲ ਦਿੰਦੀ ਹਾਂ, ਜੰਗਲ 'ਚ ਚੱਲੋ। ਜੰਗਲ 'ਚ ਚਲੇ ਗਏ, ਇੱਕ ਥਾਂ ਦੇ ਉੱਤੇ ਸਾਧੂ ਬਿਠਾਲ ਦਿੱਤੇ ਕਿ ਬੈਠੇ ਰਿਹੋ ਤੁਸੀਂ, ਤਮਾਸ਼ਾ ਦੇਖਿਓ। ਚਾਰ ਮਿੱਤਰ ਤੁਰੇ ਆਉਂਦੇ ਨੇ, ਇਕੱਠੇ ਕਿਸੇ ਥਾਂ ਸਫਰ ਕਰਨਾ ਹੈ, ਚਾਰੇ ਦੋਸਤ ਨੇ, ਚਾਰਾਂ ਦਾ ਹੀ ਬੜਾ ਪਿਆਰ ਹੈ। ਕਹਿੰਦੀ ਦੇਖੋ, ਆਹ ਚਾਰ ਪਿਆਰ ਵਾਲੇ ਬੰਦੇ ਆ ਰਹੇ ਨੇ ਤੇ ਮੈਂ ਜਿੱਥੇ ਵੜ ਜਾਵਾਂ ਪਿਆਰ ਤੋੜ ਦਿੰਦੀ ਹਾਂ। ਨਾ ਮੈਂ ਪਿਉ ਪੁੱਤ ਦਾ ਪਿਆਰ ਰਹਿਣ ਦੇਵਾਂ, ਨਾ ਮੈਂ ਘਰਵਾਲੇ ਦਾ ਇਸਤਰੀ ਨਾਲ ਪਿਆਰ ਰਹਿਣ ਦੇਵਾਂ। ਨਾ ਮੈਂ ਭਰਾਵਾਂ ਦਾ ਰਹਿਣ ਦੇਵਾਂ। ਨਾ ਮੈਂ ਸੁਸਾਇਟੀ ਦਾ। ਜਿਥੇ ਮੈਂ ਵੜ ਜਾਵਾ ਉਥੇ ਤਬਾਹੀ ਮਚਾ ਦਿੰਦੀ ਹਾਂ। ਆਹ ਹੁਣੇ ਦੇਖ ਲਓ ਮੇਰਾ ਕੌਤਕ। ਚਲੀ ਗਈ ਜਾ ਕੇ ਥੈਲੀ ਬਣ ਕੇ ਪੈ ਗਈ। ਸੋਨੇ ਦੀ ਮੋਹਰਾਂ ਦੀ ਥੈਲੀ ਬਣੀ ਹੋਈ ਹੈ। ਇਹ ਚਾਰੇ ਆਏ, ਆ ਕੇ ਦੇਖਿਆ ਤੇ ਥੈਲੀ ਚੁੱਕ ਲਈ। ਕਹਿਣ ਲੱਗੇ ਇਹ ਤਾਂ ਸੋਨੇ ਦੀਆਂ ਮੋਹਰਾਂ ਨੇ, ਕਿਲੋ ਦੋ ਕਿਲੋ ਨਹੀਂ, ਇਹ ਤਾਂ ਬਹੁਤ ਜ਼ਿਆਦਾ ਨੇ। ਕਹਿੰਦੇ, ਆਪਾਂ ਵੰਡ ਲਈਏ। ਨਾਲੇ ਪਾਸੇ ਹੋ ਜਾਈਏ। ਥੋੜ੍ਹੀ ਦੇਰ ਪਾਸੇ ਹੋਏ, ਕਹਿੰਦੇ ਵੰਡ ਤਾਂ ਲੈਂਦੇ ਹਾਂ। ਆਪਾਂ ਕੁਛ ਖਾ ਪੀ ਲਈਏ ਪਹਿਲਾਂ। ਇੱਥੇ ਰੱਖ ਜਾਓ, ਨਾਲੇ ਜਿਹਨੇ ਆਉਣਾ ਹੋਏਗਾ, ਜਿਹਦੀ ਹੋਊਗੀ ਪਤਾ ਲਗ ਜਾਏਗਾ। ਇਥੋਂ ਬੈਠੇ ਨਿਗ੍ਹਾ ਰੱਖਾਂਗੇ ਤੇ ਬੇਫਿਕਰ ਹੋ ਕੇ ਆਪਾਂ ਲੈ ਲਵਾਂਗੇ। ਜੇ ਕਿਸੇ ਦੀ ਗਿਰ ਗਈ ਹੋਈ, ਟੋਲ੍ਹਣ ਤਾਂ ਆਏਗਾ ਹੀ। ਇੱਕ ਪਾਸੇ ਹੋ ਕੇ ਬਹਿ ਜਾਵਾਂਗੇ। ਦੋ ਬੰਦੇ ਭੇਜ ਦਿੱਤੇ ਕਿ ਜਾਓ ਤੁਸੀਂ ਰੋਟੀ ਲਿਆਓ। ਅਸੀਂ ਇੱਥੇ ਰਾਖੀ ਕਰਦੇ ਹਾਂ। ਉਹ ਜਿਹੜੇ ਰੋਟੀ ਲੈਣ ਜਾਂਦੇ ਨੇ ਚੁੱਪ ਕਰੇ ਜਾਂਦੇ ਨੇ, ਬੋਲਦੇ ਨਹੀਂ ਇੱਕ ਦੂਜੇ ਨਾਲ। ਜਦ ਕਾਫੀ ਦੂਰ ਚਲੇ ਗਏ, ਉਹ ਕਹਿੰਦਾ ਕੀ ਤੈਨੂੰ ਸੋਚ ਪਈ ਹੋਈ ਹੈ ਤੂੰ ਬੋਲਦਾ ਨਹੀਂ, ਆਪਾਂ ਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ। ਕਹਿੰਦਾ, ਕੀ ਸੋਚਦਾ ਹੈਂ? ਕਹਿੰਦਾ ਮੈਂ ਦੱਸਾਂ ਕੀ ਸੋਚਦਾ ਹਾਂ, ਬੁਰਾ ਨਾ ਮਨਾਈਂ, ਦੱਸੀਂ ਨਾ। ਸੌਂ ਖਾ ਪਹਿਲਾਂ। ਸੌਹਾਂ-ਸੁਗੰਧਾਂ ਖਾ ਲਈਆਂ। ਕਹਿੰਦਾ, ਮੈਂ ਐਉਂ ਸੋਚਦਾ ਹਾਂ ਕਿ ਜੇ ਆਪਾਂ ਦੋਵੇਂ ਲਈਏ ਇਹ, ਉਨ੍ਹਾਂ ਦੋਹਾਂ ਨੂੰ ਨਾ ਦੇਈਏ, ਬੜਾ ਧਨ ਹੈ। ਕਹਿੰਦਾ ਆਹੀ ਮੈਂ ਸੋਚਦਾ ਹਾ, ਆਪਣੀ ਸੋਚ ਰਲ ਗਈ। ਹੁਣ ਕਹਿੰਦਾ, ਵਿਉਂਤ? ਵਿਉਂਤ ਤਾਂ ਸੁਖਾਲੀ ਹੀ ਹੈ ਜਦ ਦੋਹਾਂ ਦਾ ਇੱਕ ਮਤਾ ਹੋ ਗਿਆ। ਇੱਕ ਕਹਿੰਦਾ ਕਿ ਆਪਾਂ ਤਾਂ ਛਕ ਲਓ ਪ੍ਰਸ਼ਾਦੇ ਇੱਥੇ ਹੀ। ਭੁੱਖ ਦੂਰ ਹੋ ਜਾਏਗੀ ਤੇ ਉਨ੍ਹਾਂ ਦੇ ਪ੍ਰਸ਼ਾਦਿਆਂ ਦੇ ਵਿੱਚ ਸੰਖੀਆ ਪਾ ਦੇਈਏ ਤੇ ਉਹ ਆਪੇ ਹੀ ਜਦ ਖਾਣਗੇ, ਮਰ ਜਾਣਗੇ। ਕਹਿੰਦਾ ਠੀਕ ਹੈ। ਬਜ਼ਾਰ 'ਚੋਂ ਲਿਆ, ਲੈ ਕੇ ਜ਼ਹਿਰ ਪਾ ਲਈ ਉਹਦੇ ਵਿੱਚ। ਪਾ ਕੇ ਵਾਪਸ ਚਲ ਪਏ।

ਓਧਰ ਉਹ ਚੁੱਪ ਕਰੇ ਬੈਠੇ ਨੇ, ਜਿਹੜੇ ਦੋਵੇਂ ਜਣੇ ਰਾਖੀ ਕਰਦੇ ਨੇ। ਕਹਿੰਦਾ ਕੀ ਗੱਲ ਤੂੰ ਕੋਈ ਗੱਲ ਨਹੀਂ ਕਰਦਾ। ਖੁਸ਼ੀ ਹੋਣੀ ਚਾਹੀਦੀ ਹੈ। ਕਹਿੰਦਾ, ਕੁਛ ਸੋਚਦਾ ਹਾਂ। ਕਹਿੰਦਾ ਤੂੰ ਕੀ ਸੋਚਦਾ ਹੈਂ? ਤੂੰ ਨਹੀਂ ਸੋਚਦਾ। ਕਹਿੰਦਾ ਮੈਂ ਵੀ ਸੋਚਦਾ ਹਾਂ। ਇਕ ਕਹਿੰਦਾ ਕਿ ਐਉਂ ਸੋਚਦਾ ਹਾਂ ਕਿ ਆਪਾਂ ਹੀ ਦੋਵੇਂ ਵੰਡ ਲਈਏ ਜੇ ਥੈਲੀ, ਉਨ੍ਹਾਂ ਨੂੰ ਨਾ ਦੇਈਏ। ਕਹਿੰਦੇ ਫੇਰ ਕਰੀਏ ਕੀ? ਕੋਈ ਜੁਗਤ ਹੈ? ਕਹਿੰਦਾ ਜੁਗਤ ਤਾਂ ਹੈਗੀ, ਤਲਵਾਰਾਂ ਆਪਣੇ ਕੋਲ ਨੇ। ਜਦ ਰੋਟੀਆਂ ਰੱਖਣ ਲੱਗਣਗੇ, ਜਦੇ ਗਰਦਨਾਂ ਵੱਢ ਦਓ ਉਨ੍ਹਾਂ ਦੀਆਂ। ਫੇਰ ਆਪਾਂ ਵੰਡ ਲਵਾਂਗੇ, ਨਦੀ ਕੋਲ ਦੀ ਜਾਂਦੀ ਹੈ। ਖਿੱਚ ਕੇ ਵਿੱਚ ਸੁੱਟ ਦੇਵਾਂਗੇ। ਵਿਉਂਤ ਪੂਰੀ ਬਣਾ ਲਈ, ਉਹ ਆ ਕੇ ਜਦ ਰੋਟੀਆਂ ਰੱਖਣ ਲੱਗੇ, ਤਲਵਾਰਾਂ ਕੱਢੀਆਂ ਹੋਈਆਂ ਸੀ ਉਦੋਂ ਹੀ ਗਰਦਨਾਂ ਵੱਢ ਦਿੱਤੀਆਂ। ਧੂਹ ਕੇ ਨਦੀ

ਵਿੱਚ ਸੁੱਟ ਆਏ। ਹੁਣ ਕਹਿੰਦੇ ਆਪਾਂ ਰੋਟੀ ਖਾ ਲਈਏ, ਜਦ ਰੋਟੀ ਖਾਈ, ਉਹਦੇ 'ਚ ਜ਼ਹਿਰ ਪਾਈ ਹੋਈ ਸੀ। ਉਹ ਵੀ ਮਰ ਗਏ, ਇਸ ਤਰ੍ਹਾਂ ਚਾਰੋਂ ਹੀ ਮਰ ਗਏ।

ਭਗਤਾਂ ਨੂੰ ਕਹਿਣ ਲੱਗੀ ਮਾਇਆ ਕਿ ਇਸ ਤਰ੍ਹਾਂ ਲੜਦੀ ਹਾਂ, ਸੰਤੋਂ! ਮਨਮੁਖਾਂ ਦੇ।

***ਮਾਇਆ ਹੋਈ ਨਾਗਨੀ***
***ਜਗਤਿ ਰਹੀ ਲਪਟਾਇ ॥***
***ਇਸ ਕੀ ਸੇਵਾ ਜੋ ਕਰੇ***
***ਤਿਸ ਹੀ ਕਉ ਫਿਰਿ ਖਾਇ ॥ ਅੰਗ - ੫੧੦***
***ਮਾਇਆ ਮਮਤਾ ਮੋਹਣੀ***
***ਜਿਨਿ ਵਿਣੁ ਦੰਤਾ ਜਗੁ ਖਾਇਆ ॥***
***ਮਨਮੁਖ ਖਾਧੇ ਗੁਰਮੁਖਿ ਉਬਰੇ***
***ਜਿਨੀ ਸਚਿ ਨਾਮਿ ਚਿਤੁ ਲਾਇਆ ॥***
***ਬਿਨੁ ਨਾਵੈ ਜਗੁ ਕਮਲਾ ਫਿਰੈ***
***ਗੁਰਮੁਖਿ ਨਦਰੀ ਆਇਆ ॥ ਅੰਗ - ੬੪੩***

ਬਗੈਰ ਨਾਮ ਤੋਂ ਸਾਰਾ ਹੀ ਸੰਸਾਰ ਕਮਲਿਆਂ ਦਾ ਤੁਰਿਆ ਫਿਰਦਾ ਹੈ। ਗੁਰਮੁਖਾਂ ਨੂੰ ਨਜ਼ਰ ਆ ਜਾਂਦਾ ਹੈ। ਸੋ ਇਹ ਦੂਜਾ ਕੰਮ ਕੀ ਕਰਦੀ ਹੈ -

***ਇਨਿ ਮਾਇਆ ਜਗਦੀਸ ਗੁਸਾਈ***
***ਤੁਮ੍ਹਰੇ ਚਰਨ ਬਿਸਾਰੇ ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ ॥ ਅੰਗ - ੮੫੭***

ਕੋਲ ਰਹਿੰਦੇ ਵਾਹਿਗੁਰੂ ਨੂੰ ਭੁਲਾ ਦਿੰਦੀ ਹੈ। ਬੰਦੇ ਨੂੰ ਭੁਲਾ ਦਿੰਦੀ ਹੈ ਦੇਖੋ, ਅਜੀਬ ਗੱਲ। ਤੁਸੀਂ ਤੇ ਮੈਂ ਸਾਰੇ ਭੁੱਲੇ ਹੋਏ ਓਂ। ਸਾਨੂੰ ਨਹੀਂ ਪਤਾ ਅਸੀਂ ਕੌਣ ਹਾਂ। ਸੰਤ ਹਾਕਾਂ ਮਾਰ-ਮਾਰ ਦੱਸੀ ਜਾਂਦੇ ਨੇ ਕਿ ਤੂੰ ਕੌਣ ਹੈਂ, ਨਹੀਂ ਅਸੀਂ ਮੰਨਦੇ ਕਿਉਂਕਿ ਭੁਲਾਏ ਹੋਏ ਹਾਂ ਮਾਇਆ ਨੇ।

ਇੱਕ ਵਾਰੀ ਬਚਨ ਹੋ ਰਿਹਾ ਸੀ, ਕ੍ਰਿਸ਼ਨ ਮਹਾਰਾਜ ਦੇ ਮੁੱਖ ਤੋਂ ਸਹਿਜ ਸੁਭਾਅ ਨਿਕਲ ਗਿਆ, ਕਹਿੰਦੇ ਅਰਜਨ! ਇਹ ਜਿਹੜੀ ਮੇਰੀ ਤ੍ਰਿਗੁਣੀ ਮਾਇਆ ਹੈ ਮੈਂ ਇਹਦੇ ਓਹਲੇ ਰਹਿੰਦਾ ਹਾਂ। ਇਹਨੇ ਸਾਰੇ ਸੰਸਾਰ ਨੂੰ ਭੁਲਾਇਆ ਹੋਇਆ ਹੈ। ਕਹਿੰਦੇ ਇਹਨੇ ਮੈਨੂੰ ਤਾਂ ਭੁਲਾਉਣਾ ਹੀ ਸੀ, ਇਹਨੇ ਆਪਣੇ ਆਪ ਓਸਨੂੰ ਵੀ ਭੁਲਾਇਆ ਹੋਇਆ ਹੈ। ਕਹਿੰਦਾ, ਮਹਾਰਾਜ! ਆਪਣੇ ਆਪ ਨੂੰ ਵੀ ਕੋਈ ਭੁੱਲ ਜਾਂਦਾ ਹੈ। ਕਹਿੰਦੇ ਹਾਂ, ਮਾਇਆ ਐਸੀ ਪ੍ਰਬਲ ਹੈ ਕਿ ਬੰਦਾ ਆਪਣੇ ਆਪ ਨੂੰ ਵੀ ਭੁੱਲ ਜਾਂਦਾ ਹੈ ਕਿ ਮੈਂ ਕੌਣ ਹਾਂ। ਕਹਿੰਦਾ, ਮੈਂ ਨਹੀਂ ਮਹਾਰਾਜ! ਭੁੱਲ ਸਕਦਾ। ਮੈਨੂੰ ਦਿਖਾਓ ਮਾਇਆ ਦਾ ਕਿੰਨਾ ਕੁ ਜ਼ੋਰ ਹੈ। ਕਹਿੰਦੇ, ਅਰਜਨ! ਤੂੰ ਤਾਂ ਐਨਾ ਭੁੱਲ ਜਾਏਂਗਾ, ਮੈਨੂੰ ਵੀ ਗਾਲ੍ਹਾਂ ਕੱਢੇਂਗਾ। ਕਹਿੰਦਾ, ਮਹਾਰਾਜ! ਇਹ ਕਦੇ ਹੋ ਸਕਦਾ ਹੈ? ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਮੈਨੂੰ ਮਾਇਆ ਦਿਖਾ ਦਿਓ। ਇੱਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਤਿੰਨ ਦਿਨ ਲੰਘ ਗਏ।

ਇੱਕ ਦਿਨ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਚੱਲ ਦਿਖਾ ਹੀ ਦਿੰਦੇ ਹਾਂ ਇਹਨੂੰ। ਸਮਰੱਥ ਪੁਰਸ਼ ਸੀ, ੧੬ ਕਲਾਂ ਸੰਪੂਰਨ ਅਵਤਾਰ ਸੀ। ਬਾਹਰ ਜੰਗਲ 'ਚ ਚਲੇ ਗਏ, ਰਥ 'ਚੋਂ ਉਤਰ ਆਏ। ਦਾਤਨ ਹੱਥ ਵਿੱਚ ਹੈ, ਕਹਿਣ ਲੱਗੇ, ਅਰਜਨ! ਪਾਣੀ ਲਿਆ। ਨਾਲ ਹੀ ਕਹਿਣ ਲੱਗੇ ਕਿ ਮੈਂ ਤੇਰੇ 'ਤੇ ਮਾਇਆ ਪਾ ਦੇਣੀ ਹੈ, ਹੁਣ ਹੁਸ਼ਿਆਰ ਰਹੀਂ। ਕਹਿੰਦਾ, ਮੈਂ ਨਹੀਂ ਭੁੱਲਦਾ ਮਹਾਰਾਜ! ਕਿੰਨੀਓਂ ਮਾਇਆ ਪਾ ਦਿਓ। ਕਹਿੰਦੇ, ਮੈਨੂੰ ਵੀ ਭੁੱਲ ਜਾਏਂਗਾ, ਆਪਣੇ ਆਪ ਨੂੰ ਵੀ ਭੁੱਲ ਜਾਏਂਗਾ। ਕਹਿੰਦੇ, ਜਾਹ, ਪਾਣੀ ਲਿਆ, ਪਾਣੀ 'ਚ ਇੱਕ ਪੈਰ ਰੱਖ ਲਿਆ ਤੇ ਥੋੜ੍ਹਾ ਜਿਹਾ ਅਗਾਹਾਂ ਹੋ ਕੇ ਗੜ੍ਹਵੀ ਭਰਨ ਲੱਗਿਆ ਕਿ ਸੋਹਣਾ ਪਾਣੀ ਲੈ ਜਾਵਾਂ, ਕੰਢੇ ਦਾ ਨਾ ਲਵਾਂ ਤੇ ਜਦ ਗੜ੍ਹਵੀ ਭਰਨ ਵਾਸਤੇ ਝੁਕਿਆ, ਮਾਇਆ ਪੈ ਗਈ ਓਸ 'ਤੇ। ਕੀ ਦੇਖਦਾ ਹੈ ਕਿ ਸਮਾਂ ਹੀ ਬਦਲ ਗਿਆ ਸਾਰਾ। ਨਾ ਉਹ ਜੰਗਲ ਰਿਹਾ, ਨਾ ਉਹ ਸਰੋਵਰ ਰਿਹਾ। ਨਾ ਕ੍ਰਿਸ਼ਨ ਮਹਾਰਾਜ ਰਹੇ, ਯਾਦ ਹੈ ਕਿ ਕ੍ਰਿਸ਼ਨ ਮਹਾਰਾਜ ਨੂੰ ਮੈਂ ਪਾਣੀ ਲੈ ਕੇ ਜਾਣਾ ਸੀ। ਲੇਕਿਨ ਸਰੋਵਰ ਹੈ ਨਹੀਂ, ਖੁਸ਼ਕੀ 'ਤੇ ਖੜ੍ਹਾ ਹੈ। ਓਸ ਵੇਲੇ ਆਵਾਜ਼ਾਂ ਦੇਣ ਲਗ ਗਿਆ ਕਿ ਮਹਾਰਾਜ! ਤੁਸੀਂ ਕਿੱਥੇ ਓਂ, ਤੁਸੀਂ ਕਿੱਥੇ ਓਂ? ਓਧਰੋਂ ਸ਼ੇਰ ਆ ਗਿਆ, ਹੱਥ 'ਚ ਕੋਈ ਕਮਾਨ ਨਹੀਂ, ਕੁਛ ਨਹੀਂ ਹੈ। ਨੱਠ ਲਿਆ, ਨੱਠ ਕੇ ਦਰਖਤ 'ਤੇ ਚੜ੍ਹ ਗਿਆ, ਸ਼ੇਰ ਹੇਠਾਂ ਮੂੰਹ ਅੱਡੀ ਦਹਾੜੀ ਜਾਂਦਾ ਹੈ। ਉਹ ਪਰ੍ਹੇ ਹੋ ਜਾਂਦਾ ਹੈ। ਫੇਰ ਅੱਗੇ ਹੋ ਜਾਂਦਾ, ਅੱਗੇ ਇੱਕ ਵੱਡੀ ਸਰਾਲ ਆ ਗਈ। ਡਰ ਗਿਆ ਓਸ ਤੋਂ, ਚੀਤੇ ਫਿਰਦੇ ਨੇ, ਹੋਰ ਸੱਪ ਫਿਰਦੇ ਨੇ। ਤਿੰਨ ਦਿਨ-ਤਿੰਨ ਰਾਤਾਂ ਓਸ ਜੰਗਲ 'ਚ, ਕਦੇ ਦਰਖਤ 'ਤੇ ਚੜ੍ਹ ਕੇ ਕੱਟਦਾ ਹੈ, ਕਦੇ ਦੌੜ ਕੇ ਜਾਂਦਾ ਹੈ। ਅਖੀਰ ਤਿੰਨ ਦਿਨ ਤੋਂ ਬਾਅਦ ਬਾਹਰ ਨਿਕਲਦਾ ਹੈ। ਬਾਹਰ ਨਿਕਲ ਕੇ ਹਾਕਾਂ ਮਾਰਦਾ ਜਾਂਦਾ ਹੈ ਕਿ ਹੇ ਪ੍ਰਭੂ! ਤੁਸੀਂ ਕਿੱਥੇ ਚਲੇ ਗਏ? ਭੁੱਲਿਆ ਨਹੀਂ ਅਜੇ ਤੱਕ। ਐਨੇ ਨੂੰ ਕੋਈ ਸਿਆਣਾ ਬੰਦਾ ਆਇਆ, ਕਹਿਣ ਲੱਗਿਆ, ਪ੍ਰਦੇਸੀਆ! ਤੂੰ ਕੀਹਨੂੰ ਆਵਾਜ਼ਾਂ ਮਾਰਦਾ ਹੈਂ। ਕਹਿੰਦਾ ਮੈਂ ਕ੍ਰਿਸ਼ਨ ਮਹਾਰਾਜ! ਨੂੰ ਆਵਾਜ਼ਾਂ ਮਾਰਦਾ ਹਾਂ। ਕਹਿੰਦਾ ਕੀ ਗੱਲ? ਕਹਿੰਦਾ, ਮੇਰੇ ਨਾਲ ਹੁਣੇ ਹੀ ਸੀਗੇ ਥੋੜ੍ਹੀ ਦੇਰ ਪਹਿਲਾਂ, ਤਿੰਨ ਦਿਨ ਪਹਿਲਾਂ। ਪਤਾ ਨਹੀਂ ਕਿੱਥੇ ਚਲੇ ਗਏ, ਕਿਹੜਾ ਜੰਗਲ ਹੈ ਮੈਨੂੰ ਕੁਛ ਨਹੀਂ ਪਤਾ ਲਗਦਾ। ਉਹ ਕਹਿੰਦੇ, ਮੈਂ ਤੈਨੂੰ ਇੱਕ ਗੱਲ ਕਹਾਂ, ਗੁੱਸਾ ਤਾਂ ਨਹੀਂ ਕਰੇਂਗਾ? ਕਹਿੰਦਾ ਕਹਿ। ਕਹਿੰਦਾ, ਮੈਨੂੰ ਐਉਂ ਲਗਦਾ ਹੈ, ਜਿਵੇਂ ਤੂੰ ਪਾਗਲਖਾਨੇ ਤੋਂ ਨੱਠ ਕੇ ਆਇਆ ਹੁੰਦਾ ਹੈਂ। ਤੇਰਾ ਦਿਮਾਗ ਹਿੱਲਿਆ ਹੋਇਆ ਹੈ। ਕਹਿੰਦਾ, ਤਿੰਨ ਸੌ ਸਾਲ ਹੋ ਗਏ, ਕ੍ਰਿਸ਼ਨ ਨੂੰ ਤੇ ਅਰਜਨ ਨੂੰ। ਕਹਿੰਦਾ, ਅਰਜਨ ਤਾਂ ਮੈਂ ਹਾਂ। ਉਹ ਕਹਿੰਦਾ ਤਾਂ ਹੀ ਤਾਂ ਮੈਂ ਕਹਿੰਦਾ ਹਾਂ ਤੂੰ ਕਮਲਾ ਹੋਇਆ ਹੋਇਆ ਹੈਂ। ਤਿੰਨ ਸੌ ਸਾਲ ਹੋ ਗਏ, ਕ੍ਰਿਸ਼ਨ ਮਹਾਰਾਜ ਵੀ ਸਰੀਰ ਛੱਡ ਗਏ। ਬੱਧਕ ਨੇ ਬਾਣ ਮਾਰਿਆ ਸੀ ਉਨ੍ਹਾਂ ਦੇ ਤੇ ਅਰਜੁਨ, ਭੀਮ, ਨਕੁਲ, ਸਹਿਦੇਵ ਤੇ ਯੁਧਿਸ਼ਟਰ; ਪਹਾੜਾਂ 'ਚ ਜਾ ਕੇ ਸਰੀਰ ਛੱਡ ਗਏ। ਬਰਫਾਂ 'ਚ ਗਲ ਗਏ। ਉਨ੍ਹਾਂ ਦੀ ਕੋਈ ਉੱਘ ਸੁੱਘ ਨਹੀਂ ਅੱਜ ਤੱਕ ਮਿਲੀ। ਤੂੰ ਕਿਹੜੀਆਂ ਗੱਲਾਂ ਕਰਦਾ ਹੈਂ? ਜੇ ਇਤਬਾਰ ਨਹੀਂ ਆਉਂਦਾ ਤਾਂ ਸਾਡਾ ਜਿਹੜਾ ਰਾਜਾ ਹੈ, ਉਹ ਕ੍ਰਿਸ਼ਨ ਭਗਤ

ਹੈ, ਉਹਨੇ ਆਪਣੀ ਧਰਮਸਾਲਾ ਦੇ ਵਿੱਚ ਮਹਾਂਭਾਰਤ ਦੀ ਕਥਾ ਖੋਲ੍ਹੀ ਹੋਈ ਹੈ। ਉਹ ਵੇਦ ਵਿਆਸ ਨੇ ਲਿਖੀ ਸੀ। ਉਹਦਾ ਪੁਰਬ ਚਲਦਾ ਹੈ, ਚੱਲ ਤੈਨੂੰ ਸੁਣਾ ਦਿੰਦਾ ਹਾਂ। ਨਾਲ ਚਲਿਆ ਗਿਆ, ਉਥੇ ਬੈਠ ਗਿਆ, ਉਥੇ ਕਥਾ ਹੁੰਦੀ ਹੈ, ਜੋ ਕੁਛ ਦੱਸਿਆ ਸੀ ਸਾਰੀਆਂ ਗੱਲਾਂ ਦੱਸ ਕੇ ਕਹਿਣ ਲੱਗੇ, ਉਹ ਤਾਂ ਬਰਫਾਂ 'ਚ ਗਲ ਗਏ ਤੇ ਉਨ੍ਹਾਂ ਦਾ ਲੜਕਾ ਜਿਹੜਾ ਪ੍ਰੀਛਤ ਸੀ ਉਹਨੇ ਪ੍ਰੀਛਤਗੜ੍ਹ ਨੂੰ ਰਾਜਧਾਨੀ ਬਣਾ ਕੇ ਮੇਰਠ ਕੋਲ ਰਾਜ ਕਰਿਆ ਤੇ ਉਹ ਸੱਪ ਲੜਨ ਨਾਲ ਮਰ ਗਿਆ। ਉਹਦਾ ਮੁੰਡਾ ਜਨਮੇਜਾ ਰਾਜ ਕਰਦਾ ਸੀ, ਉਹ ਕੋਹੜੀ ਹੋ ਕੇ ਮਰ ਗਿਆ ਤੇ ਹੁਣ ਉਹਦਾ ਪੜੋਤਾ ਰਾਜ ਕਰ ਰਿਹਾ ਹੈ।

ਕਹਿਣ ਲੱਗਿਆ, ਹੈਂ! ਇਹ ਤਾਂ ਕਹਾਣੀ ਚਲਦੀ ਹੈ। ਕਹਿੰਦਾ, ਦੇਖ ਲਿਆ, ਸੁਣ ਲਿਆ, ਕਹਿੰਦਾ ਮੈਨੂੰ ਯਕੀਨ ਜਿਹਾ ਹੀ ਨਹੀਂ ਆਉਂਦਾ। ਕਹਿੰਦਾ, ਤਾਂ ਹੀ ਤਾਂ ਮੈਂ ਤੈਨੂੰ ਕਿਹਾ ਹੈ ਕਿ ਤੂੰ ਕਮਲਾ ਹੋ ਗਿਆ। ਦੇਖ, ਇੱਥੇ ਅਰਜਨ ਨਾ ਨਾਉਂ ਕਹੀਂ। ਪ੍ਰਦੇਸੀ ਨਾਉਂ ਤੇਰਾ ਵਧੀਆ ਹੈ। ਰਾਜੇ ਨੂੰ ਮਿਲ ਲੈ, ਜੁਆਨ ਲਗਦਾ ਹੈਂ ਤੈਨੂੰ ਰੱਖ ਲਏਗਾ ਫੌਜ 'ਚ। ਰਾਜੇ ਕੋਲ ਚਲਿਆ ਗਿਆ, ਕਹਿਣ ਲੱਗਿਆ ਤੇਰਾ ਕੀ ਨਾਉਂ ਹੈ? ਕਹਿੰਦਾ, ਮੇਰਾ ਨਾਮ ਹੈ ਪ੍ਰਦੇਸੀ। ਕਹਿੰਦੇ, ਕੋਈ ਕਰਤੱਬ ਆਉਂਦਾ ਹੈ? ਕਹਿੰਦਾ, ਮੈਨੂੰ ਤੀਰ ਕਮਾਨ ਦਾ ਕਰਤੱਬ ਆਉਂਦਾ ਹੈ, ਬਹੁਤ ਜ਼ਬਰਦਸਤ। ਚੱਲਵਾ ਕੇ ਦੇਖੇ, ਰਾਜਾ ਖੁਸ਼ ਹੋ ਗਿਆ, ਬਖਸ਼ੀ ਬਣਾ ਦਿੱਤਾ ਗਿਆ ਫੌਜ ਦਾ। ਸਾਲ, ਦੋ ਸਾਲ ਬਾਅਦ ਰਾਜੇ ਨੇ ਆਪਣੀ ਲੜਕੀ ਵਿਆਹ ਦਿੱਤੀ ਇਸ ਨਾਲ। ਐਨਾ ਜ਼ਿਆਦਾ ਵਿਕਾਰਾਂ 'ਚ ਫਸਿਆ ਕਿ ਨਾ ਕੋਈ ਸੰਧਿਆ, ਨਾ ਕੋਈ ਤਰਪਣ, ਨਾ ਕੋਈ ਗਾਇਤ੍ਰੀ, ਨਾ ਕੋਈ ਪੂਜਾ, ਨਾ ਕੋਈ ਪਾਠ, ਐਨਾ ਨਾਸਤਕ ਹੋਇਆ, ਜੇ ਕੋਈ ਕ੍ਰਿਸ਼ਨ ਦਾ ਨਾਮ ਲੈਂਦਾ ਹੈ, ਵੱਢ ਖਾਣਿਆਂ ਵਾਂਗਣ ਪੈਂਦਾ ਹੈ। ਵਿਸ਼ੇ ਵਿਕਾਰਾਂ 'ਚ ਜ਼ਿੰਦਗੀ ਬਿਤਾਉਣੀ ਸ਼ੁਰੂ ਕਰ ਦਿੱਤੀ, ਭੁੱਲ ਗਿਆ ਰਾਮ, ਭੁੱਲ ਗਿਆ ਸ਼ੁੱਭ ਆਚਰਣ ਨੂੰ, ਮਾੜਾ ਆਚਰਣ ਹੋ ਗਿਆ, ਦਿਨ ਰਾਤ ਵਿਸ਼ੇ ਵਿਕਾਰਾਂ 'ਚ ਪਿਆ ਰਹਿੰਦਾ ਹੈ। ਬੜਾ ਸਮਾਂ ਲੰਘ ਗਿਆ। ਸਮਾਂ ਲੰਘਣ ਤੋਂ ਬਾਅਦ ਇਕ ਦਿਨ ਓਹਦੀ ਘਰਵਾਲੀ ਚੜ੍ਹਾਈ ਕਰ ਗਈ। ਚੜ੍ਹਾਈ ਕਰੀ ਤਾਂ ਬਹੁਤ ਰੋਣ ਲਗ ਗਿਆ। ਕਹਿੰਦਾ, ਮੈਂ ਨਹੀਂ ਜੀਉਣਾ। ਰਾਜਾ ਵੀ ਕਹਿੰਦਾ ਹੈ ਕਿ ਪ੍ਰਦੇਸੀ! ਕੋਈ ਗੱਲ ਨਹੀਂ, ਠੀਕ ਹੈ ਇਹ ਚੜ੍ਹਾਈ ਕਰ ਗਈ ਪਰ ਤੂੰ ਕਾਹਨੂੰ ਮਰਦਾ ਹੈਂ? ਕਹਿੰਦਾ, ਨਹੀਂ ਮੈਂ ਤਾਂ ਇਹਦੇ ਨਾਲ ਹੀ ਸਤੀ ਹੋਣਾ ਹੈ। ਚਿਖਾ 'ਤੇ ਨਾਲ ਜਲਣਾ ਹੈ। ਦੁਨੀਆਂ ਸਮਝਾ ਰਹੀ ਹੈ, ਨਹੀਂ ਸਮਝਦਾ। ਅਖੀਰ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ ਕਿ ਜਾਹ, ਅਰਜਨ ਮੰਨਦਾ ਨਹੀਂ ਗੱਲ ਉਹਨੂੰ ਯਾਦ ਕਰਾ, ਕਿ ਤੂੰ ਅਰਜਨ ਹੈਂ, ਬਾਰ-ਬਾਰ ਯਾਦ ਕਰਾ, ਕਿ ਮੈਨੂੰ ਕ੍ਰਿਸ਼ਨ ਨੇ ਭੇਜਿਆ ਹੈ। ਉਥੇ ਚਲਿਆ ਜਾਂਦਾ ਹੈ, ਜਾ ਕੇ ਉਹਨੂੰ ਯਾਦ ਕਰਾਉਂਦਾ ਹੈ ਕਿ ਅਰਜਨ! ਤੂੰ ਐਨੇ ਮੋਹ ਮਾਇਆ 'ਚ ਪਿਆ ਹੋਇਆ ਹੈਂ। ਇਹ ਤਾਂ ਤੇਰੇ 'ਤੇ ਮਾਇਆ ਪਾਈ ਹੋਈ ਹੈ ਪ੍ਰਭੂ ਨੇ। ਕਹਿੰਦਾ ਕਿਹੜਾ ਅਰਜਨ! ਖਬਰਦਾਰ! ਜੇ ਮੈਨੂੰ ਅਰਜਨ ਕਿਹਾ ਹੈ। ਤੂੰ ਕੌਣ ਹੈ? ਕਹਿੰਦਾ ਮੈਂ ਊਧੋ ਹਾਂ। ਕਹਿੰਦਾ, ਵਾਹ ਬਈ ਵਾਹ ਤੂੰ ਵੀ ਪਾਗਲ ਹੀ ਬੰਦਾ ਹੈਂ ਕੋਈ। ਊਧੋ ਨੂੰ ਤਾਂ ਤਿੰਨ ਸੌ ਸਾਲ ਹੋ ਗਏ ਹੋਏ ਨੂੰ। ਅਖੀਰ ਜਦ ਨਹੀਂ ਮੰਨਦਾ ਕ੍ਰਿਸ਼ਨ ਮਹਾਰਾਜ ਆ ਗਏ। ਕਹਿਣ ਲੱਗੇ, ਅਰਜਨ! ਤੂੰ ਤਾਂ ਭੁੱਲ ਗਿਆ ਆਪਣੇ ਆਪ ਨੂੰ, ਤੂੰ ਮੈਨੂੰ ਹੁਣੇ ਹੀ ਕਿਹਾ ਸੀ ਕਿ ਮੈਂ ਨਹੀਂ ਭੁੱਲਦਾ। ਕਹਿੰਦਾ, ਤੁਸੀਂ ਕੌਣ ਹੋਂ। ਕਹਿੰਦੇ, ਮੈਨੂੰ ਭੁੱਲ ਗਿਆ ਤੂੰ? ਤੂੰ ਅਰਜਨ ਹੈਂ ਮੈਂ ਕ੍ਰਿਸ਼ਨ ਹਾਂ। ਹੱਸਣ ਲੱਗ ਗਿਆ, ਕਹਿੰਦਾ, ਮੈਂ ਵੀ ਇਵੇਂ ਹੀ ਕਹਿੰਦਾ ਸੀ ਕਿ ਮੈਂ ਅਰਜਨ ਹਾਂ, ਮੈਨੂੰ ਹੁਣ ਪਤਾ ਲੱਗਿਆ ਹੈ ਕਿ ਮੈਂ ਅਰਜਨ ਨਹੀਂ, ਮੈਂ ਤਾਂ ਪ੍ਰਦੇਸੀ ਹਾਂ। ਉਹ ਬਾਰ-ਬਾਰ ਸਮਝਾਉਂਦੇ ਨੇ, ਸਮਝਦਾ ਹੀ ਨਹੀਂ ਹੈ। ਉਸ ਤੋਂ ਬਾਅਦ ਉਹ ਕਹਿਣ ਲੱਗੇ, ਚੰਗਾ, ਜੇ ਤਾਂ ਤੂੰ ਜਲਣਾ ਹੈ ਤਾਂ ਐਉਂ ਕਰ ਆਹ ਸਾਮ੍ਹਣੇ ਸਰੋਵਰ ਹੈ ਇਹਦੇ 'ਚ ਇਸ਼ਨਾਨ ਕਰ ਲੈ। ਇਸ਼ਨਾਨ ਕਰਕੇ ਆ ਗਿਆ। ਕਹਿੰਦੇ ਅਰਜਨ! ਅਜੇ ਵੀ ਸਮਝ ਕਿ ਤੂੰ ਅਰਜਨ ਹੈਂ। ਕਹਿੰਦਾ, ਇਹ ਗੱਲ ਭੁੱਲ ਕੇ ਵੀ ਨਾ ਕਹਿਣਾ ਮੈਨੂੰ। ਮੈਨੂੰ ਪਾਗਲ ਬਣਾਉਂਦੇ ਓਂ ਤੁਸੀਂ, ਕੋਈ ਭੇਖੀ ਬੰਦਾ ਆ ਗਿਆ ਤੇ ਤੂੰ ਕ੍ਰਿਸ਼ਨ ਬਣਿਆ ਹੋਇਆ ਹੈਂ। ਕ੍ਰਿਸ਼ਨ ਨੂੰ ਚੜ੍ਹਾਈ ਕਰੇ ਤਾਂ ੩●● ਸਾਲ ਹੋ ਗਏ। ਜਦ ਦੇਖਿਆ ਕਿ ਹੁਣ ਨਹੀਂ ਇਹ ਕੋਈ ਗੱਲ ਮੰਨਦਾ ਹੈ। ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਥੱਪੜ ਮਾਰਿਆ ਮੂੰਹ 'ਤੇ। ਮਾਇਆ ਲਾਹ ਲਈ। ਮਾਇਆ ਲਾਹੀ ਤਾਂ ਕੀ ਦੇਖਦਾ ਹੈ ਕਿ ਇੱਕ ਪੈਰ ਪਾਇਆ ਹੋਇਆ ਹੈ ਸਰੋਵਰ 'ਚ ਤੇ ਗੜਵੀ ਹੱਥ ਵਿੱਚ ਹੈ। ਉਧਰੋਂ ਆਵਾਜ਼ ਆਈ, ਕਹਿੰਦੇ ਅਰਜਨ! ਕੀ ਸੋਚੀ ਜਾਂਦਾ ਹੈਂ। ਪਾਣੀ ਲਿਆ। ਕਹਿਣ ਲੱਗਿਆ, ਹੈਂ! ਇਹ ਕੀ ਗੱਲ, ਕਿਥੇ ਚਲੀ ਗਈ ਚਿਖਾ, ਕਿਥੇ ਮੇਰੀ ਘਰਵਾਲੀ ਚਲੀ ਗਈ, ਰੋਣ ਲਗ ਗਿਆ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਤੂੰ ਕਿਉਂ ਰੋਂਦਾ ਹੈਂ? ਕਹਿੰਦਾ ਮੇਰੀ ਘਰਵਾਲੀ ਮਰ ਗਈ। ਮੈਂ ਕਿੱਥੇ ਆ ਗਿਆ? ਕਹਿੰਦੇ ਉਹ ਤੇਰੀ ਘਰਵਾਲੀ ਕੋਈ ਨਹੀਂ ਸੀਗੀ ਤੇ ਤੂੰ ਤਾਂ ਅਰਜਨ ਹੈਂ, ਤੂੰ ਮੈਨੂੰ ਕਿਹਾ ਸੀ ਕਿ ਮੇਰੇ 'ਤੇ ਮਾਇਆ ਪਾਓ, ਮੈਂ ਤਾਂ ਤੇਰੇ ਤੇ ਮਾਇਆ ਪਾਈ ਹੈ। ਸਮਾਂ ਕਿੰਨਾ ਕੁ ਹੋਇਆ ਹੈ, ਇਹ ਤਾਂ ਸਾਰਾ ਹੀ ਇੱਕ ਮਿੰਟ ਲੰਘਿਆ ਹੈ। ਇੱਕ ਮਿੰਟ ਦਾ ਤੂੰ ਇੱਥੇ ਖੜ੍ਹਾ ਹੈਂ ਤਾਂ ਮੈਂ ਤੈਨੂੰ ਆਵਾਜ਼ ਮਾਰੀ ਹੈ। ਸਮਝ 'ਚ ਨਹੀਂ ਆਉਂਦਾ, ਅਖੀਰ ਆ ਕੇ ਚਰਨਾਂ 'ਤੇ ਢਹਿ ਪਿਆ, ਕਹਿੰਦਾ, ਹੇ ਪ੍ਰਭੂ! ਐਡੀ ਜ਼ਬਰਦਸਤ ਤੇਰੀ ਮਾਇਆ? ਭਗਵਾਨ ਕਹਿੰਦੇ, ਅਰਜਨ! ਐਸੇ ਤਰ੍ਹਾਂ ਜਿਵੇਂ ਤੂੰ ਭੁੱਲਿਆ ਹੈਂ ਨਾ ਐਉਂ ਸੰਸਾਰ ਭੁੱਲਿਆ ਹੋਇਆ ਹੈ ਸਾਰਾ ਹੀ ਤੇ ਭਗਵਾਨ ਸਭ ਦੇ ਨਾਲ ਰਹਿੰਦਾ ਹੈ, ਵਾਹਿਗੁਰੂ ਸਭ ਨਾਲ ਰਹਿੰਦਾ ਹੈ, ਆਪਣੇ ਆਪ ਨੂੰ ਵੀ ਭੁੱਲ ਗਿਆ, ਸਰੀਰ ਸਮਝੀ ਜਾਂਦਾ ਹੈ ਆਪਣੇ ਆਪ ਨੂੰ, ਬਥੇਰਾ ਮਹਾਂਪੁਰਸ਼ ਕਹਿੰਦੇ ਨੇ ਕਿ ਤੂੰ ਸਰੀਰ ਨਹੀਂ ਹੈਂ। ਕਹਿੰਦਾ ਹੈ ਮੈਂ ਤਾਂ ਸਰੀਰ ਹਾਂ। ਉਹ ਕਹਿੰਦੇ, ਤੇਰਾ ਨਾਮ ਇਹ ਐਵੇਂ ਹੀ ਰੱਖਿਆ ਹੋਇਆ ਹੈ ਸਰੀਰ ਦਾ, ਤੂੰ ਸਰੀਰ ਤੋਂ ਬਾਅਦ ਜੀਵ ਆਤਮਾ ਹੈਂ। ਤੂੰ ਸਰੀਰ ਨਹੀਂ, ਸਰੀਰ 'ਚ ਰਹਿਣ ਵਾਲਾ ਹੈਂ। ਤੂੰ ਆਪਣੇ ਆਪ ਨੂੰ ਕਿਉਂ ਸਰੀਰ ਮੰਨਦਾ ਹੈਂ, ਕਹਿੰਦਾ ਮੈਂ ਤਾਂ ਹਾਂ ਹੀ ਸਰੀਰ, ਫਲਾਣੇ ਦਾ ਪਿਉ ਹਾਂ, ਫਲਾਣੇ ਦਾ ਪਤੀ ਹਾਂ, ਫਲਾਣੇ ਦਾ ਭਰਾ ਹਾਂ। ਉਹ ਸਮਝਾ-ਸਮਝਾ ਕੇ ਹਾਰ ਜਾਂਦੇ ਸੀ।

ਮਹਾਰਾਜ ਕਹਿੰਦੇ, ਕੀ ਕਰੀਏ ਭਾਈ ਪ੍ਰੇਮੀਓ! ਮਾਇਆ ਦਾ ਰੌਲਾ ਹੈ ਸਾਰਾ –

***ਧਾਰਨਾ – ਤੁਮਰੇ ਚਰਨ ਵਿਸਾਰੇ ਜੀ,***
***ਇਨਿ ਮਾਇਆ ਜਗਦੀਸ ਗੁਸਾਈਂ।***

***ਇਨਿ੍ ਮਾਇਆ ਜਗਦੀਸ ਗੁਸਾਈ***
***ਤੁਮ੍ਰੇ ਚਰਨ ਬਿਸਾਰੇ ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ ॥ ਅੰਗ – ੮੫੭***

ਭੋਰਾ ਜਿੰਨਾ ਵੀ ਵਾਹਿਗੁਰੂ ਨਾਲ ਪਿਆਰ ਨਹੀਂ ਉਠਦਾ ਹਿਰਦੇ 'ਚੋਂ, ਕਹਿੰਦੇ ਕੀ ਕਰਿਆ ਜਾਵੇ। ਕਿਉਂਕਿ ਮਾਇਆ ਨਾਗਨੀ ਨੇ ਡੰਗ ਮਾਰ ਦਿੱਤਾ। ਉਹਦੇ ਨਾਲ ਬੇਹੋਸ਼ ਹੋ ਗਿਆ, ਬੇਹੋਸ਼ ਹੋਏ ਬੰਦੇ ਨੂੰ ਸਮਝਾ ਕੇ ਦੇਖ ਲਓ ਜੇ ਕਦੇ ਸਮਝ ਜਾਵੇ। ਸੁਪਨੇ ਵਿੱਚ ਬੰਦਾ ਫਿਰਦਾ ਹੋਵੇ, ਉਹਨੂੰ ਸਮਝਾ ਲਓ ਕਦੇ ਵੀ ਨਹੀਂ ਸਮਝਦਾ, ਉਹਨੂੰ ਤਾਂ ਸੁਫਨੇ 'ਚ ਨੀਂਦ ਆਈ ਹੋਈ ਹੈ, ਸੁਫਨੇ 'ਚ ਬੁਰੜਾ ਰਿਹਾ ਹੈ। ਮਹਾਰਾਜ ਕਹਿੰਦੇ ਹਾਲਤ ਕਿਹੋ ਜਿਹੀ ਹੁੰਦੀ ਹੈ? –

***ਨਰਪਤਿ ਏਕੁ ਸਿੰਘਾਸਨਿ ਸੋਇਆ***
***ਸੁਪਨੇ ਭਇਆ ਭਿਖਾਰੀ ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ***
***ਸੋ ਗਤਿ ਭਈ ਹਮਾਰੀ ॥ ਅੰਗ – ੬੫੬***

ਰਾਜਾ ਸੁਪਨੇ 'ਚ ਸੌਂ ਗਿਆ, ਤਖਤ 'ਤੇ ਬੈਠਾ-ਬੈਠਾ। ਸੁਪਨੇ ਦੇ ਵਿੱਚ ਆ ਗਿਆ ਕਿ ਰਾਜ ਖੋਹ ਲਿਆ। ਬੇਇਜ਼ਤ ਕਰਕੇ ਕੱਢ ਦਿੱਤਾ, ਬੜਾ ਦੁਖੀ ਹੁੰਦਾ ਰਿਹਾ। ਹੁਣ ਉਹਨੂੰ ਪਤਾ ਨਹੀਂ ਕਿ ਰਾਜ ਤਾਂ ਮੇਰੇ ਕੋਲ ਹੈ। ਇਹ ਤਾਂ ਮੈਨੂੰ ਸੁਪਨਾ ਆਇਆ ਹੋਇਆ ਹੈ। ਐਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਸਾਡਾ ਹਾਲ ਹੈ। ਵਾਹਿਗੁਰੂ ਸਾਡੇ ਨਾਲ ਰਹਿੰਦਾ ਹੈ, ਲੇਕਿਨ ਅਸੀਂ ਤਿੰਨ ਗੁਣਾਂ 'ਚ ਸੌਂ ਗਏ –

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ ॥ ਅੰਗ – ੯੨੦***

ਤਿੰਨਾਂ ਗੁਣਾਂ 'ਚ ਹੁੰਦਾ ਕੀ ਹੈ ਚਿੱਤ ਬਿਰਤੀਆਂ ਦਾ ਜਿਹੜਾ ਪ੍ਰਵਾਹ ਹੈ। ਉਹ ਤ੍ਰਿਗੁਣੀ ਮਾਇਆ ਦੇ ਵਿੱਚ ਜਾ ਕੇ ਫਸ ਜਾਂਦਾ ਹੈ। ਆਹ ਗੱਲ ਸਿਆਣੇ ਸਮਝਣ ਦਾ ਯਤਨ ਕਰਿਓ। ਤਿੰਨ ਗੁਣ ਨੇ, ਪਹਿਲਾਂ ਰਜੋ ਗੁਣ ਹੁੰਦਾ, ਸਤੋ ਗੁਣ ਹੁੰਦਾ, ਤਮੋ ਗੁਣ ਹੁੰਦਾ ਹੈ। ਮਹਾਰਾਜ ਕਹਿੰਦੇ ਸੌਂ ਗਿਆ ਸਾਰਾ ਹੀ ਸੰਸਾਰ। ਸਤੋ ਗੁਣ ਹੁੰਦਾ ਹੈ, ਚਿੱਤ ਦੇ ਵਿੱਚ ਉਦਾਰਤਾ। ਆਹ ਵੀ ਮੈਂ ਦੇ ਦੇਵਾਂ, ਆਹ ਵੀ ਦੇ ਦੇਵਾਂ, ਆਹ ਵੀ ਦੇਵਾਂ; ਲੈਣ ਦਾ ਨਹੀਂ ਹੁੰਦਾ, ਦਿੰਦਾ ਹੀ ਰਹਿੰਦਾ ਹੈ ਹੱਥ ਵਿਚੋਂ। ਦੂਸਰਾ ਗੁਣ ਹੁੰਦਾ ਹੈ ਸ਼ਾਂਤੀ। ਤੀਸਰਾ ਹੁੰਦਾ ਹੈ ਵੈਰਾਗ, ਚੌਥਾ ਹੁੰਦਾ ਹੈ ਵਿਚਾਰ, ਪੰਜਵਾਂ ਹੁੰਦੀ ਹੈ ਉਪਰਾਮਤਾ। ਕਿਸੇ ਚੀਜ਼ ਨਾਲ ਮੋਹ ਨਾ ਹੋਣਾ, ਟੁੱਟ ਕੇ ਰਹਿਣਾ ਹਰ ਵਕਤ। ਛੇਵਾਂ ਹੋਇਆ ਕਰਦਾ ਹੈ ਸਤਿਸੰਗ ਦੇ ਨਾਲ ਪ੍ਰੀਤ, ਸੱਤਵਾਂ ਹੋਇਆ ਕਰਦਾ ਹੈ ਆਤਮਾ ਦਾ ਚਿੰਤਨ ਕਰਨ ਦੀ ਕੋਸ਼ਿਸ਼ ਕਰਨੀ ਕਿ ਮੈਂ ਆਤਮਾ ਹਾਂ। ਅੱਠਵਾਂ ਹੋਇਆ ਰਖਦਾ ਹੈ – ਹਿਰਦੇ 'ਚ ਉਮਾਹ ਹੁੰਦਾ ਹੈ, ਜਿੱਥੇ ਸਤਿਸੰਗ ਹੋਵੇ ਚਾਓ ਦੇ ਨਾਲ ਉਥੇ ਪਹੁੰਚਦਾ ਹੈ, ਸਤਿ ਮਾਰਗ ਲਈ ਦ੍ਰਿੜ੍ਹਤਾ ਆਉਂਦੀ ਹੈ ਕਿ ਮੈਂ ਸਤਿ ਦੇ ਮਾਰਗ 'ਤੇ ਚੱਲਾਂ। ਪ੍ਰੇਮ ਹੁੰਦਾ ਹੈ, ਬ੍ਰਹਮ ਵਿੱਚ ਲੀਨ ਹੋਣ ਦੀ ਉਤੇਜਨਾ ਹੁੰਦੀ ਹੈ। ਇਹ ਜਦੋਂ ਬਿਰਤੀਆਂ ਦਾ ਪ੍ਰਵਾਹ ਹੋਵੇ ਉਹਨੂੰ ਸਤੋ ਗੁਣ ਪ੍ਰਵਾਹ ਕਹਿੰਦੇ ਨੇ ਕਿ ਸਤੋ ਗੁਣ ਬਿਰਤੀ ਚੱਲ ਰਹੀ ਹੈ। ਜਦੋਂ ਰਜੋ ਗੁਣ ਬਿਰਤੀ ਚਲਦੀ ਹੁੰਦੀ ਹੈ ਓਸ ਵੇਲੇ ਰਾਗ, attachment ਹੁੰਦੀ ਹੈ, ਪਕੜ ਹੋਣੀ ਸ਼ੁਰੂ ਹੋ ਜਾਂਦੀ ਹੈ ਚੀਜ਼ਾਂ ਨਾਲ। ਦ੍ਵੈਖ ਹੋ ਜਾਂਦੀ ਹੈ, ਜਿਹੜੇ ਕੋਈ ਗੱਲ ਗਲਤ ਕਰ ਦੇਣ, ਉਹ ਫੇਰ ਚੰਗੇ ਨਹੀਂ ਲਗਦੇ। ਉਨ੍ਹਾਂ ਦੇ ਨਾਲ ਖਾਹਮਖਾਹ ਵੈਰ ਹੋ ਜਾਏਗਾ। ਅੰਦਰੋਂ ਵੈਰ ਉਠੇਗਾ, ਵੈਰ ਦੀਆਂ ਲਹਿਰਾਂ ਉਠਣਗੀਆਂ ਕਿ ਬੜਾ ਮਾੜਾ ਬੰਦਾ ਹੈ। ਉਹਨੂੰ ਪਸੰਦ ਨਹੀਂ ਕਰੇਗਾ, ਦੂਰ ਕਰ ਦਏਗਾ। ਨਫਰਤ ਕਰੇਗਾ ਉਹਦੇ ਨਾਲ। ਤੀਸਰਾ ਚੰਚਲਤਾ ਹੁੰਦੀ ਹੈ, ਭਜਨ ਕਰਨ ਲੱਗੇਗਾ ਮਨ ਨੇ ਟਿਕਣਾ ਹੀ ਨਹੀਂ। ਮਨ ਛਲਾਂਗਾਂ ਮਾਰੇਗਾ। ਕਦੇ ਵਪਾਰ ਕਰਨ ਚਲਿਆ ਜਾਏਗਾ, ਕਦੇ ਕਿਤੇ ਚਲਿਆ ਜਾਏਗਾ, ਕਿਤੇ ਪੈਸੇ ਇਕੱਠੇ ਕਰਨ ਲਗ ਜਾਏਗਾ। ਸਕੀਮਾਂ ਬਣਾਉਣ ਲਗ ਜਾਏਗਾ, ਚੰਚਲਤਾ ਹੁੰਦੀ ਹੈ, ਟਿਕਦਾ ਨਹੀਂ ਹੈ। ਚੌਥਾ ਹੁੰਦਾ ਹੈ ਵਿਹਾਰਕ ਬਿਰਤੀ ਹੁੰਦੀ ਹੈ ਉਹਦੀ; ਉਹਦੀ ਬਿਰਤੀ ਪ੍ਰਮਾਰਥਕ ਨਹੀਂ ਹੁੰਦੀ। ਹਰ ਵਕਤ ਵਿਹਾਰਕ ਫੁਰਨੇ ਉਠਦੇ ਰਹਿੰਦੇ ਨੇ ਉਹਦੇ ਅੰਦਰ, ਭਜਨ ਕਰਨ ਵੇਲੇ ਵੀ ਵੈਸੇ ਵੀ ਤੇ ਛੇਵਾਂ ਹੁੰਦਾ ਹੈ ਰੁਝੇਵੇਂ, ਸੱਤਵਾਂ ਹੁੰਦਾ ਹੈ ਚਤੁਰਾਈਆਂ ਕਰਦਾ ਹੈ ਹਰ ਗੱਲ ਦੇ ਅੰਦਰ। ਅੱਠਵਾਂ ਵਿਖਸ਼ੇਪਤਾ ਹੁੰਦਾ ਹੈ, ਮਨ ਟਿਕਦਾ ਨਹੀਂ ਕਿਸੇ ਥਾਂ ਦੇ ਉੱਤੇ, ਵਿਖਸ਼ੇਪਤਾ ਪਈ ਰਹਿੰਦੀ ਹੈ। ਨੌਂਵੀ ਉਹਦੇ 'ਚ ਲੋਕ ਲੱਜਾ ਹੁੰਦੀ ਹੈ। ਲੋਕਾਂ ਵਾਸਤੇ ਕੰਮ ਕਰਦਾ ਹੈ ਕਿ ਲੋਕ ਮੈਨੂੰ ਚੰਗਾ ਕਹਿਣ, ਵਿਸ਼ਿਆ ਦੇ ਨਾਲ ਪ੍ਰੀਤੀ ਹੁੰਦੀ ਹੈ, ਭੋਗਾਂ ਦੇ ਨਾਲ, ਪੁੱਤਰਾਂ ਧੀਆਂ ਦੇ ਨਾਲ ਮਕਾਨਾਂ ਦੇ ਨਾਲ, ਕੱਪੜਿਆਂ ਦੇ ਨਾਲ, ਇਨ੍ਹਾਂ ਚੀਜ਼ਾਂ ਦੇ ਨਾਲ ਪ੍ਰੀਤੀ ਹੋਇਆ ਕਰਦੀ ਹੈ। ਇਹਨੂੰ ਰਜੋ ਗੁਣ ਪ੍ਰਵਾਹ ਕਹਿੰਦੇ ਨੇ। ਤੀਸਰਾ ਹੋਇਆ ਕਰਦਾ ਹੈ ਤਮੋ ਗੁਣ ਪ੍ਰਵਾਹ, ਤਮੋ ਗੁਣ ਦੇ ਵਿੱਚ ਮੂੜ੍ਹਤਾ ਹੁੰਦੀ ਹੈ, ਗੱਲ ਹੀ ਨਹੀਂ ਸਮਝਦਾ। ਇੱਕ ਥਾਉਂ ਅਖੰਡਪਾਠ ਦਾ ਭੋਗ ਪੈ ਕੇ ਹਟਿਆ। ਉਹਦਾ ਲੜਕਾ ਕਹਿਣ ਲੱਗਿਆ ਕਿ ਬਾਪੂ ਹਟਦਾ ਨਹੀਂ ਜਰਦਾ ਖਾਣ ਤੋਂ। ਮੈਂ ਕਿਹਾ ਬਜ਼ੁਰਗਾ! ਤੂੰ ਨਾ ਖਾਇਆ ਕਰ, ਬੀਮਾਰ ਹੋ ਜਾਏਂਗਾ। ਇਹਦੇ ਵਿੱਚ ਕੈਂਸਰ ਦਾ ਬੀਜ ਹੁੰਦਾ ਹੈ। ਕਹਿੰਦਾ, ਜਦੋਂ ਬੀਮਾਰ ਹੋਊਂਗਾ, ਫੇਰ ਦੇਖੀ ਜਾਊਗੀ। ਮੈਂ ਕਿਹਾ, ਫੇਰ ਤੈਨੂੰ ਬੜਾ ਦੁੱਖ ਹੋਏਗਾ। ਤੇਰੀ ਸੇਵਾ ਕਿਸੇ ਨੇ ਨਹੀਂ ਕਰਨੀ। ਹਾਇ-ਹਾਇ ਦਿਨ ਰਾਤ ਕਰੀਂ ਜਾਏਗਾ। ਕਹਿੰਦਾ, ਦੇਖੀ ਜਾਏਗੀ ਫੇਰ। ਮੈਂ ਕਿਹਾ ਦਰਗਾਹ ਨੂੰ ਮੰਨਦਾ ਹੈਂ ਤੂੰ? ਦਰਗਾਹ 'ਚ ਜਾ ਕੇ ਜਮਾਂ ਦੀਆਂ ਜੁੱਤੀਆਂ ਪੈਣਗੀਆਂ। ਕਹਿੰਦਾ, ਉਹ ਵੀ ਦੇਖੀ ਜਾਏਗੀ। ਇਹ ਬਿਰਤੀ ਨੂੰ ਮੂੜ੍ਹਤਾ ਕਹਿੰਦੇ ਨੇ। ਤਮੋ ਗੁਣੀ ਬਿਰਤੀ ਹੁੰਦੀ ਹੈ ਮੂੜ੍ਹਤਾ। ਗੱਲ ਨਾ ਮੰਨਣੀ ਕੋਈ ਵੀ। ਦੂਸਰੀ ਹੋਇਆ ਕਰਦੀ ਹੈ ਆਲਸ, ਭਜਨ ਬੰਦਗੀ ਵਾਸਤੇ ਆਲਸ, ਮਾੜੇ

ਕੰਮ ਕਰਨੇ ਹੋਣ ਫੇਰ ਸ਼ੇਰ ਵਰਗਾ ਹੌਂਸਲਾ।

***ਬੁਰੇ ਕਾਮ ਕਉ ਊਠਿ ਖਲੋਇਆ ॥***
***ਨਾਮ ਕੀ ਬੇਲਾ ਪੈ ਪੈ ਸੋਇਆ ॥ ਅੰਗ - ੭੩੮***
***ਚੰਗਿਆਈਂ ਆਲਕੁ ਕਰੇ***
***ਬੁਰਿਆਈਂ ਹੋਇ ਸੇਰੁ ॥ ਅੰਗ - ੫੧੮***

ਫੇਰ ਨੀਂਦ ਬਹੁਤੀ ਹੁੰਦੀ ਹੈ ਉਹਨੂੰ। ਆਈ ਜਾਂਦੀ ਹੈ, ਆਈ ਜਾਂਦੀ ਹੈ। ਛੇ ਘੰਟੇ ਦੀ ਨੀਂਦ ਤਾਂ ਸਰੀਰ ਵਾਸਤੇ ਜ਼ਰੂਰੀ ਹੁੰਦੀ ਹੈ ਸਾਧਸੰਗਤ ਜੀ। ਇਹਦੇ ਨਾਲ ਦਿਮਾਗ ਦੀ ਸਫਾਈ ਹੁੰਦੀ ਹੈ, ਸੈੱਲ ਸੈੱਟ ਹੁੰਦੇ ਨੇ, ਸਾਰਾ nervous system ਢਿੱਲਾ ਹੋ ਸੈੱਟ ਹੁੰਦਾ ਹੈ। ਛੇ ਤੋਂ ਵੱਧ, ਸੱਤ, ਡਾਕਟਰ ਲੋਕ ਅੱਠ ਵੀ ਕਹਿ ਦਿੰਦੇ ਨੇ। ਬੀਬੀਆਂ ਦੀ ਇੱਕ ਘੰਟਾ ਨੀਂਦ ਵੱਧ ਹੁੰਦੀ ਹੈ। ਬੱਚਿਆ ਦੀ ਦੋ ਘੰਟੇ ਵੱਧ ਹੁੰਦੀ ਹੈ। ਇਸ ਤੋਂ ਵੱਧ ਜਿਹੜੀ ਨੀਂਦ ਹੈ ਨਾ ਉਹ ਤਮੋ ਗੁਣੀ ਹੁੰਦੀ ਹੈ। ਫੇਰ ਹੁੰਦਾ ਹੈ 'ਮੋਹ'। ਮੋਹ ਦੇ ਵਸ ਹੋਇਆ ਹੁੰਦਾ ਹੈ, ਮੇਰਾ-ਮੇਰਾ-ਮੇਰਾ-ਮੇਰਾ ਕਰੀ ਜਾਂਦਾ ਹੈ; ਮੇਰਾ ਪੁੱਤਰ ਐਂ ਮੇਰੀ ਧੀ ਇਸ ਤਰ੍ਹਾਂ, ਮੋਹ ਦੇ ਵਸ ਪਿਆ ਹੁੰਦਾ ਹੈ। ਮਾੜੀ ਜਿਹੀ ਗੱਲ ਵੀ ਨਹੀਂ ਸਹਿਨ ਕਰਦਾ। ਜੇ ਮਾੜਾ ਕੁੱਤਾ ਵੀ ਮਰ ਜਾਏ, ਉਹਨੂੰ ਵੀ ਰੋਈ ਜਾਂਦਾ ਹੈ ਕਿ ਮੇਰਾ ਕੁੱਤਾ ਸੀ ਇਹ। ਮੋਹ ਦੇ ਵਸ ਹੋਇਆ ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ। ਉਸ ਅੱਗੇ 'ਕ੍ਰੋਧ' ਦਾ ਵੇਗ ਹੁੰਦਾ ਹੈ। ਤਮੋ ਗੁਣ ਦੇ ਵਿੱਚ ਆ ਕੇ ਕ੍ਰੋਧ ਚੜ੍ਹ ਜਾਣਾ, ਸਾਰਾ ਸਰੀਰ ਕੰਬਣ ਲਗ ਜਾਂਦਾ ਹੈ, ਫਿੱਕਾ ਬੋਲਦਾ ਹੈ ਫੇਰ ਉਹ। ਸਾਰਾ ਸਰੀਰ ਕ੍ਰੋਧ ਦੇ ਅਸਰ 'ਚ ਆ ਜਾਂਦਾ ਹੈ। ਫੇਰ ਕਾਮ ਦਾ ਵੇਗ ਚੜ੍ਹਦਾ ਹੈ, ਲੋਭ ਦਾ ਵੇਗ ਚੜ੍ਹਦਾ ਹੈ, ਈਰਖਾ ਆਉਂਦੀ ਹੈ ਉਹਦੇ ਅੰਦਰ, ਸੁੰਨਅਤਾ ਆਉਂਦੀ ਹੈ, ਬਾਣੀ ਦੀ ਵਿਚਾਰ ਨਹੀਂ ਕਰ ਸਕਦਾ। ਸੁੰਨ ਹੋ ਜਾਂਦਾ ਹੈ, ਨਿੰਦਿਆ 'ਚ ਉਹਦਾ ਚਿੱਤ ਲਗਦਾ ਹੈ, ਚੁਗਲੀ 'ਚ ਉਹਦਾ ਚਿੱਤ ਲਗਦਾ ਹੈ, ਨਫਰਤ ਵਿੱਚ ਉਹਨੂੰ ਬੜੀ ਖੁਸ਼ੀ ਹੁੰਦੀ ਹੈ; ਬੇਰੁਖੀ ਰਖਦਾ ਹੈ, ਫਿੱਕਾ ਬੋਲਦਾ ਹੈ। ਕੁਚਰਚਾ ਕਰਦਾ ਹੈ, ਚਰਚਾ ਨਹੀਂ ਕਰਦਾ; ਮਾੜੀਆਂ ਗੱਲਾਂ ਦੀ ਗੱਲ ਕਰਦਾ ਹੈ। ਇਹ ਤਿੰਨ ਪ੍ਰਵਾਹ ਬਿਰਤੀਆਂ ਦੇ ਹੁੰਦੇ ਨੇ, ਜਿਹੜਾ ਮਾਇਆ ਦੇ ਵਿੱਚ ਵਰਤ ਰਿਹਾ ਹੈ ਬੰਦਾ, ਕਹਿੰਦੇ ਇਹ ਤਿੰਨੋ ਜਿਹੜੀਆਂ ਬਿਰਤੀਆਂ ਨੇ, ਇਹ ਪ੍ਰਮੇਸ਼ਰ ਨੂੰ ਭੁਲਾ ਦਿਆ ਕਰਦੀਆਂ ਨੇ। ਫੇਰ ਪਿਆਰ ਰੱਬ ਨਾਲ ਕਿੱਥੇ ਪੈਣਾ ਹੈ, ਜਦ ਬਿਰਤੀਆਂ ਤਿੰਨ ਚਲਦੀਆਂ ਨੇ। ਸੋ ਐਸਾ ਵਿਰਲਾ-ਵਿਰਲਾ ਕੋਈ ਪੁਰਸ਼ ਹੈ ਜਿਹਨੂੰ ਗਿਆਨ ਅੰਦਰੋਂ ਹੋ ਜਾਵੇ, ਉਹ ਮਾਇਆ ਤੋਂ ਬਚਦਾ ਹੈ। ਜਿਹਨੇ ਤਿੰਨੋ ਗੁਣ ਵਸ 'ਚ ਕਰ ਲਏ -

***ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ***
***ਭਵਣ ਚਤੁਰ ਸੰਸਾਰਾ ॥***
***ਜਗ ਇਸਨਾਨ ਤਾਪ ਥਾਨ ਖੰਡੇ***
***ਕਿਆ ਇਹੁ ਜੰਤੁ ਵਿਚਾਰਾ ॥ ਅੰਗ - ੬੭੩***

ਕਹਿੰਦੇ ਮਾਇਆ ਨੇ ਤਿੰਨੋ ਗੁਣ ਆਪਣੇ ਵਸ ਵਿੱਚ ਕਰਕੇ ਛੱਡੇ ਹੋਏ ਨੇ ਸਾਡੇ ਅੰਦਰ। ਉਹਨੇ ਇਸ਼ਨਾਨ ਦਾ ਫਲ ਵੀ ਖੰਡਨ ਕਰ ਦਿੱਤਾ, ਤਪ ਵੀ ਖੰਡਨ ਕਰ ਦਿੱਤਾ। ਕਹਿੰਦੇ ਆਹ ਜੰਤ ਕੀ ਹੈ ਇਹਦੇ ਮੂਹਰੇ।

***ਮੁਨਿ ਜੋਗੀ ਸਾਸਤ੍ਰਗਿ ਕਹਾਵਤ***
***ਸਭ ਕੀਨ੍ਹੇ ਬਸਿ ਅਪਨਹੀ ॥***
***ਤੀਨਿ ਦੇਵ ਅਰੁ ਕੋੜਿ ਤੇਤੀਸਾ***
***ਤਿਨ ਕੀ ਹੈਰਤਿ ਕਛੁ ਨ ਰਹੀ ॥ ਅੰਗ-੪੯੯***

ਇਸਨੇ ਸਭ ਵਸ ਕਰ ਲਏ, ਮਾਇਆ ਦੇ ਮੂਹਰੇ ਇਨ੍ਹਾਂ ਦਾ ਕੋਈ ਵਸ ਨਹੀਂ ਚਲਦਾ।

***ਬਲਵੰਤਿ ਬਿਆਪਿ ਰਹੀ ਸਭ ਮਹੀ ॥***
***ਅੰਗ - ੪੯੯***

ਸਾਰੇ ਸੰਸਾਰ 'ਚ ਵਿਆਪਦੀ ਹੈ -

***ਅਵਰੁ ਨ ਜਾਨਸਿ ਕੋਊ ਮਰਮਾ***
***ਗੁਰ ਕਿਰਪਾ ਤੇ ਲਹੀ ॥ ਅੰਗ - ੪੯੯***

ਵੱਡੇ-ਵੱਡੇ ਜਿਹੜੇ ਸਾਧਨਾ ਕਰਨ ਵਾਲੇ ਸੀ, ਮਛੰਦਰ ਨਾਥ ਦੀ ਸਾਖੀ ਆਉਂਦੀ ਹੈ, ਗੋਰਖ ਦਾ ਗੁਰੂ ਸੀ। ਲੰਕਾ ਦੇ ਰਾਜਾ ਅਮਰ ਸਿੰਘ ਇਹਦਾ ਸੇਵਕ ਸੀ, ਰਾਜਾ ਸ਼ਿਵਨਾਭ ਦਾ ਪਿਤਾ, ਉਹ ਚੜ੍ਹਾਈ ਕਰ ਜਾਂਦਾ ਹੈ ਤੇ ਲੰਕਾ ਦੇ ਵਿੱਚ ਹੈ। ਰਾਣੀਆਂ ਸੇਵਾ ਕਰਨ ਵਾਸਤੇ ਆਉਂਦੀਆਂ ਨੇ, ਮਨ ਦੇ ਵਿੱਚ ਮਾਇਆ ਦਾ ਅਸਰ ਹੋ ਗਿਆ, ਬਿਰਤੀ ਗਿਰ ਗਈ, ਭੋਗਾਂ ਵਾਲੀ ਬਿਰਤੀ ਬਣ ਗਈ। ਹੁਣ ਇਸ ਸਰੀਰ ਨਾਲ ਤਾਂ ਭੋਗਾ 'ਚ ਜਾ ਨਹੀਂ ਸਕਦਾ ਕਿ ਬੜੀ ਬਦਨਾਮੀ ਹੋਏਗੀ। ਬੇਅੰਤ ਮੇਰੇ ਚੇਲੇ ਨੇ ਕੀ ਕਹਿਣਗੇ। ਸਰੀਰ ਬਦਲਣ ਦੀ ਸੋਚ ਲਈ। ਆਪਣੇ ਸਰੀਰ ਨੂੰ ਤਾਂ ਕੰਦਰਾ ਵਿੱਚ ਰੱਖ ਦਿੱਤਾ ਤੇ ਆਪ ਜਾ ਕੇ ਰਾਜੇ ਅਮਰੂ ਦੇ ਸਰੀਰ ਵਿੱਚ ਪ੍ਰਵੇਸ਼ ਕਰ ਗਿਆ। ਕਹਿੰਦੇ, ਰਾਜਾ ਜੀਉਂਦਾ ਹੋ ਗਿਆ, ਜੀਉਂਦਾ ਹੋ ਗਿਆ, ਖੁਸ਼ੀਆਂ ਹੋ ਗਈਆਂ। ਚੌਦਾਂ ਸਾਲ ਲੰਘ ਗਏ, ਭੋਗਾਂ 'ਚ ਮਸਤ ਹੋ ਗਿਆ। ਰਾਜਸੀ ਭੋਗ ਨੇ, ਰਾਣੀਆਂ ਨੇ। ਐਧਰਲੇ ਪਾਸੇ ਗੋਰਖ ਬਾਲ ਗੁੰਦਾਈ ਨਾਲ ਉੱਚੀ-ਨੀਵੀਂ ਗੱਲ ਕਰਨ ਲੱਗ ਗਿਆ। ਥੋੜ੍ਹਾ ਜਿਹਾ ਬਾਲ-ਗੁੰਦਾਈ ਵਿਗੜ ਗਿਆ। ਕਹਿਣ ਲੱਗਿਆ, ਗੋਰਖ ਤੂੰ ਨਹੀਂ ਬੋਲ ਸਕਦਾ, ਮੇਰੇ ਨਾਲ ਗੱਲ ਨਹੀਂ ਕਰ ਸਕਦਾ। ਕਹਿੰਦਾ ਕਿਉਂ? ਕਹਿੰਦਾ, ਤੇਰਾ ਗੁਰੂ ਦੇਖ ਲੈ ਪਹਿਲਾਂ ਕਿੱਥੇ ਹੈ। ਜੇ ਤੈਨੂੰ ਨਾ ਪਤਾ ਲੱਗਿਆ ਫੇਰ ਮੈਂ ਦੱਸ ਦੂੰ। ਬਥੇਰਾ ਗੋਰਖ ਨੇ ਦੇਖਿਆ, ਕੁਛ ਨਾ ਪਤਾ ਲੱਗਿਆ। ਕਹਿੰਦਾ, ਦੱਸ ਕਿੱਥੇ ਹੈ? ਕਹਿੰਦਾ, ਦੱਸਣਾ ਕਿੱਥੇ ਹੈ? ਰਾਜੇ ਅਮਰੂ ਦੇ ਸਰੀਰ 'ਚ ਪ੍ਰਵੇਸ਼ ਕਰਕੇ ਰਾਣੀਆਂ ਭੋਗਦਾ ਹੈ, ਐਡਾ ਤੇਰਾ ਗੁਰੂ ਗਿਰ ਗਿਆ ਥੱਲੇ। ਉਸ ਵੇਲੇ ਗੋਰਖ ਲੰਕਾ ਜਾਂਦਾ ਹੈ, ਲੰਕਾ ਜਾ ਕੇ ਆਪਣੇ ਗੁਰੂ ਨੂੰ ਜਾਗ੍ਰਤ ਕਰਦਾ ਹੈ। ਜਦ ਮੁੜ ਕੇ ਆਉਂਦੇ ਨੇ ਲੰਕਾ ਤੋਂ ਤਾਂ ਅੱਗੇ ਗੁਰੂ ਨਾਨਕ ਸਾਹਿਬ ਮਿਲਦੇ ਨੇ ਉਨ੍ਹਾਂ ਨੂੰ। ਗੁਰੂ ਨਾਨਕ ਦੇ ਚਰਨੀਂ ਪੈ ਗਿਆ। ਕਹਿਣ ਲੱਗਿਆ, ਪਾਤਸ਼ਾਹ! ਇਹ ਕਿਵੇਂ ਸੰਸਾਰ ਸਾਗਰ ਤੋਂ ਤਰਿਆ ਜਾਂਦਾ ਹੈ। ਗੁਰੂ ਮਹਾਰਾਜ ਨੇ ਇੱਹ ਸ਼ਬਦ ਉਥੇ ਫਰਮਾਨ ਕੀਤਾ ਸੀ -

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ ॥***

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - ੮੭੭***

ਉਥੇ ਮਹਾਰਾਜ ਨੇ ਜੁਗਤ ਦੱਸੀ ਕਿ ਕਿਵੇਂ ਤਰਿਆ ਜਾਂਦਾ ਹੈ, ਸੋ ਵੱਡੇ-ਵੱਡੇ ਜੋ ਜੋਗੀ ਨੇ -

***ਬਲਵੰਤਿ ਬਿਆਪਿ ਰਹੀ ਸਭ ਮਹੀ ॥***
***ਅਵਰੁ ਨ ਜਾਨਸਿ ਕੋਊ ਮਰਮਾ***
***ਗੁਰ ਕਿਰਪਾ ਤੇ ਲਹੀ ॥ ਅੰਗ - ੪੯੯***

ਪਰ ਇਹ ਵਸ ਕਿਹਨੇ ਕੀਤੀ ਹੈ। ਮਹਾਰਾਜ ਕਹਿੰਦੇ ਇਹਨੇ ਸਾਰੇ ਜਿੱਤ ਲਏ -

***ਜੀਤਿ ਜੀਤਿ ਜੀਤੇ ਸਭਿ ਥਾਨਾ***
***ਸਗਲ ਭਵਨ ਲਪਟਹੀ ॥ ਅੰਗ - ੪੯੯***

ਕੋਈ ਨਹੀਂ ਛੱਡਿਆ -

***ਕਹੁ ਨਾਨਕ ਸਾਧ ਤੇ ਭਾਗੀ ਹੋਇ***
***ਚੇਰੀ ਚਰਨ ਗਹੀ ॥ ਅੰਗ - ੪੯੯***

ਸਾਧਾਂ ਤੋਂ ਨੱਠੀ ਹੈ ਇਹ -

***ਧਾਰਨਾ - ਦਾਸੀ ਹੋ ਕੇ ਸੇਵਾ ਕਰਦੀ,***
***ਮਾਇਆ ਸਾਧੂਆਂ ਦੀ।***

ਚੇਰੀ ਹੋ ਕੇ ਚਰਨਾਂ ਨੂੰ ਫੜਦੀ ਹੈ।

***ਬ੍ਰਹਮ ਲੋਕ ਅਰੁ ਰੁਦ੍ਰ ਲੋਕ***
***ਆਈ ਇੰਦ੍ਰ ਲੋਕ ਤੇ ਧਾਇ ॥ ਅੰਗ - ੫੦੦***

ਬ੍ਰਹਮ ਲੋਕ ਨੂੰ ਵੀ ਜਿੱਤ ਆਈ, ਸ਼ਿਵ ਜੀ ਦੇ ਲੋਕ ਨੂੰ ਵੀ ਜਿੱਤ ਆਈ, ਇੰਦਰ ਦੇ ਲੋਕ ਨੂੰ ਵੀ ਜਿੱਤ ਆਈ; ਆਈ ਕਿੱਥੇ? ਕਹਿੰਦੇ, ਸਾਧਸੰਗਤ 'ਚ। ਪਰ ਸਾਧਸੰਗਤ 'ਚ ਵੜ ਨਹੀਂ ਸਕੀ। ਬਾਹਰ ਹੀ ਖੜ੍ਹ ਗਈ -

***ਸਾਧਸੰਗਤਿ ਕਉ ਜੋਹਿ ਨ ਸਾਕੈ***
***ਮਲਿ ਮਲਿ ਧੋਵੈ ਪਾਇ ॥ ਅੰਗ - ੫੦੦***

ਉਹਦੀ ਸੇਵਾ ਕਰਨ ਲੱਗ ਗਈ ਕਿ ਇਹ ਨਹੀਂ ਮੇਰੇ ਵਸ ਵਿੱਚ ਆਉਂਦੀ, ਜਿੱਥੇ ਸਾਧੂ ਦੀ ਸੰਗਤ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਸਾਧੂ ਜਿਹੜੇ ਨੇ -

***ਗੁਰਮੁਖਿ ਕੋਈ ਗਾਰੜੂ***
***ਤਿਨਿ ਮਲਿ ਦਲਿ ਲਾਈ ਪਾਇ ॥ ਅੰਗ - ੫੧੦***

ਮਲ ਕੇ, ਦਲ ਕੇ, ਚਰਨੀਂ ਲਾ ਲਈ -

***ਨਾਨਕ ਸੇਈ ਉਬਰੇ***
***ਜਿ ਸਚਿ ਰਹੇ ਲਿਵ ਲਾਇ ॥ ਅੰਗ - ੫੧੦***

ਬੜੀਆਂ ਮਿਸਾਲਾਂ ਨੇ, ਭਾਈ ਘਨੱਈਆ ਜੀ ਦੀਆਂ, ਰਵਿਦਾਸ ਜੀ ਦੀਆਂ, ਨਾਮਦੇਵ ਜੀ ਦੀਆਂ, ਕਬੀਰ ਜੀ ਦੀਆਂ, ਹੋਰ ਮਹਾਂਪੁਰਸ਼ਾਂ ਦੀਆਂ, ਮੌਜੂਦਾ ਸਮੇਂ ਦੇ ਮਹਾਂਪੁਰਸ਼ਾਂ ਦੀਆਂ ਬੇਅੰਤ ਮਿਸਾਲਾਂ ਨੇ। ਉਨ੍ਹਾਂ ਦੇ ਚਰਨਾਂ 'ਤੇ ਪੈਂਦੀ ਹੈ ਕਿ ਮੇਰੇ ਤੋਂ ਸੇਵਾ ਲੈ ਲਓ। ਗੁਰੂ ਨਾਨਕ ਪਾਤਸ਼ਾਹ ਕੋਲੋਂ ਬਾਰ੍ਹਾਂ ਮੀਲ ਬਾਹਰ ਰਹੀ। ਗੁਰੂ ਅੰਗਦ ਸਾਹਿਬ ਕੋਲ ਛੇ ਮੀਲ ਬਾਹਰ ਰਹੀ। ਗੁਰੂ ਤੀਸਰੇ ਪਾਤਸ਼ਾਹ ਦੇ ਕੋਲੋਂ ਇੱਕ ਮੀਲ ਬਾਹਰ ਰਹੀ, ਨੇੜੇ ਨਹੀਂ ਆਈ। ਉਸ ਵੇਲੇ ਜਦ ਬਾਰ-ਬਾਰ ਬੇਨਤੀਆਂ ਕਰੀਆਂ। ਕਹਿੰਦੇ, ਚੰਗਾ ਚੌਥੇ ਜਾਮੇ 'ਚ ਤੂੰ ਆ ਜਾਈਂ ਪਰ ਨਾਲ ਤੂੰ ਕਲੇਸ਼ ਲਿਆਏਂਗੀ। ਚੌਥੇ ਜਾਮੇ 'ਚ ਫੇਰ ਆ ਕੇ ਸੰਗਤ ਦੀ ਸੇਵਾ ਕਰਨ ਲਗ ਗਈ। ਤਿੰਨ ਜਾਮਿਆਂ 'ਚ ਨੇੜੇ ਹੀ ਨਹੀਂ ਆਉਣ ਦਿੱਤੀ। ਸੋ ਮਾਇਆ ਦੇ ਬੇਅੰਤ ਰੂਪ ਨੇ, ਜਿਹੜਾ ਸਾਰਿਆਂ ਨਾਲੋਂ ਖਤਰਨਾਕ ਰੂਪ ਹੈ ਉਹ ਹੈ ਅਗਿਆਨ ਦਾ, ਹਨ੍ਹੇਰੇ ਦਾ। ਵਾਹਿਗੁਰੂ ਸਾਡੇ ਨਾਲ ਹੈ ਪਰ ਸਾਨੂੰ ਪਤਾ ਹੀ ਨਹੀਂ ਲੱਗਣ ਦਿੰਦੀ। ਮੰਨਦਾ ਹੈ ਕੋਈ ਬੰਦਾ ਕਿ ਵਾਹਿਗੁਰੂ ਮੇਰੇ ਨਾਲ ਹੈ? ਵੱਡੇ-ਵੱਡੇ ਸਾਧਨਾਂ ਵਾਲਿਆਂ ਨੂੰ ਵੀ ਇਸ ਗੱਲ ਦਾ ਪਤਾ ਲਗਦਾ। ਵੱਡੀਆਂ-ਵੱਡੀਆਂ ਸੇਵਾ ਕਰਨ ਵਾਲਿਆਂ ਨੂੰ ਨਹੀਂ ਪਤਾ ਲਗਦਾ ਇਸ ਚੀਜ਼ ਦਾ। ਗਿਆਨ ਵਿੱਚ ਨਹੀਂ ਆਉਂਦੇ, ਕਿਉਂਕਿ ਪ੍ਰਕਾਸ਼ ਨਹੀਂ ਹੁੰਦਾ, ਮਾਇਆ ਦਾ ਹਨ੍ਹੇਰਾ ਮਾਇਆ ਦੇ ਵਿੱਚ ਹੀ ਕੰਮ ਕਰੀ ਜਾਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਵੇਲੇ ਇੱਕ ਬਹੁਤ ਉੱਚ ਕੋਟੀ ਦੇ ਮਹਾਂਪੁਰਸ਼ ਜਿਨ੍ਹਾਂ ਦਾ ਨਾਉਂ ਪੀਰ ਬੁੱਧੂਸ਼ਾਹ ਸੀ, ਇਹ ਸੇਵਾ ਬੜੀ ਕਰਦੇ ਸੀ ਆਏ ਗਏ ਦੀ। ਦੋ ਲੰਗਰ ਚਲਦੇ ਸੀ, ਹਿੰਦੂਆਂ ਦਾ ਅੱਡ, ਇਸਲਾਮ ਵਾਲਿਆਂ ਦਾ ਅੱਡ। ਸਤਿਸੰਗ ਕਰਾਉਂਦੇ ਸੀ, ਹਿੰਦੂ ਸੰਤਾਂ ਨੂੰ ਬੁਲਾ ਕੇ। ਉਨ੍ਹਾਂ ਦਾ ਵੀ ਸਤਿਸੰਗ ਸੁਣਦੇ ਸੀ। ਹੋਰ ਵੀ ਜੋ ਵੀ ਪੀਰ ਫਕੀਰ ਸੀ ਸਭ ਦਾ ਸਤਿਸੰਗ ਸੁਣਦੇ ਸੀ। ਲੇਕਿਨ ਅੰਦਰ ਸ਼ਾਂਤੀ ਨਹੀਂ ਆਉਂਦੀ, ਅੰਦਰ ਸ਼ਾਖਸ਼ਾਤਕਾਰ ਨਹੀਂ ਸੀ ਹੁੰਦਾ। ਜਾਣ ਤਾਂ ਗਏ ਸੀ, ਲੇਕਿਨ ਅੰਦਰ ਨਹੀਂ ਸੀ ਸਾਖਸ਼ਾਤਕਾਰ ਹੁੰਦਾ ਵਾਹਿਗੁਰੂ। ਉਹ ਜਿਹੜਾ ਹਨ੍ਹੇਰਾ ਸੀ ਦੂਰ ਨਹੀਂ ਸੀ ਹੁੰਦਾ। ਸ਼ੰਕਾ ਬਣਿਆ ਰਹਿੰਦਾ ਸੀ ਤੇ ਪਤਾ ਲੱਗਿਆ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਪਾਉਂਟੇ ਸਾਹਿਬ ਆਏ ਨੇ। ਉਸ ਵੇਲੇ ਖਿਆਲ ਆਇਆ ਕਿ ਗੁਰੂ ਮਹਾਰਾਜ ਕੋਲ ਜਾ ਕੇ ਸ਼ੰਕਾ ਨਵਿਰਤ ਕਰਾਂ। ਸੋ ਨਵਿਰਤ ਕਰਨ ਵਾਸਤੇ ਬਹੁਤ ਸਾਰੇ ਚੇਲੇ ਨਾਲ ਲੈ ਲਏ। ਆਪ ਚੱਲ ਪਏ, ਚਲਦੇ-ਚਲਦੇ ਜਦੋਂ ਪਾਉਂਟੇ ਸਾਹਿਬ ਗਏ, ਅੱਗੇ ਦੀਵਾਨ ਲੱਗਿਆ ਹੋਇਆ ਸੀ। ਦੀਵਾਨ ਲੱਗੇ ਹੋਏ ਮਨ ਵਿੱਚ ਖਿੱਚ ਪਈ ਬਹੁਤ ਜ਼ਬਰਦਸਤ ਬਈ ਗੁਰੂ ਨਾਨਕ ਦੀ ਗੱਦੀ ਹੈ, ਬੜੀਆਂ ਕੁਰਬਾਨੀਆਂ ਕੀਤੀਆਂ ਨੇ। ਤੱਤੀਆਂ ਤਵੀਆ 'ਤੇ ਬੈਠੇ ਨੇ, ਦੇਗਾਂ 'ਚ ਉਬਾਲੇ ਖਾ ਲਏ ਨੇ, ਨੌਵੇਂ ਜਾਮੇ ਦੇ ਵਿੱਚ ਦਿੱਲੀ ਜਾ ਕੇ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***

ਤਿਲਕ ਤੇ ਜੰਞੂ ਦੀ ਰਾਖੀ ਕਰਨ ਵਾਸਤੇ, ਗਊ ਗਰੀਬ ਦੀ ਰਾਖੀ ਕਰਨ ਵਾਸਤੇ; ਬਲੀਦਾਨ ਦੇ ਦਿੱਤਾ ਬਈ ਗੱਦੀ ਪੂਰੀ ਹੈ ਕਿਉਂ ਨਾ ਮੈਂ ਇੱਥੇ ਜਾ ਕੇ ਆਪਣਾ ਸ਼ੰਕਾ ਨਵਿਰਤ ਕਰਾਵਾਂ। ਮਨ ਦੇ ਅੰਦਰ ਆਦਰ ਹੈ, ਸਤਿਕਾਰ ਹੈ, ਪਿਆਰ ਹੈ ਇਹ ਵੀ ਹੈ ਕਿ ਮੇਰੇ ਤੋਂ ਬਹੁਤ ਵੱਡੇ ਨੇ ਤੇ ਜਾ ਕੇ ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕੀਤੇ, ਕਹਿਣ ਲੱਗਿਆ ਮੈਂ ਹੁਣ ਚਰਨ ਛੱਡਣੇ ਤਾਂ ਨੇ ਜੇ ਮੇਰਾ ਸੰਸਾ ਦੂਰ ਕਰ ਦੇਣਗੇ। ਕਿਉਂਕਿ ਸੰਸਾ ਬੜਾ ਦੁੱਖ ਦਿੰਦਾ ਹੈ। ਹਨ੍ਹੇਰਾ ਹੁੰਦਾ ਹੈ ਸੰਸਾ। ਪਰ ਜਿਉਂ-ਜਿਉਂ ਨੇੜੇ ਜਾਂਦਾ ਹੈ, ਤਿਉਂ-ਤਿਉਂ ਮਾਇਆ ਵਧੀ ਜਾਂਦੀ ਹੈ। ਉਸ ਵੇਲੇ ਹਉਮੈ

ਦਾ ਆ ਕੇ ਪਹਿਰਾ ਲਗ ਗਿਆ।

ਸਾਰੀ ਦੁਨੀਆਂ, ਆਪਾਂ ਸਭ ਹਉਮੈ 'ਚ ਵਸਦੇ ਹਾਂ। ਕਹਿਣ ਲੱਗੇ, ਮੈਂ ਪੀਰ ਹਾਂ, ਇਨ੍ਹਾਂ ਦੀ ਉਮਰ ਛੋਟੀ ਹੈ, ਮੇਰੀ ਵੱਡੀ ਹੈ, ਮੇਰੇ ਚੇਲੇ ਕਹਿਣਗੇ ਕਿ ਜਾ ਕੇ ਚਰਨ ਫੜ ਲਏ ਸਾਡੇ ਪੀਰ ਨੇ, ਇਨ੍ਹਾਂ ਦੇ ਮਨ ਵਿੱਚ ਨਾਸਤਕਤਾ ਆਏਗੀ ਤੇ ਸ਼ਰਧਾ ਤੋਂ ਹੀਣੇ ਹੋ ਜਾਣਗੇ, ਦੋਸ਼ ਮੈਨੂੰ ਲੱਗੇਗਾ। ਕੋਲ ਚਲਿਆ ਗਿਆ, ਉਹ ਉਤਸ਼ਾਹ ਮਰ ਗਿਆ, ਜਾ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਸਲਾਮ ਕਰੀ, ਹੱਥ ਵਧਾਇਆ। ਮਹਾਰਾਜ ਜੀ ਨੇ ਵੀ ਹੱਥ ਵਧਾ ਲਿਆ, ਹੱਥ ਮਿਲਾ ਕੇ ਮਹਾਰਾਜ ਜੀ ਕਹਿੰਦੇ, ਪੀਰ ਜੀ! ਬੈਠ ਜਾਓ। ਦੱਸੋ ਤੁਹਾਡਾ ਆਉਣਾ ਕਿਵੇਂ ਹੋਇਆ? ਉਸ ਵੇਲੇ ਇਸ ਤਰ੍ਹਾਂ ਬੇਨਤੀ ਕਰਦਾ ਹੈ –

***ਧਾਰਨਾ – ਮੈਨੂੰ ਦੱਸਿਓ ਪਿਆਰਿਓ,***
***ਕਿਵੇਂ ਸਾਂਈਂ ਮਿਲਦਾ।***

***ਮੈ ਦਸਿਹੁ ਮਾਰਗੁ ਸੰਤਹੋ***
***ਕਿਉ ਪ੍ਰਭੂ ਮਿਲਾਈਆ ॥ ਅੰਗ – ੧੦੯੮***

ਮੈਨੂੰ ਦੱਸੋ ਰਸਤਾ ਕਿ ਰੱਬ ਕਿਵੇਂ ਮਿਲਦਾ ਹੈ। ਮਹਾਰਾਜ ਕਹਿੰਦੇ –

***ਮਨੁ ਅਰਪਿਹੁ ਹਉਮੈ ਤਜਹੁ***
***ਇਤੁ ਪੰਥਿ ਜੁਲਾਈਆ॥ ਅੰਗ – ੧੦੯੮***

ਮਨ ਅਰਪਣ ਕਰ ਦੇ, ਹਉਮੈ ਤਜ ਦੇ, ਪੰਥਿ ਜੁਲਾਈਆ। ਇਸ ਰਸਤੇ 'ਤੇ ਅੱਗੇ ਕਦਮ ਵਧਾ ਲੈ। ਕਹਿੰਦਾ, ਪਾਤਸ਼ਾਹ! ਜਦ ਮੈਂ ਤੁਕ ਪੜ੍ਹਦਾ ਹਾਂ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***
***ਅੰਗ – ੫੫੦***

ਇਹ ਬੁੱਧੀ ਰੂਪ ਜੋ ਬ੍ਰਿਛ ਹੈ ਆਦਮੀ ਦੇ ਅੰਦਰ; ਇਹਦੇ ਉੱਤੇ ਦੋ ਪੰਖੇਰੂ ਬੈਠੇ ਨੇ। ਇੱਕ ਤਾਂ ਉਹ ਹੈ ਜਿਹੜਾ ਦੁੱਖ-ਸੁੱਖ ਮੰਨਦਾ ਹੈ। ਜਿਹੜਾ ਕਹਿੰਦਾ ਹੈ ਮੈਂ ਚੰਗਾ ਹਾਂ, ਮੈਂ ਬੁਰਾ ਹਾਂ। ਮੈਂ ਫਲਾਣਾ ਹਾਂ, ਮੇਰਾ ਧਰਮ ਸਿੱਖ ਹੈ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਈਸਾਈ ਹਾਂ ਤੇ ਇਹ ਮੰਨਦਾ ਹੈ ਕਿ ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ; ਇੱਕ ਤਾਂ ਮਹਾਰਾਜ ਕਹਿੰਦੇ ਆਹ ਹੈ। ਇੱਕ ਉਹ ਹੈ ਜਿਹੜਾ ਕਿਤੇ ਵੀ ਨਹੀਂ ਜਾਂਦਾ, ਪਰਮ ਅਨੰਦ 'ਚ ਰਹਿੰਦਾ ਹੈ ਸਾਖੀ ਰੂਪ 'ਚ ਰਹਿੰਦਾ ਹੈ। ਕਹਿਣ ਲੱਗਿਆ ਕਿ ਇੱਕ ਤਾਂ ਮਹਾਰਾਜ! ਜੀਵ ਚੇਤਨ ਹੈ, ਇੱਕ ਹੈਗਾ ਸਾਖੀ ਚੇਤਨ। ਦੋਹਾਂ ਵਿਚੋਂ ਮੈਂ ਕਿਹੜਾ ਹਾਂ? ਆਹ ਮੇਰੀ ਸਮਝ ਵਿੱਚ ਨਹੀਂ ਆਉਂਦਾ। ਕ੍ਰਿਪਾ ਕਰੋ, ਮੈਨੂੰ–

***ਆਵਤ ਜਾਤ ਨ ਦੀਸਹੀ***
***ਨਾ ਪਰ ਪੰਖੀ ਤਾਹਿ॥ ਅੰਗ – ੫੫੦***

ਮੈਨੂੰ ਅੱਲਾਹ ਨੂੰ ਮਿਲਾ ਦਿਓ। ਅੱਲਾਹ ਕਿਵੇਂ ਮਿਲਦਾ ਹੈ ਮੈਂ ਇਹ ਪੁੱਛਣ ਵਾਸਤੇ ਹਾਜ਼ਰ ਹੋਇਆ ਹਾਂ। ਮਹਾਰਾਜ ਕਹਿਣ ਲੱਗੇ ਕਿ ਦੇਖ, ਗੱਲ ਤਾਂ ਸਿੱਧੀ ਹੀ ਹੈ ਕਿ ਲੋਕ ਪਰਲੋਕ 'ਚ ਆਉਣ ਵਾਲਾ ਜਿਹੜਾ ਹੈ ਨਾ ਉਹ ਆਤਮਾ ਨਹੀਂ ਹੈ, ਉਹ ਪ੍ਰਮਾਤਮਾ ਹੈ। ਇਹਨੂੰ ਪਰ੍ਹੇ ਹਟਾ ਦੇ। ਇਹਨੂੰ ਪ੍ਰਕਾਸ਼ ਕਰਨ ਵਾਲਾ ਸਾਖੀ ਆਤਮਾ ਤੂੰ ਮੰਨ। ਦੋ ਰਹਿੰਦੇ ਨੇ ਇਹਦੇ ਵਿੱਚ, ਇੱਕ ਝੂਠਾ ਇੱਕ ਸੱਚਾ। ਇੱਕ ਪਰਛਾਵਾਂ, ਇੱਕ ਅਸਲ। ਕਹਿੰਦੇ ਪਰਛਾਵੇਂ ਨੂੰ ਛੱਡ ਦੇ। ਕਹਿੰਦਾ, ਫੇਰ ਅੱਲਾਹ ਦਾ ਵਸਲ ਕਿਵੇਂ ਹੁੰਦਾ ਹੈ? ਮਹਾਰਾਜ ਕਹਿੰਦੇ ਜਿਵੇਂ ਦਿਨ ਤੇ ਰਾਤ ਦਾ ਹੁੰਦਾ ਹੈ। ਸੋਚਣ ਲੱਗ ਗਿਆ ਕਿ ਜਿਵੇਂ ਦਿਨ ਤੇ ਰਾਤ? ਕਦੇ ਅੱਜ ਤੱਕ ਤਾਂ ਦਿਨ ਨੂੰ ਰਾਤ ਮਿਲੀ ਨਹੀਂ ਹੈ। ਰਾਤ ਨੂੰ ਕਦੇ ਦਿਨ ਨਹੀਂ ਮਿਲਿਆ। ਸੋਚੀ ਜਾਂਦਾ ਹੈ, ਸਮਝ 'ਚ ਆਉਂਦੀ ਨਹੀਂ ਗੱਲ। ਕਹਿ ਸਕਦਾ ਨਹੀਂ। ਚੇਲਿਆਂ ਦੀ ਸਰਮ ਮਾਰ ਰਹੀ ਹੈ ਕਿ ਸਾਡੇ ਪੀਰ ਨੂੰ ਤਾਂ ਨਿੱਕੀ ਜਿਹੀ ਗੱਲ ਨਾ ਸਮਝ ਵਿੱਚ ਆਈ, ਸਾਨੂੰ ਵੀ ਨਹੀਂ ਆਉਂਦੀ। ਉਸ ਵੇਲੇ ਅਖੀਰ ਕਹਿਣ ਲੱਗਿਆ ਕਿ ਮਹਾਰਾਜ! ਮੈਂ ਸਮਝਿਆ ਨਹੀਂ ਹਾਂ? ਕਹਿੰਦੇ, ਜਿਵੇਂ ਸਮਝਦਾ ਹੈਂ ਉਵੇਂ ਹੀ ਹੈ। ਕਹਿੰਦਾ, ਮਹਾਰਾਜ! ਜਦ ਦਿਨ ਚੜ੍ਹਦਾ ਹੈ ਫੇਰ ਰਾਤ ਤਾਂ ਰਹਿੰਦੀ ਨਹੀਂ। ਕਹਿੰਦੇ ਹਾਂ, ਜਦੋਂ ਦਿਨ ਚੜ੍ਹਦਾ ਹੈ ਉਸ ਵੇਲੇ ਰਾਤ ਨਹੀਂ ਰਹਿੰਦੀ, ਜਦੋਂ ਦਿਨ ਨੇ ਚੜ੍ਹਨਾ ਹੈ ਉਦੋਂ ਅਗਿਆਨ ਦੀ ਰਾਤ ਖਤਮ ਹੋ ਜਾਣੀ ਹੈ। ਕਹਿਣ ਲੱਗੇ, ਫੇਰ ਖੁਦਾ ਦਾ ਮੇਲ ਕਿਵੇਂ ਹੋਇਆ? ਮਹਾਰਾਜ ਕਹਿਣ ਲੱਗੇ ਕਿ ਦੇਖ! ਖੁਦਾ ਦਾ ਜਿਹੜਾ ਮੇਲ ਹੈ, ਉਹਦੇ ਨਾਲ ਝੂਠੀ 'ਮੈਂ' ਨੇ ਮਰ ਜਾਣਾ ਹੈ, ਜਦ ਉਹਦੇ ਦਰਸ਼ਨ ਹੋਣੇ ਨੇ। ਇਹ ਜਿਹੜਾ ਤੇਰਾ ਜੀਵ ਭਾਵ ਹੈ ਉਹ ਕੂੜ ਹੈ। ਕਹਿੰਦਾ ਮਹਾਰਾਜ! ਫੇਰ ਆਹ ਕੂੜ ਹੀ ਹੈ ਸਾਰਾ? 'ਮੈਂ' ਜਿਹੜਾ ਕਹਿੰਦਾ ਹਾਂ ਕਿ ਮੈਂ ਬੁੱਧੂਸ਼ਾਹ ਇਹ ਕੂੜ ਹੈ? ਕਹਿੰਦੇ, ਹਾਂ ਇਹ ਕੂੜ ਹੈ। ਇਹ ਜੀਵ ਭਾਵ ਹੀ ਕੂੜ ਹੈ। ਮੈਂ ਜਿਹੜੀ ਤੇਰੇ ਅੰਦਰ ਪੈਦਾ ਹੋਈ ਹੈ। ਇਹ ਪ੍ਰਤੀਤ ਹੋ ਰਹੀ ਹੈ ਬ੍ਰਹਮ ਦੀ ਸੱਤਾ ਕਰਕੇ। ਦੇਖ ਤੈਨੂੰ ਸਮਝਾਈਏ ਹਨ੍ਹੇਰੇ 'ਚ ਰੱਸੀ ਪਈ ਕੀ ਲਗਦਾ ਹੈ? ਕਹਿੰਦਾ, ਜੀ! ਸੱਪ। ਕਹਿੰਦੇ, ਫੇਰ ਸੱਪ ਝੂਠ ਹੈ ਨਾ? ਸੱਪ ਤਾਂ ਰੱਸੀ 'ਚ ਹੁੰਦਾ ਹੀ ਨਹੀਂ ਕਦੇ। ਕੇਵਲ ਹਨ੍ਹੇਰੇ ਕਰਕੇ ਰੱਸੀ ਦੇ ਵਿੱਚ ਸੱਪ ਪਰਤੀਤ ਦੇ ਰਿਹਾ ਸੀ। ਇਹ ਨਹੀਂ ਕਿ ਦਿਨ ਚੜ੍ਹੇ ਸੱਪ ਨੱਠ ਗਿਆ ਤੇ ਰੱਸੀ ਰਹਿ ਗਈ। ਰੱਸੀ 'ਚ ਕਿਵੇਂ ਸੱਪ ਵੜ ਜਾਏਗਾ, ਕਿੱਥੋਂ ਦੀ ਨਿਕਲ ਜਾਏਗਾ? ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਰਾਤ ਚੰਦ ਚਾਂਦਣੀ ਹੋਵੇ, ਸਿੱਪੀ ਪਈ ਹੋਵੇ, ਉਹਦੇ ਵਿੱਚ ਚਾਂਦੀ ਦਿਸੀ ਜਾਂਦੀ ਹੈ। ਜਦ ਆਦਮੀ ਹੱਥ 'ਚ ਲੈ ਕੇ ਦੇਖਦਾ ਹੈ, ਚਾਂਦੀ ਹੁੰਦੀ ਹੀ ਨਹੀਂ, ਉਹ ਤਾਂ ਸਿੱਪੀ ਹੀ ਹੁੰਦੀ ਹੈ। ਅਸਮਾਨ ਵਿੱਚ ਝਾਕਦਾ ਹੈ, ਇਹਦੇ ਵਿੱਚ ਨੀਲਾ ਰੰਗ ਨਜ਼ਰ ਆਈ ਜਾਂਦਾ ਹੈ। ਕਹਿੰਦੇ, ਅਸਮਾਨ 'ਚ ਕੋਈ ਰੰਗ ਹੀ ਨਹੀਂ। ਅੱਖ ਦਾ ਫਰਕ ਹੈ, ਉਹ ਨੀਲਾ ਨਜ਼ਰ ਆਉਂਦਾ ਹੈ। ਰੜਾ ਮੈਦਾਨ ਹੈ ਜਦ ਉਹਦੇ ਵਿੱਚ ਅਸੀਂ ਦੇਖਦੇ ਹਾਂ, ਜਿਨ੍ਹਾਂ ਨੇ ਦੇਖਿਆ ਹੈ ਉਨ੍ਹਾਂ ਨੂੰ ਪਤਾ ਹੈ ਉਹ ਦੂਰ ਸਾਰੇ ਦੇਖੋ ਦਰਖਤਾਂ ਦੇ ਪਰਛਾਵੇਂ ਵੀ ਦਿਸਦੇ ਨੇ, ਨਾਲੇ ਐਉਂ ਲਗਦਾ ਹੈ ਜਿਵੇਂ ਦਰਿਆ ਚਲਦਾ ਹੁੰਦਾ ਹੈ, ਸਾਮ੍ਹਣੇ ਕੋਲ ਹੀ। ਜਦ ਉਥੇ ਜਾਓ, ਉਥੇ ਕੁਛ ਵੀ ਨਹੀਂ ਹੁੰਦਾ। ਰੜਾ ਮੈਦਾਨ ਹੈ, ਆਹ ਸੜਕ ਦੇ ਉੱਤੇ ਗੱਡੀਆਂ ਚਲਾਉਂਦੇ ਹਾਂ। ਜੇਠ ਦੇ ਮਹੀਨੇ, ਹਾੜ ਦੇ ਮਹੀਨੇ ਸਾਮ੍ਹਣੇ ਐਉਂ ਲੱਗੇਗਾ ਜਿਵੇਂ ਸਾਮ੍ਹਣੇ

ਮੀਂਹ ਪਿਆ ਹੋਇਆ ਹੈ। ਦਰਖਤਾਂ ਦਾ ਪਰਛਾਵਾਂ ਸੜਕ ਦੇ ਵਿੱਚੀਂ ਹੇਠਾਂ ਦਿਸਦਾ ਹੈ। ਕਹਿੰਦੇ, ਇਵੇਂ ਜਿਵੇਂ ਬੁੱਧੂਸ਼ਾਹ! ਇਹ ਸਤਿ ਚੇਤਨ ਦੇ ਨਾਲ ਇਹ ਭਰਮ ਹੈ, ਭਰਮ ਦੇ ਨਾਲ 'ਮੈਂ' ਇੱਕ ਹੋਰ ਬਣ ਗਈ ਵਾਧੂ ਦੀ। ਇਹ ਅਸੱਤਿ ਹੈ। ਕਹਿਣ ਲੱਗਿਆ, ਮਹਾਰਾਜ! ਇਹ ਅਸੱਤਿ ਕਿਵੇਂ ਹੈ? ਕਹਿੰਦੇ, ਬਾਰ-ਬਾਰ ਦਾ ਅਭਿਆਸ ਕਰਨ ਨਾਲ 'ਮੈਂ-ਮੈਂ-ਮੈਂ' ਕਰਕੇ ਇਹ ਸੱਚੀਓਂ 'ਮੈਂ' ਬਣ ਗਿਆ। ਕਹਿੰਦੇ ਅਮਰ ਵੇਲ ਦੇਖੀ ਹੈ? ਦਰਖਤਾਂ ਦੇ ਉੱਤੇ ਹੁੰਦੀ ਹੈ, ਜੜ੍ਹ ਨਹੀਂ ਓਹਦੀ ਕੋਈ ਵੀ ਹੁੰਦੀ, ਉਹ ਅਮਰਵੇਲ ਨੇ ਦਰਖਤ ਢਕੇ ਹੋਏ ਨੇ। ਇਸੇ ਤਰ੍ਹਾਂ ਇਸ ਝੂਠੀ 'ਮੈਂ' ਨੇ ਅਸਲੀ 'ਮੈਂ' ਨੂੰ ਢਕ ਗਿਆ। ਅਨਾਤਮਾ ਨੇ ਆਤਮਾ ਨੂੰ ਢਕ ਲਿਆ। ਇਸੇ ਤਰ੍ਹਾਂ ਦੇ ਨਾਲ ਜੇ ਬੂਰ ਆ ਜਾਵੇ, ਟੋਭੇ ਦੇ ਉੱਤੇ, ਪਾਣੀ ਦੇ ਉੱਤੇ, ਕਹਿੰਦੇ ਬੂਰ ਅਸਲੀ ਪਾਣੀ ਨੂੰ ਢਕ ਲੈਂਦਾ ਹੈ। ਐਸੇ ਤਰ੍ਹਾਂ ਦੇ ਨਾਲ ਇਹਨੇ ਸਤਿ ਨੂੰ ਅਛਾਦਨ ਕਰ ਲਿਆ। ਢਕ ਲਿਆ, ਅਗਿਆਨ ਨੇ। 'ਮੈਂ' ਦੀ ਵੇਲ ਕਹਿੰਦੇ ਐਨੀ ਫੈਲ ਗਈ ਕਿ ਹੁਣ ਪਤਾ ਨਹੀਂ ਲਗਦਾ, ਕੂੜ ਦੀ ਪ੍ਰਵਿਰਤੀ ਪੈ ਗਈ। ਕਹਿੰਦੇ, ਕੂੜ ਦੇ ਹੀ ਰਿਸ਼ਤੇ, ਪੁੱਤਰਾਂ ਧੀਆਂ, ਮੇਰਾ ਕੁੜਮ, ਮੇਰਾ ਕਬੀਲਾ, ਮੇਰਾ ਚਾਚਾ, ਮੇਰਾ ਤਾਇਆ, ਮੇਰਾ ਫਲਾਣਾ, ਮੇਰਾ ਧਿਮਕਾ ਕਹਿੰਦੇ ਕੂੜ ਦੇ ਰਿਸ਼ਤੇ ਪੈਦਾ ਹੋ ਗਏ। ਸਾਰੇ ਕੂੜ ਦੇ ਹੀ ਰਿਸ਼ਤੇ ਹੋ ਗਏ। ਕਹਿੰਦੇ ਕੂੜ ਦੇ ਫੇਰ ਬੰਧਨ ਪੈ ਗਏ, ਕੂੜ ਦੀਆਂ ਹੀ ਨੇਕੀਆਂ ਆ ਗਈਆਂ। ਕੂੜ ਦੀਆਂ ਹੀ ਬਦੀਆਂ ਆ ਗਈਆਂ। ਕੂੜ ਦਾ ਹੀ ਧਰਮ ਹੋ ਗਿਆ। ਕੂੜ ਦੀ ਹੀ ਮਮਤਾ ਹੋ ਗਈ। ਕਹਿੰਦੇ ਇਹ ਫੈਲ ਗਈ। ਸਤਿ ਨੇੜੇ ਤੋਂ ਨੇੜੇ ਹੁੰਦਾ ਹੋਇਆ ਨਜ਼ਰ ਨਹੀਂ ਆਉਂਦਾ। ਇਹਦੇ ਉੱਤੇ ਪੜਦਾ ਪੈ ਗਿਆ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਸਾਂਈ ਵਸਦਾ ਨੇੜੇ ਜੀ,***
***ਹਉਂ-ਹਉਂ ਭੀਤ ਭਇਓ ਹੈ ਬੀਚੋ।***

ਕਹਿੰਦੇ, ਬੁੱਧੂਸ਼ਾਹ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ - ੬੨੪***

ਇੱਕ ਕੰਧ ਬਣਾ ਲਈ ਝੂਠੀ, ਹੈ ਨਹੀਂ, ਲੇਕਿਨ ਦਿਸੀ ਜਾਂਦੀ ਹੈ ਕਿ ਇੱਕ ਕੰਧ ਬਣ ਗਈ, ਹਉਮੈ ਦੀ। ਨਾਲ ਹੀ ਰਹਿੰਦਾ ਹੈ, ਕਿੰਨੀ ਕੁ ਦੂਰ ਹੈ? ਜਿੰਨਾ ਕੁ ਪਲਾਸਟਿਕ ਦਾ ਪਤਲਾ ਜਿਹਾ ਕਾਗਜ਼ ਹੁੰਦਾ ਹੈ। ਜਿਵੇਂ ਭੰਬੀਰੀ ਦਾ ਫੰਗ ਹੁੰਦਾ ਹੈ, ਪਤਲਾ ਜਿਹਾ। ਐਨਾ ਕੁ ਫਰਕ ਹੈ, ਉਸ ਮੈਂ ਨੇ ਫਰਕ ਪਾ ਦਿੱਤਾ।

***ਭਇਓ ਕਿਰਪਾਲੁ ਸਰਬ ਕੋ ਠਾਕੁਰੁ***
***ਸਗਰੋ ਦੂਖੁ ਮਿਟਾਇਓ ॥***
***ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ***
***ਤਉ ਦਇਆਰੁ ਬੀਠਲੋ ਪਾਇਓ ॥ ਅੰਗ - ੬੨੪***

ਜਦੋਂ ਕੰਧ ਤੋੜ ਦਿੱਤੀ, ਦਇਆਲ ਤਾਂ ਨਾਲ ਹੀ ਸੀ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ***
***ਤੋਰੀ ਜਨ ਨਾਨਕ ਮਿਲੇ ਬਨਵਾਰੀ ॥***
***ਅੰਗ - ੧੨੬੩***

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸਤਿ ਦਾ ਸੂਰਜ ਚੜ੍ਹਨਾ ਤਾਂ ਆਪਣੇ ਅਖਤਿਆਰ ਵਿੱਚ ਨਹੀਂ ਨਾ ਹੈ। ਵਸ ਵਿੱਚ ਨਹੀਂ ਹੈ। ਮਹਾਰਾਜ ਕਹਿੰਦੇ, ਝੂਠ ਛੱਡਣਾ ਤਾਂ ਆਪਣੇ ਵਸ ਵਿੱਚ ਹੈ। ਕਹਿੰਦਾ, ਮਹਾਰਾਜ! ਬੜੇ ਯਤਨ ਕੀਤੇ ਨੇ ਝੂਠ ਨੂੰ ਛੱਡਣ ਨੂੰ। ਬੜੀ ਸੇਵਾ ਕਰੀ ਹੈ। ਮਹਾਰਾਜ ਕਹਿੰਦੇ, ਇਹ ਤਾਂ ਝੂਠ ਦੇ ਸੰਗਲ ਹੋਰ ਬੰਨ੍ਹ ਲਏ ਤੂੰ। ਕਿਉਂਕਿ ਜਿੰਨੇ ਹਉਮੈ ਦੇ ਕਰਮ ਹੁੰਦੇ ਨੇ। ਸਾਰੇ ਸੰਗਲ ਬੰਨ੍ਹ ਹੁੰਦੇ ਨੇ।

***ਹਉ ਵਿਚਿ ਸਚਿਆਰੁ ਕੂੜਿਆਰੁ ॥***
***ਹਉ ਵਿਚਿ ਪਾਪ ਪੁੰਨ ਵੀਚਾਰੁ ॥ ਅੰਗ - ੪੬੬***

ਕਹਿੰਦੇ ਪਾਪੀ ਤੇ ਪੁੰਨੀ ਦੀ ਵਿਚਾਰ ਸਭ ਹਉਮੈ ਦੀ ਖੇਡ ਹੈ। ਕਹਿੰਦੇ, ਸੰਗਲ ਬੰਨ੍ਹ ਲਏ ਬੁੱਧੂਸ਼ਾਹ। ਪਾਤਸ਼ਾਹ! ਕੋਈ ਇਲਾਜ? ਕਹਿੰਦੇ, ਸਤਿਸੰਗ ਹੈ ਇਹਦਾ ਇਲਾਜ। ਹੋਰ ਕੋਈ ਇਲਾਜ ਨਹੀਂ ਹੈ। ਕਹਿੰਦਾ, ਮੈਂ ਤਾਂ ਸਤਿਸੰਗ 'ਚ ਆਇਆ ਹਾਂ ਸੱਚੇ ਪਾਤਸ਼ਾਹ? ਸਢੌਰੇ ਤੋਂ ਚੱਲ ਕੇ ਆਇਆ ਹਾਂ ਪੈਦਲ। ਸਤਿਸੰਗ 'ਚ ਆਇਆ ਹਾਂ ਨਾ। ਮਹਾਰਾਜ ਕਹਿੰਦੇ, ਝੂਠ ਦਾ ਚੋਲਾ ਪਾ ਕੇ ਆਇਆ ਹੈਂ। ਮੈਂ ਪੀਰ ਹਾਂ, ਮੇਰੇ ਚੇਲੇ ਕੀ ਕਹਿਣਗੇ ਜੇ ਮੈਂ ਚਰਨ ਫੜ ਲਏ, ਝੂਠ ਦਾ ਚੋਲਾ ਪਹਿਨ ਕੇ ਆਇਆ ਹੈਂ ਨਾ? ਸਮਝ 'ਚ ਆ ਗਈ ਕਿ ਸੱਚਮੁੱਚ ਝੂਠ ਦਾ ਚੋਲਾ ਪਹਿਨ ਲਿਆ। ਕਹਿੰਦਾ, ਪਾਤਸ਼ਾਹ! ਕ੍ਰਿਪਾ ਕਰੋ। ਦਇਆ ਕਰੋ, ਮੇਰੇ ਉੱਤੇ। ਮਹਾਰਾਜ ਕਹਿੰਦੇ, ਫੇਰ ਤੂੰ ਨਿਸੰਗ ਹੋ ਕੇ, ਨੱਚ ਲੈ। ਸਭ ਕੁਛ ਵਾਹਿਗੁਰੂ ਦੇ ਹੁਕਮ 'ਚ ਵਰਤ ਰਿਹਾ ਹੈ। ਕਹਿਣ ਲੱਗੇ, ਜਦੋਂ ਝੂਠ ਨੂੰ ਛੱਡ ਦਏਂਗਾ, ਸੱਚ ਰਹਿ ਜਾਏਗਾ। ਕਹਿੰਦਾ, ਸੱਚੇ ਪਾਤਸ਼ਾਹ! ਫੇਰ ਮੈਂ ਝੂਠਾ ਹਾਂ ਜਿਹੜਾ ਮੈਂ ਕਹਿੰਦਾ ਹਾਂ ਕਿ ਮੈਂ ਬੁੱਧੂਸ਼ਾਹ ਹਾਂ। ਕਹਿੰਦੇ ਹਾਂ। ਤੂੰ ਕੁਛ ਵੀ ਨਹੀਂ ਇਹ ਤਾਂ ਸਭ ਕੁਛ ਹੁਕਮ 'ਚ ਵਰਤ ਰਿਹਾ ਹੈ। ਆਪੇ ਹੀ ਨਿਰੰਕਾਰ ਹੈ ਦੋਵੇਂ ਪਾਸੇ ਖੇਲ੍ਹਦਾ, ਓਧਰ ਵੀ ਉਹ ਹੈ, ਇਧਰ ਵੀ ਉਹ ਹੈ। ਜੀਵ ਬਣ ਕੇ ਵੀ ਆਪ ਕਰ ਰਿਹਾ ਹੈ, ਦੂਜੇ ਪਾਸੇ ਵੀ -

***ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ***
***ਕਹੂੰ ਮਹਾਂ ਦਾਨ ਹੁਇਕੈ***
***ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***
***ਤ੍ਵਪ੍ਰਸਾਦਿ ਕਬਿੱਤ***

ਬੁੱਧੂਸ਼ਾਹ! ਇਹ ਤਾਂ ਆਪ ਹੀ ਮਾਲਕ ਵਰਤ ਰਿਹਾ ਹੈ। ਮੈਂ ਨੂੰ ਕੱਢ ਦੇ ਵਿਚੋਂ ਜਿਹੜੀ ਝੂਠੀ ਮੈਂ ਹੈ। ਸੁਣਦੇ ਸਾਰ ਵਜਦ 'ਚ ਆ ਗਿਆ। ਗਿਆਨ ਹੋ ਗਿਆ, ਕਿ ਮੈਂ ਝੂਠੀ ਹੈ। ਜਦੋਂ ਮੈਂ ਜਾਂਦੀ ਰਹੀ –

***ਜਬ ਹਮ ਹੋਤੇ ਤਬ ਤੁਮ ਨਾਹੀ***
***ਅਬ ਤੁਮ ਹਹੁ ਹਮ ਨਾਹੀ ॥ ਅੰਗ – ੩੩੯***

ਮੈਂ ਮਰ ਗਈ, ਮੈਂ ਮਰਦੀ ਸਾਰ ਤੂੰ ਰਹਿ ਗਿਆ। ਪ੍ਰਕਾਸ਼ ਹੋ ਗਿਆ ਅੰਦਰ। ਵਿਸ਼ਵਾਸ਼ ਦੇ ਘਰ ਵਿੱਚ ਆ ਗਿਆ ਕਿ ਹੈਂ ਮੈਂ ਤਾਂ ਆਪਣੇ ਆਪ ਨੂੰ ਹੀ ਮੰਨਦਾ ਰਿਹਾ ਕਿ ਮੈਂ ਪੀਰ ਹਾਂ। ਮੈਂ ਇਸਲਾਮ ਦਾ ਵੱਡਾ ਪੀਰ ਹਾਂ। ਮੈਂ ਦਾਨ ਕਰਦਾ ਹਾਂ, ਮੈਂ ਪੁੰਨ ਕਰਦਾ ਹਾਂ। ਆਹ ਤਾਂ ਗੱਲ ਹੀ ਹੋਰ ਨਿਕਲੀ। ਮਹਾਰਾਜ ਕਹਿੰਦੇ, ਤੂੰ ਤਾਂ ਹੈ ਹੀ ਨਹੀਂ। ਇਹ ਝੂਠੀ ਮੈਂ ਨੇ ਹੀ ਸੰਸਾਰ ਨੂੰ ਵਾਹਿਗੁਰੂ ਨਾਲੋਂ ਤੋੜਿਆ ਹੋਇਆ ਹੈ। ਪਛਾਣ।

ਇੱਕ ਪੀਰ ਦੇ ਪਾਸ ਇੱਕ ਕੋਈ ਪ੍ਰੇਮੀ ਆਇਆ ਕਹਿੰਦਾ, ਮਹਾਰਾਜ! ਮੈਨੂੰ ਖੁਦਾ ਮਿਲਾ ਦਿਓ। ਰੱਬ ਬਣਾ ਦਿਓ। ਕਹਿੰਦੇ, ਬੜਾ ਕਾਹਲਾ ਹੈਂ? ਉਹ ਕਹਿੰਦਾ ਕਿ ਮੇਰੇ ਕੋਲ ਸਮਾਂ ਨਹੀਂ ਹੈ। ਕਹਿੰਦੇ ਆਹ ਖਜੂਰ 'ਤੇ ਚੜ੍ਹ ਜਾ। ਖਜੂਰ 'ਤੇ ਚੜ੍ਹ ਗਿਆ ਤੇ ਟਾਹਣਾ ਪਾਣੀ ਵਿੱਚ ਜਾਂਦਾ ਸੀ, ਟੇਢੀ ਸੀ ਖਜੂਰ। ਕਹਿੰਦਾ ਮਹਾਰਾਜ! ਹੁਣ ਕੀ ਹੁਕਮ ਹੈ? ਕਹਿੰਦੇ, ਛਾਲ ਮਾਰ। ਜਦ ਛਾਲ ਮਾਰਨ ਲੱਗਿਆ, ਡਰ ਆ ਗਿਆ, ਛਾਲ ਤਾਂ ਮਾਰ ਦਿੱਤੀ ਕਹਿੰਦਾ ਹਉਂ ਮੂਆ......। ਮਹਾਤਮਾ ਕਹਿੰਦੇ, ਤੂੰ ਹਉ ਮੂਆ....ਹੁਣ ਤੂੰ ਖੁਦਾ ਹੁਆ। ਇਹ ਹਉਂ ਦਾ ਹੀ ਰੌਲਾ ਹੈ ਸਾਰਾ। ਮਹਾਰਾਜ ਕਹਿੰਦੇ, ਪਛਾਣ! ਸਭ ਕੁਛ ਹੁਕਮ 'ਚ ਚਲਦਾ ਹੈ।

***ਹੁਕਮੈ ਅੰਦਰਿ ਸਭੁ ਕੋ***
***ਬਾਹਰਿ ਹੁਕਮ ਨ ਕੋਇ ॥***
***ਨਾਨਕ ਹੁਕਮੈ ਜੇ ਬੁਝੈ ਤ***
***ਹਉਮੈ ਕਹੈ ਨ ਕੋਇ ॥ ਅੰਗ – ੧***

ਸਭ ਹੁਕਮ ਦੀ ਖੇਡ ਹੋ ਰਹੀ ਹੈ। ਸਾਡੇ ਜਿੰਨੇ ਸਮਾਜ ਨੇ, ਸਾਡੀਆਂ ਜਿੰਨੀਆਂ ਫੌਜਾਂ ਨੇ, ਸਾਡੇ ਜਿੰਨੇ ਸ਼ਸਤਰ ਬਣ ਰਹੇ ਨੇ, ਜਿੰਨੇ ਸਿੱਖ ਸੇਵਕ ਆ ਰਹੇ ਨੇ, ਕਿਲ੍ਹੇ ਬਣ ਰਹੇ ਨੇ ਸਭ ਹੁਕਮ ਦੀ ਖੇਡ ਹੋ ਰਹੀ ਹੈ, ਅਸੀਂ ਤਾਂ ਨਿਆਰੇ ਹੋਏ ਦੇਖਦੇ ਹਾਂ। ਨਾ ਸਾਨੂੰ ਹਾਰ ਨਾਲ ਹੈ ਨਾ ਜਿੱਤ ਨਾਲ ਹੈ। ਨਾ ਕੋਈ ਸਾਡੀ ਸਕੀਮ ਹੈ, ਇਹ ਤਾਂ ਵਾਹਿਗੁਰੂ ਦਾ, ਅਕਾਲ ਪੁਰਖ ਦਾ ਅਟੱਲ ਹੁਕਮ ਵਰਤ ਰਿਹਾ ਹੈ ਸੰਸਾਰ 'ਚ। ਹੁਕਮ ਦੇ ਹਿਸਾਬ ਨਾਲ ਸਾਰਾ ਹੀ ਖੇਲ੍ਹ ਹੋ ਰਿਹਾ ਹੈ।

ਸਿੱਧਾਂ ਨੇ ਪੁੱਛਿਆ ਸੀ ਗੁਰੂ ਨਾਨਕ ਪਾਤਸ਼ਾਹ ਨੂੰ ਕਿ ਪਾਤਸ਼ਾਹ! ਫੇਰ ਹਉਮੈ ਦੀ ਕੰਧ ਕਿਵੇਂ ਟੁੱਟੇ?

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥***
***ਅੰਗ – ੧***

ਮਹਾਰਾਜ ਕਹਿੰਦੇ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥***
***ਅੰਗ – ੧***

ਉਸ ਵੇਲੇ ਨੱਚਣਾ ਸ਼ੁਰੂ ਕਰ ਦਿੱਤਾ। ਵਜਦ 'ਚ ਆ ਗਿਆ, ਨੱਚੀ ਜਾਂਦਾ ਹੈ, ਚੇਲਿਆਂ ਨੂੰ ਵੀ ਭੁੱਲ ਗਿਆ। ਸਭ ਨੂੰ ਭੁੱਲ ਗਿਆ, ਵਿਸਮਾਦ ਦੀਆਂ ਲਹਿਰਾਂ ਅੰਦਰ ਵੱਜਣ ਲਗ ਗਈਆਂ। ਅਖੀਰ ਥੱਕ ਕੇ ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ। ਗੁਰੂ ਮਹਾਰਾਜ ਨੇ ਉਸ ਵੇਲੇ ਕ੍ਰਿਪਾ ਕਰਕੇ ਹੱਥ ਫੜ ਕੇ ਅੰਦਰੋਂ ਹੀ ਕ੍ਰਿਪਾ ਕਰ ਦਿੱਤੀ ਤੇ ਕ੍ਰਿਤ-ਕ੍ਰਿਤ ਹੋ ਗਿਆ। ਸਾਂਭਿਆ ਨਹੀਂ ਜਾਂਦਾ ਹੁਣ ਜਲਾਲ ਜਿਹੜਾ ਉਹਦੇ 'ਚ ਪ੍ਰਗਟ ਹੋਇਆ। ਸੋ ਜਦੋਂ ਸੰਤਾਂ ਦੇ ਬਚਨ ਦੀ ਧੂੜੀ ਮਿਲ ਜਾਂਦੀ ਹੈ, ਉਸ ਵੇਲੇ 'ਮੈਂ' ਦੀ ਮੈਲ ਲਹਿ ਜਾਂਦੀ ਹੈ। ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਜਦੋਂ ਸਾਧੂ ਧੂੜੀ ਮਿਲ ਗਈ,***
***ਮਨ ਸ਼ੁੱਧ ਹੋ ਗਿਆ।***

ਬਚਨਾਂ ਦੀ ਧੂੜੀ, ਥੋੜ੍ਹੇ ਜਿਹੇ ਬਚਨ ਕਹੇ ਨੇ ਮਹਾਰਾਜ ਨੇ। ਅਸੀਂ ਵੀ ਸੁਣ ਲਏ। ਕੀ ਸਾਰ ਹੈ ਇਹਦਾ? 'ਮੈਂ' ਤਾਂ ਹੈਗੀ ਝੂਠੀ, ਮੰਨ ਲਓ ਕਿ ਮੈਂ ਝੂਠੀ ਹੈ। ਫੇਰ ਜਿਹੜਾ 'ਮੈਂ' ਮਰ ਗਈ, ਫੇਰ ਕੀ ਰਹਿ ਜਾਂਦਾ ਹੈ, ਬਾਕੀ ਵਾਹਿਗੁਰੂ ਹੀ ਰਹਿ ਜਾਂਦਾ ਹੈ। ਅੰਦਰ ਵੀ ਬਾਹਰ ਵੀ –

***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ ॥ ਅੰਗ– ੬੮੪***

ਲੇਕਿਨ ਇਸ ਬਚਨ ਦਾ ਵਜ਼ਨ ਚੁੱਕਣਾ ਬਹੁਤ ਔਖਾ ਹੈ। ਪਹਿਲਾਂ ਸਮਝ 'ਚ ਹੀ ਨਹੀਂ ਆਉਂਦਾ। ਫੇਰ ਅੰਦਰੋਂ ਮਨ ਨਹੀਂ ਮੰਨਦਾ ਕਿਉਂਕਿ ਤਪਸਿਆ ਨਹੀਂ ਹੈ, ਸਾਧਨਾ ਨਹੀਂ ਹੈ। ਬਲ ਨਹੀਂ ਹੈ ਅੰਦਰ ਕਿ ਇਸ ਬਚਨ ਨੂੰ ਅਸੀਂ ਮੰਨ ਲਈਏ। ਨਹੀਂ ਮੰਨ ਸਕਦੇ, ਹੁਣੇ ਹੀ ਭੁੱਲ ਜਾਵਾਂਗੇ। ਮੁੜ ਕੇ ਉਥੇ ਦੇ ਉਥੇ, ਫੇਰ ਜੀਵ। ਫੇਰ ਉਹੀ ਉਲਾਂਭੇ, ਫੇਰ ਉਹੀ ਮਾੜੀਆਂ ਗੱਲਾਂ। ਸੋ ਆਹ ਗੱਲ ਬੜੀ ਔਖੀ ਹੈ। ਸਾਧੂ ਦੀ ਧੂੜ ਜੇ ਮਿਲ ਜਾਵੇ ਤਾਂ-

***ਜਨ ਕੀ ਧੂਰਿ ਮਨ ਮੀਠ ਖਟਾਨੀ ॥***
***ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥***
***ਅੰਗ – ੧੯੯***

ਮਨ ਦੇ ਅੰਦਰ ਮਿੱਠੀ ਲਗਣ ਲਗ ਗਈ। ਮਿਲਦੀ ਉਹਨੂੰ ਹੈ ਜਿਹਦੇ ਮੱਥੇ 'ਚ ਕਰਮ ਲਿਖਿਆ ਹੋਵੇ।

***ਅਹੰਬੁਧਿ ਮਨ ਪੂਰਿ ਥਿਧਾਈ ॥ ਅੰਗ – ੨੦੦***

ਹਉਮੈ ਦੇ ਨਾਲ ਅਹੰ ਦੀ ਬੁੱਧੀ ਧਾਰਨ ਕਰਕੇ ਮਨ ਦੇ ਵਿੱਚ ਥੰਦਿਆਈ ਆ ਗਈ ਇਹ ਸ਼ੁੱਧ ਨਹੀਂ ਹੁੰਦੀ –

***ਸਾਧ ਧੂਰਿ ਕਰਿ ਸੁਧ ਮੰਜਾਈ ॥ ਅੰਗ – ੨੦੦***

ਸਾਧੂ ਦੀ ਧੂਰੀ ਮਿਲ ਗਈ ਉਹਦੇ ਨਾਲ ਫੇਰ ਮਨ ਨੂੰ ਮਾਂਜਿਆ, ਮਾਂਜਣ ਦੇ ਨਾਲ ਫੇਰ ਇਹ ਚਮਕ ਗਿਆ।

***ਅਨਿਕ ਜਲਾ ਜੇ ਧੋਵੈ ਦੇਹੀ ॥ ਅੰਗ – ੨੦੦***

ਪਾਣੀਆਂ ਨਾਲ, ਤੀਰਥਾਂ ਨਾਲ ਨਹੀਂ ਇਹ ਹੁੰਦੀ ਸ਼ੁੱਧ।

***ਮੈਲੁ ਨ ਉਤਰੈ ਸੁਧੁ ਨ ਤੇਹੀ ॥ ਅੰਗ– ੨੦੦***

ਨਾ ਮੈਲ ਉਤਰਦੀ ਹੈ ਨਾ ਸ਼ੁੱਧ ਹੋਵੇ।

***ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥***
***ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥***
***ਅੰਗ - ੨੦੦***

ਸੋ ਹਨ੍ਹੇਰਾ ਦੂਰ ਹੋ ਗਿਆ ਸਾਧਸੰਗਤ ਜੀ। ਕੂੜ ਦੀ ਰਾਤ ਖਤਮ ਹੋ ਗਈ, ਦਿਨ ਚੜ੍ਹ ਗਿਆ। ਸਮਝ 'ਚ ਆ ਗਿਆ ਕਿ ਮਹਾਰਾਜ ਇਸ ਤਰ੍ਹਾਂ ਕਹਿੰਦੇ ਸੀ ਕਿ ਰੱਬ ਦਾ ਮੇਲ ਜਿਵੇਂ ਰਾਤ ਤੇ ਦਿਨ ਦਾ ਹੁੰਦਾ ਹੈ ਐਸ ਤਰ੍ਹਾਂ ਹੁੰਦਾ ਹੈ। ਹੁਣ ਰਾਤ ਖਤਮ ਹੋ ਗਈ, ਬਾਕੀ ਕੀ ਰਹਿ ਗਿਆ, ਦਿਨ ਹੀ ਰਹਿ ਗਿਆ।

***ਰਵਿ ਪ੍ਰਗਾਸ ਰਜਨੀ ਜਥਾ***
***ਗਤਿ ਜਾਨਤ ਸਭ ਸੰਸਾਰ॥ ਅੰਗ - ੩੪੬***

ਜਦੋਂ ਸੂਰਜ ਚੜ੍ਹ ਜਾਏ, ਸਾਰਾ ਸੰਸਾਰ ਜਾਣਦਾ ਹੈ ਕਿ ਰਾਤ ਨਹੀਂ ਰਹਿੰਦੀ ਫੇਰ।

***ਪਾਰਸ ਮਾਨੋ ਤਾਬੋ ਛੁਏ***
***ਕਨਕ ਹੋਤ ਨਹੀ ਬਾਰ ॥ ਅੰਗ - ੩੪੬***

ਜਦੋਂ ਪਾਰਸ ਤਾਂਬੇ ਦੇ ਨਾਲ ਲਗ ਗਿਆ, ਓਸ ਵੇਲੇ ਮਿੰਟਾਂ ਦੇ ਵਿੱਚ ਸੋਨਾ ਬਣ ਜਾਂਦਾ ਹੈ।

***ਪਰਮ ਪਰਸ ਗੁਰੁ ਭੇਟੀਐ***
***ਪੂਰਬ ਲਿਖਤ ਲਿਲਾਟ ॥***
***ਉਨਮਨ ਮਨ ਮਨ ਹੀ ਮਿਲੇ***
***ਛੁਟਕਤ ਬਜਰ ਕਪਾਟ॥ ਅੰਗ - ੩੪੬***

ਜਿਹੜਾ ਅੰਦਰਲਾ ਮਨ ਸੀ, ਜਿਹਨੂੰ ਉਨਮਨ ਕਹਿੰਦੇ ਨੇ, ਜਿਹਨੂੰ ਆਤਮ ਵਿਸ਼ੈਣੀ ਬੁੱਧੀ ਕਹਿੰਦੇ ਨੇ, ਆਤਮਾ ਦੇ ਮੰਡਲ ਦਾ ਮਨ ਹੈ, ਕਹਿੰਦੇ ਉਹ ਹੇਠਲਾ ਮਨ ਜਿਹੜਾ ਸਰੀਰ ਵਾਲਾ ਮਨ ਜਿਹੜਾ ਮੈ-ਮੈਂ ਕਰਦਾ ਸੀ ਉਹਦੇ ਨਾਲ ਰਲ ਗਿਆ ਜਾ ਕੇ, ਉਸੇ ਵੇਲੇ ਕੀ ਹੋਇਆ -

***...........ਛੁਟਕਤ ਬਜਰ ਕਪਾਟ ॥ ਅੰਗ - ੩੪੬***
***ਧਾਰਨਾ - ਪਿਆਰੇ ਜੀ ਬਜਰ ਕਪਾਟ ਖੁਲ੍ਹ ਗਏ,***
***ਜਦੋਂ ਨਦਰ ਗੁਰਾਂ ਨੇ ਧਾਰੀ।***

ਜਿਹੜੇ ਜੰਗਾਲੇ ਹੋਏ ਜੰਦਰੇ ਖੁਲ੍ਹਦੇ ਨਹੀਂ ਸੀ ਗੁਰੂ ਨੇ ਚਾਬੀ ਦੇ ਦਿੱਤੀ ਬਚਨਾਂ ਦੀ, ਨਦਰ ਕਰ ਦਿੱਤੀ ਤੇ ਤਾਲੇ ਖੁਲ੍ਹ ਗਏ-

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ***
***ਗੁਰ ਸਬਦਿ ਖੁਲੀਜੈ ॥ ਅੰਗ - ੯੫੪***

ਜਦੋਂ ਖੁੱਲੇ, ਫੇਰ ਕੀ ਹੋਇਆ -

***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ॥ ਅੰਗ - ੯੫੪***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥***
***ਅੰਗ - ੯੪੭***

ਉਸੇ ਵੇਲੇ ਦਰਸ਼ਨ ਹੋ ਗਏ। ਆਹੀ ਕਪਾਟ ਲੱਗੇ ਹੋਏ ਨੇ ਮੈਂ ਦੇ। 'ਮੈਂ' ਦੇ ਕਪਾਟ ਗੁਰੂ ਤੋਂ ਬਗੈਰ ਕੋਈ ਖੋਲ੍ਹਣ ਨੂੰ ਸਮਰੱਥ ਨਹੀਂ। ਕਿਉਂਕਿ ਹੋਰ ਕਿਸੇ ਦੀ ਗੱਲ ਮੰਨ ਕੇ ਅਸੀਂ ਖਤਰੇ 'ਚ ਪੈਣ ਨੂੰ ਤਿਆਰ ਨਹੀਂ ਹਾਂ। ਗੁਰੂ ਦੇ ਉੱਤੇ ੧੦੦% ਭਰੋਸਾ ਹੋਵੇ ਕਿ ਜਿਹੜਾ ਕੁਛ ਗੁਰੂ ਨੇ ਕਹਿਣਾ ਹੈ, ਉਹ ਮੈਂ ਮੰਨ ਲੈਣਾ, ਗੁਰੂ ਕਹਿੰਦਾ ਹੈ ਕਿ ਤੂੰ ਹੈ ਹੀ ਨਹੀਂ, ਕਿਉਂ ਮੰਨਦਾ ਹੈਂ। ਅਸੀਂ ਕਹਿੰਦੇ ਹਾਂ ਨਹੀਂ ਅਸੀਂ ਤਾਂ ਹੈਗੇ। ਸਾਡਾ ਕੋਈ ਸਰੀਰ ਵਿੱਚ ਦੁੱਖ ਹੋ ਜਾਏ, ਕੋਈ ਅੰਗ ਦੁਖਣ ਲਗ ਜਾਵੇ ਤਾਂ ਅਸੀਂ ਦੁੱਖ ਮੰਨਦੇ ਹਾਂ, ਸਾਡੀ ਕੋਈ ਨਿੰਦਿਆ ਕਰ ਦੇਵੇ ਅਸੀਂ ਦੁੱਖ ਮੰਨਦੇ ਹਾਂ। ਸਾਡੀ ਕੋਈ ਉਸਤਤਿ ਕਰ ਦੇਵੇ ਅਸੀਂ ਖੁਸ਼ ਹੁੰਦੇ ਹਾਂ। ਆਹ ਸਭ ਝੂਠਾ ਹੈ, ਮਹਾਰਾਜ ਕਹਿੰਦੇ ਸਭ ਝੂਠਾ ਹੈ, ਤੈਨੂੰ ਅਧਿਆਸ ਹੋਇਆ-ਹੋਇਆ ਹੈ ਬਾਹਰਲਾ, ਪੱਕਿਆ ਹੋਇਆ ਹੈ, ਤੂੰ ਓਸ ਮੰਡਲ 'ਚ ਗਿਰ ਗਿਆ ਜਿਹਦੇ 'ਚ ਪਾਗਲ ਰਹਿੰਦੇ ਨੇ-

***ਬਿਨੁ ਨਾਵੈ ਜਗੁ ਕਮਲਾ ਫਿਰੈ***
***ਗੁਰਮੁਖਿ ਨਦਰੀ ਆਇਆ ॥ ਅੰਗ - ੬੪੪***

ਕਹਿੰਦੇ ਸੰਸਾਰ ਕਮਲਿਆਂ ਦਾ ਭਰਿਆ ਪਿਆ ਹੈ। ਦਿਮਾਗ ਵਿੱਚ ਜੇ ਕਮਲਾਪਨ ਆ ਜਾਏ, ਜ਼ੋਰ ਲਾ ਲਓ ਜੇ ਕਦੇ ਮੰਨ ਜਾਵੇ। ਜੇ ਕੋਈ ਰਾਜਾ ਬਣ ਗਿਆ ਤਾਂ ਰਾਜਾ ਹੀ ਬਣਿਆ ਹੋਇਆ ਹੈ, ਜੇ ਰਾਜਾ ਭਿਖਾਰੀ ਬਣ ਗਿਆ, ਭਿਖਾਰੀ ਹੀ ਬਣਿਆ ਹੋਇਆ ਹੈ। ਕਿਉਂਕਿ ਦਿਮਾਗ 'ਚ ਫਰਕ ਪੈ ਗਿਆ। ਹੈ ਤਾਂ ਦਿਮਾਗ ਓਹੀ, ਸਿਰ ਸਾਡੇ ਵਰਗਾ ਹੀ ਹੈ ਕਮਲੇ ਦਾ। ਪਰ ਉਹ ਕੀ ਹੋਇਆ? ਉਹ ਇੱਕ ਪੁਰਜਾ ਖਰਾਬ ਹੋ ਗਿਆ। ਮਹਾਰਾਜ ਕਹਿੰਦੇ, ਸਾਰੇ ਸੰਸਾਰ ਦੇ ਪੁਰਜੇ ਖਰਾਬ ਹੋਏ-ਹੋਏ ਨੇ। ਉਹ ਆਪਣੇ ਆਪ ਨੂੰ ਮੈਂ ਮੰਨੀਂ ਜਾਂਦਾ ਹੈ, ਹੈਗਾ ਵਾਹਿਗੁਰੂ ਪਰ ਕਹੀ ਜਾਂਦੇ ਨੇ ਮੈਂ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਗੁਰੂ ਨੇ ਕ੍ਰਿਪਾ ਕੀਤੀ ਗੁਰੂ ਦਸ਼ਮੇਸ਼ ਪਿਤਾ ਨੇ ਕ੍ਰਿਪਾ ਕੀਤੀ, ਪੀਰ ਬੁੱਧੂਸ਼ਾਹ ਅਨੰਦ ਵਿੱਚ ਹੋ ਗਿਆ, ਬਜਰ ਕਪਾਟ ਖੁਲ੍ਹ ਗਏ, ਦੇਖਦਾ ਕੀ ਹੈ, ਸਭ ਪਾਸੇ ਤੂੰ ਹੀ-ਤੂੰ ਹੀ -

***ਗੁਰਹਿ ਦਿਖਾਇਓ ਲੋਇਨਾ ॥ ੧ ॥ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਫੇਰ ਜਦੋਂ ਤੂੰਹੀ ਆ ਗਿਆ, ਫੇਰ ਤਾਂ ਮਿਲ ਗਿਆ, ਮੈਂ ਨਾ ਰਿਹਾ। ਮੈਂ ਤੇ ਤੂੰ ਦੋਵੇਂ ਇੱਕ ਹੋ ਗਏ।

***ਰਾਮ ਕਬੀਰਾ ਏਕ ਭਏ ਹੈ***
***ਕੋਇ ਨ ਸਕੈ ਪਛਾਨੀ ॥ ਅੰਗ - ੯੬੯***

ਹੁਣ ਕਬੀਰ ਜਿਹੜਾ ਸੀਗਾ -

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ ॥ ਅੰਗ - ੧੩੭੫***

ਕਬੀਰ ਤਾਂ ਕਹਿੰਦਾ ਕਿ ਮੈਂ ਤਾਂ ਮਰ ਗਿਆ। 'ਮੈਂ' ਦਾ ਹੀ ਨਾਉਂ ਰੱਖਿਆ ਹੋਇਆ ਸੀ ਕਬੀਰ। ਉਹ ਕਬੀਰ ਮਰ ਗਿਆ ਰਹਿ ਕੀ ਗਿਆ ਵਾਹਿਗੁਰੂ। ਕਹਿੰਦੇ ਹੁਣ ਤੂੰ-ਤੂੰ ਕਰਦੇ ਦਾ, ਤੂੰ

ਹੀ ਬਣ ਗਿਆ। ਹੁਣ ਮੈਂ ਨਹੀਂ ਰਿਹਾ। ਹੁਣ ਤੂੰ ਹੀ ਤੂੰ ਰਹਿ ਗਿਆ। ਜਦੋਂ ਇਹ ਅਵਸਥਾ ਆਈ ਬੁੱਢੂਸ਼ਾਹ 'ਤੇ। ਤਾਂ ਉਸ ਵੇਲੇ ਜਿਸ ਕਿਸੇ 'ਤੇ ਵੀ ਆਉਂਦੀ ਹੈ ਮਹਾਰਾਜ ਕਹਿੰਦੇ ਇਹ ਅਵਸਥਾ, ਉਦੋਂ ਦੁੱਖਾਂ ਦਾ ਨਾਸ ਹੋਇਆ ਕਰਦਾ ਹੈ -

***ਧਾਰਨਾ - ਜਦੋਂ ਮਿਲ ਗਿਆ ਰਾਮ ਪਿਆਰਾ***
***ਦੁਖ ਦਾ ਨਾਸ ਹੋ ਗਿਆ।***

ਸੋ ਮਹਾਰਾਜ ਇਸ ਮਹੀਨੇ ਦੇ ਵਿੱਚ ਮਿਲਾਪ ਦੀ ਗੱਲ ਕਰਦੇ ਨੇ।

***ਫਲਗੁਣਿ ਅਨੰਦ ਉਪਾਰਜਨਾ***
***ਹਰਿ ਸਜਣ ਪ੍ਰਗਟੇ ਆਇ ॥ ਅੰਗ - ੧੩੬***

ਇਸ ਤਰ੍ਹਾਂ ਪ੍ਰਗਟ ਹੋ ਗਏ ਅੰਦਰ, ਮੈਂ ਮਰ ਗਈ ਤੇ ਉਹ ਪ੍ਰਗਟ ਹੋ ਗਏ। ਪ੍ਰਗਟ ਕਰਾਏ ਕੀਹਨੇ? ਕਹਿੰਦੇ -

***ਸੰਤ ਸਹਾਈ ਰਾਮ ਕੇ***
***ਕਰਿ ਕਿਰਪਾ ਦੀਆ ਮਿਲਾਇ ॥***
***ਅੰਗ- ੧੩੬***

ਓਹੀ ਸੀਗੇ ਸਹਾਇਤਾ ਕਰਨ ਵਾਲੇ। ਉਨ੍ਹਾਂ ਕ੍ਰਿਪਾ ਕਰ ਦਿੱਤੀ। ਹੁਣ ਮਿਲ ਗਿਆ, ਹੁਣ ਕੀ ਹੋ ਗਿਆ। ਸੇਜ ਅੰਦਰਲੀ ਸੁਹਾਵੀ ਹੋ ਗਈ, ਚਿਹਰੇ ਦੇ ਉੱਤੇ ਖੇੜਾ ਆ ਗਿਆ। ਹੁਣ ਮੱਥੇ 'ਚ ਝੁਰੜੀਆਂ ਨਹੀਂ ਪਈਆਂ ਹੋਈਆਂ। ਹੁਣ ਕੋਈ ਮਾੜਾ ਨਹੀਂ ਲਗਦਾ। ਹੁਣ ਸਭ ਦਾ ਪਿਆਰ ਆਉਂਦਾ ਹੈ, ਆਪਣੇ ਹੀ ਲਗਦੇ ਨੇ ਸਾਰੇ। ਖੇੜਾ ਹੀ ਖੇੜਾ ਆ ਗਿਆ। ਚੜ੍ਹਦੀ ਕਲਾ ਆ ਗਈ। ਜਿਹਨੂੰ ਚੜ੍ਹਦੀ ਕਲਾ ਅਸੀਂ ਰੋਜ਼ ਕਹਿੰਦੇ ਹਾਂ -

***ਨਾਨਕ ਨਾਮੁ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਚੜ੍ਹਦੀ ਕਲਾ ਅਸੀਂ ਤਾਂ ਕਹਿੰਦੇ ਹੀ ਹਾਂ, ਆਈ ਤਾਂ ਨਹੀਂ ਨਾ ਕਦੇ ਸਾਨੂੰ। ਸੋ ਜਦੋਂ ਚੜ੍ਹਦੀ ਕਲਾ ਆ ਗਈ ਕਹਿੰਦੇ ਹੁਣ ਸਭ ਕੁਛ ਸੁਹਾਵਾ ਹੋ ਗਿਆ -

***ਸੇਜ ਸੁਹਾਵੀ ਸਰਬ ਸੁਖ***
***ਹੁਣਿ ਦੁਖਾ ਨਾਹੀ ਜਾਇ ॥ ਅੰਗ - ੧੩੬***

ਹੁਣ ਤਾਂ ਦੁਖਾਂ ਨੂੰ ਥਾਂ ਹੀ ਨਾ ਰਿਹਾ। ਕਿਉਂਕਿ ਸੁੱਖ ਨੇ ਰੋਕ ਲਿਆ ਸਾਰਾ ਥਾਉਂ ਤੇ ਹੁਣ ਆਸਾਂ ਜਿਹੜੀਆਂ ਨੇ, ਕੋਈ ਆਸ ਵੀ ਨਹੀਂ ਬਾਕੀ ਬਚਦੀ -

***ਧਾਰਨਾ - ਜਦੋਂ ਮਿਲਿਆ ਰਾਮ ਪਿਆਰਾ,***
***ਆਸਾਂ ਹੋਈਆਂ ਪੂਰੀਆਂ।***

ਮਹਾਰਾਜ ਕਹਿੰਦੇ ਹੁਣ ਕੀ ਹੋਇਆ, ਹੁਣ ਕੋਈ ਵਾਸ਼ਨਾ, ਆਸਾਂ ਨਹੀਂ ਰਹੀ।

***ਅਕਥ ਕਥਾ ਬੀਚਾਰੀਐ***
***ਮਨਸਾ ਮਨਹਿ ਸਮਾਇ ॥ ਅੰਗ - ੧੨੯੧***

ਅੰਦਰ ਹੀ ਮਨ ਮਰ ਗਿਆ। ਮਨ 'ਅਮਨ' ਹੋ ਗਿਆ। ਆਸ ਹੈ ਹੀ ਨਹੀਂ ਕੋਈ, ਹੁਣ ਤਾਂ ਆਪੇ ਹੀ ਹੋ ਰਿਹਾ ਹੈ ਜੋ ਕੁਛ ਵਾਹਿਗੁਰੂ ਨੇ ਕਰਨਾ ਹੈ ਕਰ ਰਿਹਾ ਹੈ -

***ਕਹੁ ਨਾਨਕ ਕਰਤੇ ਕੀਆ ਬਾਤਾ***
***ਜੋ ਕਿਛੁ ਕਰਣਾ ਸੁ ਕਰਿ ਰਹਿਆ ॥***
***ਅੰਗ - ੪੬੯***

ਹੋ ਹੀ ਰਿਹਾ ਹੇ। ਆਸ ਉੱਠਦੀ ਨਹੀਂ ਹਾਲੇ, ਆਸ ਤੋਂ ਪਹਿਲਾਂ ਹੀ ਕੰਮ ਹੋ ਜਾਂਦਾ ਹੈ।

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮***

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯***

ਰਿੱਧੀਆਂ-ਸਿੱਧੀਆਂ ਬੇਨਤੀਆਂ ਕਰਦੀਆਂ ਫਿਰਦੀਆਂ ਨੇ ਕਿ ਸਾਡੇ ਤੋਂ ਕੰਮ ਲੈ ਲਓ।

***ਇਛ ਪੁਨੀ ਵਡਭਾਗਣੀ***
***ਵਰੁ ਪਾਇਆ ਹਰਿ ਰਾਇ ॥***
***ਮਿਲਿ ਸਹੀਆ ਮੰਗਲੁ ਗਾਵਹੀ***
***ਗੀਤ ਗੋਵਿੰਦ ਅਲਾਇ ॥ ਅੰਗ - ੧੩੬***

ਕਹਿੰਦੇ ਆ ਜਾਓ ਸੰਗਤ ਜੀ! ਹੁਣ ਆਪਾਂ ਰਲ ਮਿਲ ਕੇ ਗੁਣ ਗਾਈਏ -

***ਧਾਰਨਾ - ਸਤਿਨਾਮ ਵਾਹਿਗੁਰੂ.***
***ਅਕਾਲ ਪੁਰਖ ਤੂੰ ਹੀ ਹੈਂ।***

ਕਹਿੰਦੇ ਹੁਣ ਗਾਓ, ਪ੍ਰਭੂ ਦਾ ਨਾਮ ਉਚਾਰਨ ਕਰੋ।

***ਹਰਿ ਜੇਹਾ ਅਵਰੁ ਨ ਦਿਸਈ***
***ਕੋਈ ਦੂਜਾ ਲਵੈ ਨ ਲਾਇ ॥ ਅੰਗ - ੧੩੬***

ਹੁਣ ਦੂਜੇ ਦੀ ਲੋੜ ਨਹੀਂ ਰਹੀ। ਕਿਸੇ ਮਾਇਆ ਦੀ, ਕਿਸੇ ਪ੍ਰਭਤਾ ਦੀ, ਕਿਸੇ ਮਾਣ ਦੀ; ਹੁਣ ਤਾਂ ਮਿਲ ਗਿਆ ਰਾਮ ਪਿਆਰਾ।

***ਹਲਤੁ ਪਲਤੁ ਸਵਾਰਿਓਨੁ***
***ਨਿਹਚਲ ਦਿਤੀਅਨੁ ਜਾਇ ॥ ਅੰਗ - ੧੩੬***

ਆਹ ਵੀ ਸਿਮਰ ਗਿਆ ਦਰਗਾਹ ਵੀ ਸਿਮਰ ਗਈ। ਦਰਗਾਹ 'ਚ ਉਹ ਥਾਂ ਮਿਲ ਗਿਆ ਜਿੱਥੋਂ ਮੁੜ ਕੇ ਦੁਬਾਰਾ ਨਹੀਂ ਆਉਣਾ -

***ਸੰਸਾਰ ਸਾਗਰ ਤੇ ਰਖਿਅਨੁ***
***ਬਹੁੜਿ ਨ ਜਨਮੈ ਧਾਇ ॥ ਅੰਗ - ੧੩੬***

ਆਹ ਜਿਹੜਾ ਬੜਾ ਹੀ ਬਿਖੜਾ ਸਾਗਰ ਸੀ ਇਸ ਤੋਂ ਰੱਖ ਲਿਆ ਮਾਲਕ ਨੇ। ਹੁਣ ਦੁਬਾਰਾ ਜਨਮ ਨਹੀਂ ਹੋਣਾ -

***ਜਿਹਵਾ ਏਕ ਅਨੇਕ ਗੁਣ ਤਰੇ***
***ਨਾਨਕ ਚਰਣੀ ਪਾਇ ॥***
***ਫਲਗੁਣਿ ਨਿਤ ਸਲਾਹੀਐ***
***ਜਿਸ ਨੋ ਤਿਲੁ ਨ ਤਮਾਇ ॥ ਅੰਗ - ੧੩੬***

ਹੇ ਪ੍ਰਭੂ! ਮੈਂ ਤੇਰੇ ਗੁਣ ਕਿਵੇਂ ਗਾਵਾਂ ਤੂੰ ਮੈਨੂੰ ਜੀਭ ਹੀ ਇੱਕ ਦਿੱਤੀ ਹੈ। ਸੋ ਇਹ ਮਹੀਨਾ ਮਿਲਾਪ ਦਾ ਜੋ ਹੈ ਆਪ ਸਾਰਿਆਂ ਨੇ ਇੱਥੇ ਆ ਕੇ ਮਨਾਇਆ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇੱਥੇ ਹੀ ਸਮਾਪਤੀ ਹੈ।

♠♠♠♠♠

# ਭਈ ਪਰਾਪਤਿ ਮਾਨੁਖ ਦੇਹੁਰੀਆ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ॥ ਅੰਗ - ੨੮੯*
*ਧਾਰਨਾ - ਫਿਰਦੇ-ਫਿਰਦੇ ਨੂੰ ਬਹੁਤੇ ਜੁਗ ਹੋ ਗਏ,*
*ਲੇਖੇ ਵਿੱਚ ਲਾ ਲੈ ਮਾਲਕਾ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥*
*ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ॥ ਅੰਗ - ੧੫੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਜੋ ਥੋੜ੍ਹਾ ਜਿਹਾ ਸਮਾਂ ਆਪਾਂ ਨੂੰ ਮਿਲਿਆ ਹੈ ਸਤਿਸੰਗ ਕਰਨ ਦਾ। ਪੂਰਾ-ਪੂਰਾ ਧਿਆਨ ਦੇ ਕੇ ਜੇ ਅਸੀਂ ਸਰਵਣ ਕਰਾਂਗੇ, ਤੇ ਵਿਚਾਰ ਕਰਾਂਗੇ, ਸਮਾਂ ਲੇਖੇ ਵਿੱਚ ਲਗ ਜਾਏਗਾ ਤੇ ਸਾਨੂੰ ਰਸਤਾ ਲੱਭ ਜਾਏਗਾ ਕਿ ਆਦਮੀ ਨੂੰ ਧਰਮ ਦੇ ਮਾਮਲੇ ਦੇ ਵਿੱਚ ਪਤਾ ਨਹੀਂ ਲਗਦਾ। ਸਾਰੀ ਜ਼ਿੰਦਗੀ ਬਾਣੀ ਪੜ੍ਹਦਾ ਹੈ, ਸਾਰੀ ਜ਼ਿੰਦਗੀ ਭਜਨ ਕਰਦਾ ਹੈ, ਸਾਰੀ ਜ਼ਿੰਦਗੀ ਸੇਵਾ ਕਰਦਾ ਹੈ। ਸਾਰੀ ਜ਼ਿੰਦਗੀ ਲੋਕਾਂ ਨੂੰ ਉਪਦੇਸ਼ ਦਿੰਦਾ ਹੈ, ਲੇਕਿਨ ਆਪ ਸੁੱਕੇ ਦਾ ਸੁੱਕਾ ਫੇਰ ਰਹਿ ਜਾਂਦਾ ਹੈ। ਐਸਾ ਹੀ ਹੈ ਹਿਸਾਬ ਕਿਤਾਬ ਕਿਉਂਕਿ ਜਦ ਤਕ ਕਿਸੇ ਸਮਰੱਥ ਮਹਾਂਪੁਰਸ਼ ਦੀ ਮਿਹਰ ਨਾ ਹੋਵੇ। ਓਨੀਂ ਦੇਰ ਤਕ ਅੰਦਰਲੇ ਕਪਾਟ ਨਹੀਂ ਖੁੱਲ੍ਹਿਆ ਕਰਦੇ। ਜਦ ਤੱਕ ਦਰਵਾਜ਼ਾ ਨਹੀਂ ਖੁਲ੍ਹਦਾ ਤਾਂ ਅੰਦਰ ਦਾਖਲ ਕਿਵੇਂ ਹੋਏਗਾ। ਪਤਾ ਨਹੀਂ ਲੱਗਿਆ ਕਰਦਾ। ਇਸ ਕਰਕੇ ਸਮਾਂ ਜਿਹੜਾ ਹੈ, ਭਰਮ ਰਹਿੰਦਾ ਹੈ ਸਾਨੂੰ ਕਿ ਸਾਡਾ ਲੇਖੇ ਵਿੱਚ ਲਗ ਰਿਹਾ ਹੈ। ਦੂਸਰੇ ਨਾਲੋਂ ਬਹੁਤ ਚੰਗਾ ਹੈ ਪਰ ਜੋ ਸਮੇਂ ਦਾ ਪੂਰਾ-ਪੂਰਾ ਲਾਭ ਲੈਣਾ ਹੈ, ਜ਼ਿੰਦਗੀ 'ਚ ਬੜੇ ਆਡੰਬਰ ਆਉਂਦੇ ਨੇ, ਬਹੁਤ ਵੱਡੀਆਂ-ਵੱਡੀਆਂ ਅਸੀਂ ਗੱਲਾਂ ਕਰਦੇ ਹਾਂ। ਬਹੁਤ ਵੱਡੇ-ਵੱਡੇ ਇਕੱਠ ਹੁੰਦੇ ਨੇ ਦੀਵਾਨਾਂ 'ਚ। ਕਰਨ ਵਾਲੇ ਨੂੰ ਵੀ ਖੁਸ਼ੀ ਹੁੰਦੀ ਹੈ, ਜਾਣ ਵਾਲਿਆਂ ਨੂੰ ਵੀ ਖੁਸ਼ੀ ਹੁੰਦੀ ਹੈ। ਮਹਿਮਾ ਹੁੰਦੀ ਹੈ ਪਰ ਜੇ ਰੂਹਾਨੀ ਨੁਕਤੇ ਤੋਂ ਦੇਖੀਏ ਤਾਂ ਇਹਦਾ ਬਹੁਤਾ ਮੁੱਲ ਨਹੀਂ ਹੋਇਆ ਕਰਦਾ। ਬੰਦੇ 'ਚ ਬੇਸਿਕ ਤਬਦੀਲੀ ਨਹੀਂ ਆਉਂਦੀ ਹੈ। ਉਥੇ ਦਾ ਉਥੇ ਹੀ ਰਹਿੰਦਾ ਹੈ, ਥਕੇਵਾਂ ਪੱਲੇ ਪੈਂਦਾ ਹੈ। ਥੋੜ੍ਹੀ ਜਿਹੀ ਪ੍ਰਸੰਸਾ ਹੋ ਜਾਂਦੀ ਹੈ, ਪ੍ਰਸੰਸਾ ਦੇ ਨਾਲ ਆਪ ਨੂੰ ਖੁਸ਼ੀ ਮਿਲਦੀ ਹੈ। ਹਮੇਸ਼ਾ ਉਸ ਪ੍ਰਸੰਸਾ ਤੋਂ ਆਦਮੀ ਨੂੰ ਖੁਸ਼ੀ ਹੁੰਦੀ ਹੈ, ਜਿਹੜੀ ਗੱਲ ਉਹਦੇ ਵਿੱਚ ਹੋਵੇ ਨਾ ਪਰ ਲੋਕ ਕਹਿਣ ਕਿ ਤੇਰੇ ਵਿੱਚ ਹੈ। ਬੜਾ ਖੁਸ਼ ਹੋਏਗਾ ਇਹੀ ਚੀਜ਼ ਗਲਤ ਲੈ ਜਾਂਦੀ ਹੈ ਆਦਮੀ ਨੂੰ। ਯੁੱਗ ਐਸਾ ਹੈ, ਇਸ ਯੁੱਗ ਦੇ ਅੰਦਰ ਸਾਰੀਆਂ ਕੀਮਤਾਂ ਬਦਲ ਚੁੱਕੀਆਂ ਨੇ, ਹਿਸਾਬ-ਕਿਤਾਬ ਲਾਇਆ ਜਾਂਦਾ ਹੈ, ਬਹੁਤੀਆਂ ਭੀੜਾਂ ਹੋਣ, ਹਰੇਕ ਦੀ ਜ਼ੁਬਾਨ 'ਤੇ ਗੱਲ ਚਲਦੀ ਹੋਵੇ ਤੇ ਧੰਨ-ਧੰਨ ਕਹਿੰਦੇ ਹੋਣ। ਪਰ ਜਦੋਂ ਅਸੀਂ ਦੀਰਘ ਦ੍ਰਿਸ਼ਟੀ ਦੇ ਨਾਲ ਦੇਖਦੇ ਹਾਂ ਤਾਂ ਮਹਾਰਾਜ ਕਹਿੰਦੇ ਨਹੀਂ ਪਿਆਰਿਓ! ਐਵੇਂ ਨਾ ਕਿਤੇ ਭੁੱਲ ਜਾਇਓ। ਇਹ ਤਾਂ ਤੁਸੀਂ ਥੋੜ੍ਹੀ ਜਿਹੀ ਮਹਿਮਾ ਨੂੰ ਕਹਿੰਦੇ ਓਂ। ਥੋੜ੍ਹੀ ਜਿਹੀ ਪ੍ਰਸੰਸਾ ਨੂੰ ਕਹਿੰਦੇ ਓਂ। ਜੇ ਐਨੀ ਵੀ ਪ੍ਰਸੰਸਾ ਹੋ ਜਾਵੇ -

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*
*ਨਵਾ ਖੰਡਾ ਵਿਚਿ ਜਾਣੀਐ*
*ਨਾਲਿ ਚਲੈ ਸਭੁ ਕੋਇ ॥*
*ਚੰਗਾ ਨਾਉ ਰਖਾਇ ਕੈ*
*ਜਸੁ ਕੀਰਤਿ ਜਗਿ ਲੇਇ ॥ ਅੰਗ - ੨*

ਸਾਰੇ ਸੰਸਾਰ ਦੇ ਅੰਦਰ ਕੀਰਤੀ ਹੁੰਦੀ ਹੋਵੇ ਕਿ ਇਹਦੇ ਵਰਗਾ ਨਹੀਂ ਕੋਈ ਹੈ। ਇਹਨੇ ਬਹੁਤ ਵਧੀਆਂ ਕੰਮ ਕਰਿਆ ਹੈ, ਥਾਂ-ਥਾਂ ਇਹਦੀ ਪ੍ਰਸੰਸਾ ਹੋ ਰਹੀ ਹੈ, ਟੈਲੀਵੀਜ਼ਨਾਂ 'ਚ ਹੋ ਰਹੀ ਹੈ, ਅਖਬਾਰਾਂ 'ਚ ਹੋ ਰਹੀ ਹੈ, ਲੋਕਾਂ 'ਚ ਹੋ ਰਹੀ ਹੈ। ਮਹਾਰਾਜ ਕਹਿੰਦੇ ਜੇ ਪ੍ਰਵਾਨ ਨਾ ਹੋਇਆ ਦਰਗਾਹ 'ਚ ਤਾਂ ਪਤਾ ਹੈ ਕੀ ਬਣਦਾ ਹੈ।

*ਜੇ ਤਿਸੁ ਨਦਰਿ ਨ ਆਵਈ*
*ਤ ਵਾਤ ਨ ਪੁਛੈ ਕੇ ॥ ਅੰਗ - ੨*

ਰੂਹਾਨੀ ਤੋਲ ਹੋਰ ਹੈ, ਰੂਹਾਨੀ ਵੱਟੇ ਹੋਰ ਨੇ, ਜਿਹਦੇ ਨਾਲ ਬੰਦੇ ਨੇ ਦਰਗਾਹ ਦੇ ਵਿੱਚ ਪੱਤ ਪਾਉਣੀ ਹੈ। ਉਹ ਹੋਰ ਚੀਜ਼ਾਂ ਨੇ, ਸੰਸਾਰ ਦਾ ਰੌਲਾ-ਰੱਪਾ ਹੋਰ ਚੀਜ਼ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਹੈ, ਐਵੇਂ ਨਾ ਗੁਆ ਬੈਠਿਓ ਕਿਤੇ ਝੂਠੀਆਂ

ਗੱਲਾਂ 'ਚ ਪੈ ਕੇ, ਕਿਉਂਕਿ ਮਹਾਤਮਾ ਦਾ ਇਹ ਦੇਖਿਆ ਗਿਆ ਹੈ ਜੀਵਨ, ਕਬੀਰ ਸਾਹਿਬ ਦੀ ਮਹਿਮਾ ਬਹੁਤ ਵਧ ਗਈ। ਹਰ ਥਾਂ 'ਤੇ ਕਬੀਰ-ਕਬੀਰ ਹੋਣ ਲਗ ਗਿਆ। ਕਬੀਰ ਸਾਹਿਬ ਨੂੰ ਗੱਲ ਚੰਗੀ ਨਾ ਜਚੀ ਇਹ। ਕਹਿਣ ਲੱਗੇ ਜਿਹੜਾ ਵੀ ਹੈ ਨਾਉਂ ਲਈ ਜਾਂਦਾ ਹੈ, ਹਕੀਕਤ ਨੂੰ ਕੋਈ ਫੜ ਨਹੀਂ ਰਿਹਾ, ਅਸਲੀਅਤ ਨੂੰ ਕੋਈ ਜਾਣ ਨਹੀਂ ਰਿਹਾ, ਐਵੇਂ ਹੀ ਕਬੀਰ-ਕਬੀਰ ਹੋਈ ਜਾਂਦਾ ਹੈ। ਉਸ ਵੇਲੇ ਆਪ ਨੇ ਇੱਕ ਐਸਾ ਕੌਤਕ ਰਚਿਆ ਕਿ ਇੱਕ ਬੀਬੀ ਨਾਲ ਲੈ ਲਈ, ਆਪਣੇ ਹੱਥ ਵਿੱਚ ਇੱਕ ਬੋਤਲ ਲੈ ਲਈ, ਜਿਸ ਤੋਂ ਇਹ ਪਤਾ ਲੱਗੇ ਕਿ ਸ਼ਰਾਬ ਦੀ ਬੋਤਲ ਹੈ। ਸਾਫਾ ਟੇਢਾ ਕਰਕੇ ਬੰਨ੍ਹ ਲਿਆ, ਲੜ ਛੱਡ ਕੇ। ਬਾਂਹ 'ਚ ਬਾਂਹ ਪਾ ਕੇ ਬਜ਼ਾਰ 'ਚੀਂ ਤੁਰੀ ਜਾਂਦੇ ਨੇ। ਰੌਲਾ ਪੈ ਗਿਆ ਸਾਰੇ ਕਿ ਦੇਖੋ ਕਬੀਰ ਭਗਤ ਜਾਂਦਾ-ਦੇਖੋ ਕਬੀਰ ਭਗਤ ਜਾਂਦਾ। ਨਾਲ ਲਈਂ ਜਾਂਦਾ ਹੈ ਵੇਸਵਾ ਨੂੰ ਤੇ ਨਾਲ ਸ਼ਰਾਬ ਦੀ ਬੋਤਲ ਹੱਥ ਵਿੱਚ ਹੈ ਤੇ ਫੇਰ ਡਰਦਾ ਨਹੀਂ ਹੈ, ਸ਼ਰਾਬੀ ਹੋਇਆ-ਹੋਇਆ ਹੈ, ਜਿੱਥੇ ਦੇਖਦਾ ਹੈ ਖੜ੍ਹ ਕੇ ਪੀਣ ਲਗ ਜਾਂਦਾ ਹੈ। ਉਸ ਕਾਸ਼ੀ ਦਾ ਜੋ ਨਿਰੇਸ਼ ਸੀ ਉਹ ਕਬੀਰ ਸਾਹਿਬ ਦਾ ਬੜਾ ਸੇਵਕ ਸੀ। ਉਸ ਤਕ ਵੀ ਇਹ ਗੱਲ ਪਹੁੰਚੀ। ਕਹਿਣ ਲੱਗਿਆ ਕਿ ਹੋ ਨਹੀਂ ਸਕਦਾ ਕਿ ਕਬੀਰ ਐਸੀ ਬਾਤ ਕਰ ਲਵੇ। ਮੇਰੇ ਗੁਰੂ ਨੇ, ਮੇਰੇ ਗੁਰੂਦੇਵ ਨੇ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦਾ ਹੈ, ਬੜੀ ਭੀੜ ਤੁਰੀ ਆ ਰਹੀ ਹੈ, ਰੌਲਾ ਪੈ ਰਿਹਾ ਹੈ। ਕਬੀਰ ਸਾਹਿਬ ਅੱਗੇ-ਅੱਗੇ ਆ ਰਹੇ ਨੇ। ਰਾਜੇ ਨੇ ਵੀ ਦੇਖ ਲਿਆ ਕਿ ਆ ਰਹੇ ਨੇ। ਅੰਦਰ ਦਾਖਲ ਹੋ ਗਏ। ਉਸ ਵੇਲੇ ਉਹ ਸਤਿਕਾਰ ਵਾਸਤੇ ਖੜ੍ਹਾ ਨਾ ਹੋਇਆ। ਮਨ 'ਚ ਗਿਲਾਨੀ ਆ ਗਈ ਕਿ ਐਡਾ ਮਹਾਂਪੁਰਸ਼ ਹੋ ਕੇ ਇਹ ਕੀ ਕੰਮ ਕਰਦਾ ਹੈ? ਓਦਣ ਨਹੀਂ ਕਿਹਾ ਕਿ ਗੁਰੂਦੇਵ! ਤੁਸੀਂ ਇਹ ਕੀ ਕਰਦੇ ਓਂ। ਤੁਹਾਡਾ ਕੌਤਕ ਸਾਨੂੰ ਸਮਝ 'ਚ ਨਹੀਂ ਆ ਰਿਹਾ। ਸਾਡਾ ਮਨ ਡੋਲ ਰਿਹਾ ਹੈ, ਕ੍ਰਿਪਾ ਕਰੋ, ਸਾਨੂੰ ਡੋਲਣ ਤੋਂ ਬਚਾ ਲਓ। ਓਸ ਵੇਲੇ ਬੋਲਿਆ, ਕਬੀਰ! ਜੁਲਾਹੇ ਦਾ ਜੁਲਾਹਾ ਹੀ ਰਿਹਾ ਤੂੰ। ਮੈਂ ਤੇਰੀ ਬੜੀ ਇੱਜ਼ਤ ਕਰਦਾ ਸੀ -

***ਮੈ ਜਾਨਿਆ ਵਡ ਹੰਸੁ ਹੈ***
***ਤਾ ਮੈ ਕੀਆ ਸੰਗੁ ॥***
***ਜੇ ਜਾਨਾ ਬਗੁ ਬਪੁੜਾ***
***ਤ ਜਨਮਿ ਨ ਦੇਦੀ ਅੰਗੁ॥ ਅੰਗ - ੫੮੫***

ਜੇ ਮੈਨੂੰ ਪਤਾ ਹੁੰਦਾ ਕਿ ਤੂੰ ਐਨੀ ਛੇਤੀ ਗਿਰ ਜਾਏਂਗਾ ਤਾਂ ਮੈਂ ਗੁਰੂ ਵਾਲੀ ਸ਼ਰਧਾ ਤੇਰੇ ਉਤੇ ਨਾ ਰਖਦਾ। ਕਬੀਰ ਸਾਹਿਬ ਨੇ ਉਹ ਬੋਤਲ ਡੋਲ੍ਹ ਦਿੱਤੀ, ਗਲੀਚੇ ਦੇ ਉੱਤੇ। ਬਦਬੂ ਫੈਲੀ ਉਥੇ। ਉਸ ਵੇਲੇ ਹੋਰ ਨਰਾਜ਼ ਹੋ ਗਿਆ। ਕਹਿਣ ਲੱਗਿਆ ਕਿ ਇਹ ਕੀ ਕਰਦਾ ਹੈਂ ਤੂੰ? ਕਹਿਣ ਲੱਗੇ, ਰਾਜਨ! ਕਰਨਾ ਕੀ ਹੈ, ਸਭ ਤੋਂ ਜਿਹੜਾ ਵੱਡਾ ਮੰਦਰ ਹੈ ਉਹਨੂੰ ਅੱਗ ਲੱਗੀ ਹੋਈ ਸੀ, ਬੁਝਾ ਕੇ ਹਟਿਆ ਹਾਂ। ਐਨੇ ਨੂੰ ਰਾਣੀ ਬਾਹਰ ਆ ਗਈ। ਰਾਣੀ ਨੇ ਰਾਜੇ ਨੂੰ ਰੋਕਿਆ ਕਿ ਤੁਸੀਂ ਇਹ ਕੀ ਗੱਲਾਂ ਕਰਨ ਲੱਗ ਗਏ। ਮਹਾਂਪੁਰਸ਼ਾਂ ਦੀ ਕਿਰਿਆ ਨੂੰ ਕੌਣ ਸਮਝ ਸਕਦਾ ਹੈ। ਨਾ ਪ੍ਰਮੇਸ਼ਰ ਦੀ, ਨਾ ਸਤਿਪੁਰਸ਼ਾਂ ਦੀ ਕਿਰਿਆ ਨੂੰ ਕੋਈ ਸਮਝਦਾ ਹੈ। ਕੀ ਪਤਾ ਇਨ੍ਹਾਂ ਨੇ ਕਿਹੜਾ ਰੂਪ ਧਾਰ ਕੇ, ਕੀ ਹੈ ਮਤਲਬ ਇਹਦਾ ਤੇ ਤੁਸੀਂ ਗੁਰੂ ਦੇ ਉੱਤੇ ਸ਼ੰਕਾ ਕਰ ਦਿੱਤੀ ਤੁਹਾਡਾ ਤਾਂ ਤਪ ਸਾਰਾ ਨਸ਼ਟ ਹੋ ਗਿਆ।

ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ ਜੇ ਤੱਤ ਬੇਤੇ ਮਹਾਂਪੁਰਸ਼ ਦੇ ਖਿਲਾਫ ਤਰਕ ਆ ਜਾਵੇ। ਉਸ ਵੇਲੇ ਰਾਣੀ ਕਹਿਣ ਲੱਗੀ ਕਿ ਤੁਸੀਂ ਘੋੜ ਸਵਾਰ ਭੇਜ ਕੇ ਖਬਰ ਮੰਗਾਓ। ਉਸੇ ਵੇਲੇ ਵੱਡਾ ਮੰਦਰ ਵਿਸ਼ਵਾਨਾਥ ਹੁੰਦਾ ਸੀ, ਉਥੇ ਭੇਜਿਆ ਗਿਆ ਬੰਦਾ, ਪੁੱਛਿਆ ਉਥੇ, ਉਨ੍ਹਾਂ ਨੇ ਕਿਹਾ ਜੀ ਅਚਾਨਕ ਅੱਗ ਲਗ ਗਈ ਸੀ ਤੇ ਲਗਦਾ ਇਹ ਸੀ ਕਿ ਅੱਜ ਬਚਾਓ ਕੋਈ ਨਹੀਂ ਹੋਣਾ। ਪਰ ਇਹ ਵੀ ਪਤਾ ਨਹੀਂ ਹੈ ਕਿ ਕੀ ਹੋਇਆ ਕਿ ਐਡੀ ਭੜਕਦੀ ਅੱਗ ਅਚਾਨਕ ਬੁੱਝ ਗਈ। ਉਸ ਤੋਂ ਬਾਅਦ ਅਸੀਂ ਕੀ ਦੇਖਦੇ ਹਾਂ ਕਿ ਅੱਗ ਲੱਗਣ ਦਾ ਕੋਈ ਵੀ ਨਿਸ਼ਾਨ ਬਾਕੀ ਨਹੀਂ ਸੀ। ਨਾ ਕੁਛ ਧੁਆਂਖਿਆ, ਜਿਹੜੇ ਚੌਖਟੇ ਜਲਦੇ ਨਜ਼ਰ ਆ ਰਹੇ ਸੀ, ਉਨ੍ਹਾਂ ਦਾ ਨਾ ਕੋਈ ਰੋਗਨ ਖਰਾਬ ਹੋਇਆ। ਕੋਈ ਐਸਾ ਕੌਤਕ ਲੱਗਿਆ ਜਿਹਦੀ ਸਮਝ ਸਾਨੂੰ ਨਹੀਂ ਪੈਂਦੀ। ਸੋ ਜਸ ਜ਼ਿਆਦਾ ਹੋ ਗਿਆ, ਲਾਹ ਦਿੱਤੇ ਕੱਚੇ ਸਾਰੇ। ਲਹਿ ਗਏ ਸਾਰੇ। ਕਿਉਂਕਿ ਤੱਤ ਬੇਤੇ ਮਹਾਂਪੁਰਸ਼ਾਂ ਕੋਲ ਕੋਈ ਜਗਿਆਸੂ ਆਉਣ ਉਹ ਤਾਂ ਲਾਭ ਉਠਾ ਸਕਦੇ ਨੇ ਜਦ ਭੀੜਾਂ ਬਣ ਜਾਣ ਫੇਰ ਗਲਤ ਹੋ ਜਾਇਆ ਕਰਦਾ ਹੈ। ਭੀੜਾਂ ਦੇ ਨਾਲ ਕਿਸੇ ਮਹਾਂਪੁਰਸ਼ਾਂ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਅੰਦਾਜ਼ਾ ਏਸ ਗੱਲ 'ਤੇ ਹੁੰਦਾ ਹੈ ਕਿ ਕਿੰਨਿਆਂ ਦੇ ਜੀਵਨ ਬਦਲੇ ਨੇ। ਕਿੰਨਿਆਂ ਨੂੰ ਰਾਹ ਲੱਭਿਆ ਹੈ, ਕਿੰਨਿਆਂ ਦਾ ਰਸਕ ਜੀਵਨ ਬਣਿਆ ਹੈ, ਖੁਸ਼ਕੀ ਤੋਂ ਨਿਕਲੇ ਨੇ। ਕਿੰਨਿਆਂ ਦੇ ਨੇਤਰ ਖੁੱਲ੍ਹੇ ਨੇ, ਉਹ ਚਾਹੇ ਕਿਹੋ ਜਿਹੀ ਵੀ ਹਾਲਤ ਵਿਚ ਹੋਵੇ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ***
***॥ ਮਿਤ੍ਰ ਨ ਇਠ ਧਨ ਰੂਪਹੀਣ***
***ਕਿਛੁ ਸਾਕੁ ਨ ਸਿੰਨਾ ॥ ਅੰਗ - ੭੦੭***

ਐਸੀ ਅਵਸਥਾ 'ਚ unknown ਥਾਂ 'ਤੇ ਰਹਿੰਦਾ ਹੋਇਆ, ਜਿਹਨੂੰ ਕੋਈ ਵੀ ਨਹੀਂ ਜਾਣਦਾ। ਭਾਈ ਹੇਮੇ ਦੇ ਪ੍ਰਥਾਇ, ਗੁਰੂ ਪੰਜਵੇਂ ਪਾਤਸ਼ਾਹ ਨੇ ਸ਼ਬਦ ਉਚਾਰਨ ਕੀਤਾ ਹੈ ਉਹਨੂੰ ਕੋਈ ਪਿੰਡ ਵਿੱਚ ਪਾਣੀ ਵੀ ਮੰਗਿਆ ਨਹੀਂ ਸੀ ਦਿੰਦਾ। ਕੋਈ ਉਹਦੇ ਨਾਲ ਬਚਨ ਨਹੀਂ ਸੀ ਕਰਦਾ। ਕੋਈ ਉਹਦੇ ਕੋਲ ਦੀ ਲੰਘਦਾ ਉਹਨੂੰ ਬੁਲਾਇਆ ਨਹੀਂ ਸੀ ਕਰਦਾ। ਬਾਹਰ ਰਹਿੰਦਾ ਸੀ ਆਪਣੇ ਖੇਤ ਵਿੱਚ, ਕਿਉਂਕਿ ਇਹ ਇਕੱਲਾ ਹੀ ਗੁਰਸਿੱਖ ਸੀ, ਬਾਕੀ ਪਿੰਡ ਆਲਾ-ਦੁਆਲਾ, ਚੌਗਿਰਦੇ ਦੇ ਪਿੰਡ ਸੁਲਤਾਨੀਆਂ ਦੇ ਸੀ। ਇਸ ਕਰਕੇ ਉਨ੍ਹਾਂ ਨੇ ਇਨ੍ਹਾਂ ਦਾ ਆਦਰ ਨਾ ਕੋਈ ਕਰਿਆ। ਪਰ ਮਹਾਰਾਜ ਨੇ ਜਦ ਅੰਦਰਲੀ ਅਵਸਥਾ ਭਾਈ ਹੇਮਾ ਦੀ ਦੇਖੀ, ਉਹ ਕਹਿਣ ਲੱਗੇ ਪਿਆਰਿਓ! ਭੁਲੇਖਾ ਨਾ ਖਾਓ ਇਹ ਤਾਂ ਬਹਿਸ਼ਤਾਂ ਦਾ ਬਾਦਸ਼ਾਹ ਹੈ, ਜੋ ਮੁਖ 'ਚੋਂ ਨਿਕਲ ਗਿਆ ਉਹ ਮੰਨ ਲਈ ਜਾਣੀ ਹੈ ਇਹਦੀ ਗੱਲ। ਕੇਵਲ ਸੰਸਾਰ ਦਾ ਬਾਦਸ਼ਾਹ ਨਹੀਂ ਹੈ ਇਹ। ਇਹ ਬਹਿਸ਼ਤਾਂ ਦਾ ਬਾਦਸ਼ਾਹ ਹੈ, ਦੇਵਤਿਆਂ ਦਾ ਵੀ ਬਾਦਸ਼ਾਹ ਹੈ, ਇਹਦੀ ਤਾਂ ਦਰਗਾਹ ਵਿੱਚ ਸੁਣੀ ਜਾਂਦੀ ਹੈ, ਮੰਨੀ ਜਾਂਦੀ ਹੈ।

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*
*ਅੰਗ - ੭੦੭*

ਇਹ ਜਿੱਥੇ ਚਰਨ ਧਰ ਦੇਵੇ, ਉਹ ਧੂੜ ਐਨੀ ਪਵਿੱਤਰ ਹੋ ਜਾਂਦੀ ਹੈ ਕਿ ਉਹ ਧੂੜ ਦੇ ਨਾਲ ਹੀ ਮਨ ਜਿਹੜਾ ਹੈ ਉਹਦਾ ਉਹ ਬਦਲ ਜਾਂਦਾ ਹੈ ਕਿਉਂਕਿ ਇਹਦੇ ਉੱਤੇ ਵਾਹਿਗੁਰੂ ਦੀ ਖੁਸ਼ੀ ਹੈ। ਸੋ ਇਸ ਤਰ੍ਹਾਂ ਜੀਵਨ ਦੇ ਅੰਦਰ ਚਹਿਲਾਂ-ਪਹਿਲਾਂ, ਰੌਣਕਾਂ, ਵਡਿਆਈਆਂ ਮਹਾਰਾਜ ਕਹਿੰਦੇ ਕਿਸੇ ਕੰਮ ਨਹੀਂ, ਜਿੰਨਾਂ ਚਿਰ ਤੁਸੀਂ ਅੰਦਰਲੀ ਗੱਲ ਨਹੀਂ ਸਮਝਦੇ। ਜੇ ਅੰਦਰੋਂ ਕੁਛ ਸਮਝ 'ਚ ਨਹੀਂ ਪਿਆ, ਕੁਛ ਨਹੀਂ ਸਮਝਿਆ। ਕਿੰਨੀਆਂ ਹੀ ਕਿਤਾਬਾਂ ਪੜ੍ਹ ਲਈਆਂ, ਕਿੰਨੀਆਂ ਹੀ ਲਿਖ ਲਈਆਂ, ਨਾ ਲਿਖਣ ਵਾਲਿਆਂ ਨੂੰ ਕੁਛ ਪਤਾ ਲਗਦਾ ਹੈ, ਨਾ ਪੜ੍ਹਨ ਵਾਲਿਆਂ ਨੂੰ ਪਤਾ ਲਗਦਾ ਹੈ। ਇਹ ਗੱਲ ਸਮਝ 'ਚ ਆਉਣੀ ਔਖੀ ਹੈ ਕਿਉਂਕਿ ਇੱਕ ਬੰਦਾ ਕਹਿੰਦਾ ਹੈ ਕਿ ਮੈਂ ph.d ਹਾਂ, ਮੈਂ ਖੋਜ ਕਰੀ ਹੈ। ਗੁਰੂ ਗ੍ਰੰਥ ਸਾਹਿਬ ਦਾ ਮੈਂ ਲਿਖਿਆ ਹੈ। ਅੱਜਕੱਲ ਜੋ ਪੁਸਤਕਾਂ ਲਿਖਣੀਆ ਹਨ ਉਹ ਹਰ ਬੰਦਾ ਜੇ ਇੱਕ ਨੂੰ ਸਮਝਾ ਦਿੱਤਾ ਜਾਵੇ ਕਿ ਆਹ ਢੰਗ ਹੈ, ਆਹ ਲਿਖੀ ਜਾਹ। ਓਹੀ ਵੱਡਾ ਹੋ ਜਾਏਗਾ, ਐਨਾ ਲਿਖਿਆ ਹੋਇਆ ਮੌਜੂਦ ਹੈ ਅੱਜਕੱਲ। ਹਰ ਚੀਜ਼ ਮਿਲਦੀ ਹੈ, ਲਾਈਨਾਂ ਛਾਂਟ-ਛਾਂਟ ਲਿਖੀ ਜਾਣੀਆਂ ਨੇ। ਉਹਦੀ ਕਿਰਤ ਨਹੀਂ ਹੈ, ਉਹ ਤਾਂ ਕਿਰਤ ਕੀਤੀ ਹੋਈ ਨੂੰ ਆਪਣੀ ਬਣਾ ਕੇ ਪੇਸ਼ ਕਰ ਰਿਹਾ ਹੈ। ਉਹਦੀ ਵਾਹਵਾ ਕਰ ਰਿਹਾ ਹੈ। ਬਣਾਈ ਕਿਸੇ ਨੇ ਹੈ, ਕਹੀ ਕਿਸੇ ਨੇ ਹੈ, ਉਹਨੇ ਬਣਾ ਕੇ ਉਸਨੂੰ ਆਪਣੀ ਪ੍ਰਸੰਸਾ ਲੈ ਲਈ। ਸੋ ਇਹ ਪ੍ਰਸੰਸਾ ਵਗੈਰਾ ਕੁਛ ਕਰਦੀਆਂ ਨਹੀਂ। ਸਾਨੂੰ ਛੁਡਾਉਂਦੀਆਂ ਨਹੀਂ ਹਨ। ਸੋ ਅਸੀਂ ਬੇਨਤੀ ਕੀਤੀ ਹੈ ਕਿ ਸੱਚੇ ਪਾਤਸ਼ਾਹ! ਬੇਅੰਤ ਜੁਗ ਬੀਤ ਗਏ, ਬੀਤਦੇ ਚਲੇ ਜਾ ਰਹੇ ਨੇ ਤੇ ਹੁਣ ਕ੍ਰਿਪਾ ਕਰ ਸਾਡੇ 'ਤੇ, ਸਾਡਾ ਜੀਵਨ ਲੇਖੇ 'ਚ ਲਗ ਜਾਵੇ। ਧਿਆਨ ਦੇ ਕੇ ਦੇਖੋ ਕਿ ਦੁਨੀਆਂ ਕੀ ਹੈ? ਜਿਹਦੇ ਵਿੱਚ ਅਸੀਂ ਵਿਚਰ ਰਹੇ ਹਾਂ ਇਹ ਹੈ ਕੀ? ਜਦੋਂ ਕੋਈ ਚੀਜ਼ ਨਹੀਂ ਸੀ ਇਸ ਸੰਸਾਰ ਦੇ ਅੰਦਰ। ਉਸ ਵੇਲੇ ਕੇਵਲ ਪ੍ਰਮੇਸ਼ਰ ਸੀਗਾ ਜਿਹਨੂੰ ਨਿਰਗੁਣ ਬ੍ਰਹਮ ਕਹਿੰਦੇ ਸੀ, ਜਿਹਦਾ ਨਾ ਕੋਈ ਰੂਪ ਸੀ, ਨਾ ਕੋਈ ਰੇਖ ਸੀ, ਕੁਛ ਵੀ ਨਹੀਂ ਸੀਗਾ, ਨਾ ਉਹਨੂੰ ਕੋਈ ਜਾਣਦਾ ਸੀ, ਆਪਣੇ ਆਪ ਨੂੰ ਆਪੇ ਹੀ ਜਾਣਦਾ ਸੀ, ਕਿਉਂਕਿ ਦੂਜੀ ਚੀਜ਼ ਨਹੀਂ ਸੀ। ਜੋ ਗੁਰੂ ਨਾਨਕ ਪਾਤਸ਼ਾਹ ਦਾ ਸਿਧਾਂਤ ਹੈ ਇਹਦੇ ਵਿੱਚ ਫਰਕ ਹੈ ਥੋੜ੍ਹਾ ਜਿਹਾ, ਪੁਸਤਕਾਂ ਤਾਂ ਅਸੀਂ ਪੜ੍ਹ ਲੈਂਦੇ ਹਾਂ, ਲੇਕਿਨ ਸਿਧਾਂਤ ਤੋਂ ਅਣਜਾਣ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ। ਬਾਕੀ ਬਹੁਤ ਸਾਰੇ ਐਸੇ ਮਹਾਂਪੁਰਸ਼ ਨੇ ਜਿਨ੍ਹਾਂ ਨੇ ਨਿਹਚਾ ਕਰਿਆ ਕਿ ਤਿੰਨ ਚੀਜ਼ਾਂ ਸੀਗੀਆਂ ਇੱਕ ਪ੍ਰਕ੍ਰਿਤੀ ਸੀਗੀ, matter ਦਾ ਬੀਜ ਸੀ, ਜਿਸ ਤਰ੍ਹਾਂ ਪ੍ਰਮੇਸ਼ਰ ਨਿਰਗੁਨ ਰੂਪ 'ਚ ਸੀ, ਇਸੇ ਤਰ੍ਹਾਂ ਜਿਹੜਾ ਬੀਜ ਸੀ ਉਹ ਵੀ compress ਹੋ ਕੇ ਨਿਰਗੁਨ ਰੂਪ 'ਚ ਪਹੁੰਚ ਗਿਆ ਸੀ। ਸਾਇੰਸ ਵਾਲਿਆਂ ਦੀ ਟੋਹ ਹੈ, ਉਹ ਛੋਟਾ ਕਿੰਨਾ ਸੀ ਕਹਿੰਦੇ ਦੱਸਿਆ ਹੀ ਨਹੀਂ ਜਾ ਸਕਦਾ। compress ਹੋ ਕੇ ਕਿੰਨਾ ਛੋਟਾ ਹੋ ਗਿਆ। ਪੁਆਇੰਟ ਲਾ ਕੇ 80 ਜ਼ੀਰੋ ਲਾ ਕੇ infinity ਲਿਖ ਦਿਤੀ। ਜਿਹੜੇ ਹਿਸਾਬ ਜਾਣਦੇ ਨੇ ਉਨ੍ਹਾਂ ਨੂੰ ਪਤਾ ਹੈ ਕਿ ਇਹ ਤਾਂ ਕੋਈ ਗੱਲ ਨਾ ਬਣੀ। ਜਿਥੇ ਅਸੀਂ ਸੋਚਾਂਗੇ ਕਿ ਐਨਾ ਛੋਟਾ ਸੀ, ਓਸ ਤੋਂ ਹੋਰ ਛੋਟਾ ਹੈ। ਜਿੰਨਾਂ ਉਹ ਫੈਲੇਗਾ, ਜਿਥੇ ਅਸੀਂ ਖੜ੍ਹਾਂਗੇ ਉਸ ਤੋਂ ਅੱਗੇ ਫੇਰ ਓਨਾਂ ਹੀ ਹੈ। ਸੋ ਉਨ੍ਹਾਂ ਦਾ ਖਿਆਲ ਸੀ। ਇਸੇ ਤਰ੍ਹਾਂ ਜੀਵ ਵੀ ਨਿਰਗੁਨ ਰੂਪ ਦੇ ਵਿੱਚ, ਇਹਦੀ ਵੀ ਹੋਂਦ ਕਾਇਮ ਸੀ, ਤਿੰਨ ਸੀਗੇ, ਇੱਕ ਜੀਵ ਸੀ, ਇੱਕ ਪ੍ਰਕ੍ਰਿਤੀ ਸੀ। ਜਿਹਨੂੰ ਮਾਇਆਂ ਕਹਿੰਦੇ ਨੇ ਜਾਂ ਅਗਿਆਨ ਕਹਿੰਦੇ ਨੇ, ਇੱਕ ਰੱਬ ਸੀਗਾ। ਗੁਰੂ ਮਹਾਰਾਜ ਕਹਿੰਦੇ ਨਹੀਂ ਐਸ ਤਰ੍ਹਾਂ ਨਾ ਤੁਸੀਂ ਵੰਡੋ। ਇੱਥੇ ਕੇਵਲ ਪ੍ਰਮੇਸ਼ਰ ਸੀ, ਹੋਰ ਕੋਈ ਚੀਜ਼ ਹੈ ਨਹੀਂ ਸੀ। ਉਹ ਜਿਹੜਾ ਪ੍ਰਮੇਸ਼ਰ ਸੀ ਉਹ ਸਰਬ ਕਲਾ ਸਮਰੱਥ ਸੀ। ਉਹ ਕੋਈ ਇਸ ਤਰ੍ਹਾਂ ਨਹੀਂ ਸੀ ਕਿ ਉਹਨੂੰ ਪਤਾ ਨਹੀਂ ਸੀ ਕਿਸੇ ਚੀਜ਼ ਦਾ ਕਿ ਉਹ ਨਿਰਗੁਨ ਅਵਸਥਾ 'ਚ ਚਲਿਆ ਗਿਆ ਤੇ ਹੁਣ ਕੁਛ ਵੀ ਨਹੀਂ ਹੈ। ਸਮਾਧੀ ਲਾਈ ਹੋਈ ਹੈ, ਜ਼ੀਰੋ 'ਚ ਚਲਿਆ ਗਿਆ। ਕਹਿੰਦੇ, ਐਉਂ ਨਹੀਂ ਸੀਗਾ, ਹੋਂਦ ਸੀਗੀ ਓਹਦੀ। ਓਹਦਾ ਨਾਉਂ ਇਸੇ ਕਰਕੇ ਸਤਿ ਹੈ।

*ਸਤਿ ਨਾਮੁ ਤੇਰਾ ਪਰਾ ਪੂਰਬਲਾ ॥*
*ਅੰਗ - ੧੦੮੩*

ਇਸੇ ਕਰਕੇ ਹੈ ਕਿ ਉਹ ਅਸਤਿ ਕਦੇ ਵੀ ਅਸਤਿ ਨਹੀਂ ਹੁੰਦਾ, ਚਾਹੇ ਉਹ ਨਿਰਗੁਨ ਹੋ ਜਾਏ, ਚਾਹੇ ਸਰਗੁਨ ਹੋ ਜਾਵੇ, ਚਾਹੇ ਵਿਰਾਟ ਬਣ ਜਾਵੇ, ਚਾਹੇ ਈਸ਼ਵਰ ਬਣ ਜਾਵੇ, ਚਾਹੇ ਜੀਵ ਬਣ ਜਾਵੇ, ਚਾਹੇ ਸੰਸਾਰ ਬਣ ਜਾਵੇ। ਉਹਦੀ ਹੋਂਦ ਨਹੀਂ ਬਦਲਦੀ ਕਦੇ ਵੀ। ਉਹ ਜਿਹੜਾ ਨਿਰਗੁਨ ਸੀ, ਉਸਨੇ ਆਪਣੇ ਆਪ ਤੋਂ ਰਚਨਾ ਰਚੀ ਤੇ ਰਚਣ ਤੋਂ ਬਾਅਦ ਬਾਹਰ ਨਹੀਂ ਚਲਿਆ ਗਿਆ, ਜਿਹੜਾ ਮਿਸਤਰੀ ਹੈ ਮਕਾਨ ਬਣਾਉਂਦਾ ਹੈ, ਮਕਾਨ ਬਣਾਉਣ ਤੋਂ ਬਾਅਦ ਕੰਧਾਂ 'ਚ ਨਹੀਂ ਹੋਇਆ ਕਰਦਾ, ਨਾ ਛੱਤ 'ਚ ਹੋਇਆ ਕਰਦਾ ਹੈ, ਉਹ ਪਾਸੇ ਹਟ ਜਾਂਦਾ ਹੈ। carpenter ਹੈ ਉਹ ਫਰਨੀਚਰ ਬਣਾਉਂਦਾ ਹੈ। ਫਰਨੀਚਰ ਬਣਾਉਣ ਤੋਂ ਬਾਅਦ ਉਹਦਾ ਕੋਈ ਸਬੰਧ ਨਹੀਂ ਉਸ ਨਾਲ ਰਹਿੰਦਾ। ਸਬੰਧ ਟੁੱਟ ਜਾਂਦਾ ਹੈ ਉਹਦਾ। ਜਦੋਂ final Shape ਦੇ ਦਿੱਤੀ ਉਸ ਤੋਂ ਬਾਅਦ ਕੋਈ ਕਲਾ ਕਰਨ ਨੂੰ ਉਹਦੇ ਕੋਲ ਸਮਾਂ ਨਹੀਂ ਬਚਦਾ। ਉਹ ਕਹਿੰਦਾ ਠੀਕ ਹੈ ਮੈਂ ਬਣਾ ਦਿੱਤਾ ਜੋ ਕੁਛ ਬਣਾਉਣਾ ਸੀ। ਲੇਕਿਨ ਪ੍ਰਮੇਸ਼ਰ ਨੇ ਇਸ ਤਰ੍ਹਾਂ ਨਹੀਂ ਕਰਿਆ, ਮੱਕੜੀ ਜਾਲਾ ਤਨਦੀ ਹੈ, ਜਾਲਾ ਤਣ ਦਿੰਦੀ ਹੈ, ਭਾਵੇਂ ਜਾਲੇ ਦੇ ਵਿੱਚ ਰਹਿੰਦੀ ਹੈ ਪਰ ਇੱਕਲੀ-ਇੱਕਲੀ ਤਾਰ 'ਚ ਨਹੀਂ ਹੁੰਦੀ, ਇੱਕ ਪਾਸੇ ਹੋ ਕੇ ਬਹਿ ਜਾਂਦੀ ਹੈ। ਲੇਕਿਨ ਪ੍ਰਮੇਸ਼ਰ ਇਸ ਤਰ੍ਹਾਂ ਨਹੀਂ ਹੈ। ਪ੍ਰਮੇਸ਼ਰ ਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ -ਆਪੇ ਰਚ ਕੇ ਜਗਤ ਵਾਲੀ ਰਚਨਾ,***
***ਆਪੇ ਇਹਦੇ ਵਿੱਚ ਬਹਿ ਗਿਆ।***

ਅਜੀਬ ਗੱਲ ਹੈ ਕਿ ਰਚਨਾ ਵੀ ਰਚ ਦਿੱਤੀ ਤੇ ਇਹਦੇ ਵਿੱਚ ਵੀ ਬਹਿ ਗਿਆ। ਫੇਰ ਕਹਿੰਦੇ ਦੋ ਬਣ ਗਏ, ਫੇਰ ਤਾਂ ਇਹ। ਮਹਾਰਾਜ ਕਹਿੰਦੇ ਨਹੀਂ ਦੋ ਨਹੀਂ ਬਣੇ। ਆਪਣੇ ਆਪ ਤੋਂ ਆਪੇ ਹੀ ਪਸਾਰਾ ਕਰ ਦਿੱਤਾ, ਦਰਖਤ ਜੇ ਬੀਜ ਹੈ, ਬੀਜ ਜੇ ਦਰਖਤ ਬਣ ਜਾਂਦਾ ਹੈ, ਦੋ ਤਾਂ ਨਹੀਂ ਨਾ ਬਣੇ ਉਹ ਤਾਂ ਬੀਜ ਦਾ ਹੀ ਪਸਾਰਾ ਹੈ। ਉਹਦੇ ਵਿੱਚ ਬੀਜ ਹੀ ਰਮਿਆ

ਹੋਇਆ ਹੈ। ਬੀਜ ਰਮ ਕੇ ਜਦੋਂ ਵਧ ਜਾਏਗਾ ਦਰਖਤ, ਫੁੱਲ ਆਉਣਗੇ, ਫੁੱਲਾਂ ਦੇ ਵਿੱਚ ਡੋਡੀ ਪਏਗੀ, ਫਲ ਪਏਗਾ, ਫਲ ਦੇ ਵਿੱਚ ਫੇਰ ਕੀ ਦੇਖੋਂਗੇ ਤੁਸੀਂ -

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥***
***ਫਲ ਪਾਕੇ ਤੇ ਏਕੰਕਾਰਾ ॥ ਅੰਗ - ੨੩੬***

ਗੱਲ ਸਮਝਣ ਵਾਲੀ ਹੈ, ਜਿੰਨਾਂ ਚਿਰ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਐਸੇ ਸਿਧਾਂਤ ਸਮਝ ਵਿੱਚ ਨਹੀਂ ਲਿਆਉਂਦੇ, ਨਾ ਸਾਨੂੰ ਰੱਬ ਬਾਰੇ ਪਤਾ ਲਗਦਾ ਹੈ, ਨਾ ਸਾਡਾ ਕੋਈ ਰਸਤਾ ਸਾਫ ਹੁੰਦਾ ਹੈ, ਬਈ ਅਸੀਂ ਕਿੱਥੇ ਨੂੰ ਜਾਣਾ ਹੈ, ਕੀ ਹੈ? ਅਣਜਾਣਾ ਵਾਂਗਣ ਤੁਰੇ ਫਿਰਦੇ ਹਾਂ। ਬਣ ਗਏ ਜੀ ਅਸੀਂ ਸਿੱਖ। ਕੀ ਹੋਂ ਤੁਸੀਂ ਸਿੱਖ। ਪਹਿਲਾਂ ਸਮਝੋ ਤਾਂ ਸਹੀ ਇਸ ਚੀਜ਼ ਨੂੰ ਕਿ ਤੁਹਾਡਾ ਸਿਧਾਂਤ ਕੀ ਹੈ? ਤੁਹਾਡੇ ਕੋਲ ਸਾਫ ਰਸਤਾ ਹੈ ਕਿ ਐਵੇਂ ਧੁੰਦਲੇ ਰਾਹ 'ਚ ਹੀ ਤੁਰੇ ਫਿਰਦੇ ਓਂ। ਸੋ ਪ੍ਰਮੇਸ਼ਰ ਬਾਹਰ ਨਹੀਂ ਗਿਆ, ਇਹਦੇ ਵਿੱਚ ਹੀ ਰਚ ਗਿਆ। ਓਹੀ ਨਿਰੰਕਾਰ ਜਿਹੜਾ ਸਹਿਜ ਸਮਾਧ ਦੇ ਵਿੱਚ ਸੀਗਾ। ਓਸ ਵੇਲੇ ਨੇਸ਼ਟੀ ਨਹੀਂ ਇਥੇ ਭੁਲੇਖਾ ਪੈਂਦਾ ਹੈ ਬਹੁਤ ਵੱਡਾ ਕਿ ਉਹ nothing ਹੋ ਗਿਆ, ਜ਼ੀਰੋ ਹੋ ਗਿਆ। ਐਸਾ ਕਹਿੰਦੇ ਸੁਣੇ ਗਏ ਨੇ, ਐਸੀਆਂ ਬਾਤਾਂ ਲਿਖੀਆਂ ਹੋਈਆਂ ਦੇਖੀਆਂ ਨੇ ਬਈ nothing ਦੇ ਵਿਚੋਂ ਹੈ, ਸੁੰਨ ਵਿਚੋਂ ਹੋਇਆ ਹੈ ਸਾਰਾ। ਮਹਾਰਾਜ ਕਹਿੰਦੇ ਜਿਹਨੂੰ ਤੁਸੀਂ ਸੁੰਨ ਕਹਿੰਦੇ ਓਂ ਨਾ, ਉਹ ਸੁੰਨ ਨਹੀਂ ਸੀ, ਜ਼ੀਰੋ ਨਹੀਂ ਸੀਗਾ। ਉਹ ਹੋਂਦ ਸੀ, ਉਹ ਇੱਕ ਅਵਸਥਾ ਸੀ, ਬੀਜ ਜਿਹੜਾ ਹੈ ਉਹ ਸੁੰਨ ਨਹੀਂ ਹੁੰਦਾ, ਬੀਜ ਦੇ ਵਿੱਚ ਜਾਨ ਹੈ, ਬੀਜ ਨੇ ਵਧਣਾ ਹੁੰਦਾ ਹੈ, ਬੀਜ ਨੇ ਫੈਲਣਾ ਹੁੰਦਾ ਹੈ। ਸੋ ਬੀਜ ਜਿਹੜਾ ਹੈ ਉਹ ਨਿਰਹੋਂਦ ਨਹੀਂ ਹੈਗਾ, ਦਰਖਤ ਉਹਦੇ ਵਿੱਚ ਸਮਾਇਆ ਪਿਆ ਹੈ ਸਾਰਾ ਹੀ। ਬਰੋਟਾ ਹੁੰਦਾ ਹੈ, ਕਿੱਡਾ ਵੱਡਾ, ਬੋਹੜ ਜਿਹਨੂੰ ਕਹਿੰਦੇ ਨੇ, ਨਿੱਕਾ ਜਿਹਾ ਖਸਖਸ ਦੇ ਦਾਣੇ ਜਿੰਨਾ ਬੀਜ ਹੁੰਦਾ ਹੈ, ਲੇਕਿਨ ਉਹਦੇ ਵਿੱਚ -

***ਬਟਕ ਬੀਜ ਮਹਿ ਰਵਿ ਰਹਿਓ***
***ਜਾ ਕੋ ਤੀਨਿ ਲੋਕ ਬਿਸਥਾਰ ॥***
***ਅੰਗ - ੩੪੩***

ਜਿਵੇਂ ਬਰੋਟਾ ਆਪਣੇ ਬੀਜ ਵਿੱਚ ਹੈ, ਇਵੇਂ ਜਿਵੇਂ ਸਾਰੇ ਸੰਸਾਰ ਜਿਹੜੇ ਨੇ endless ਨੇ ਉਹ ਕਿਤੇ ਖਤਮ ਹੀ ਨਹੀਂ ਹੁੰਦੇ, ਉਹ ਨਿਰਾਕਾਰ ਅਵਸਥਾ 'ਚ ਨੇ। ਉਹ ਨਿਰਾਕਾਰ ਅਵਸਥਾ ਕਿੰਨੀ ਕੁ ਛੋਟੀ ਹੈ, ਇਹਨੂੰ ਕੋਈ ਨਹੀਂ ਜਾਣ ਸਕਦਾ। ਆਪਣੇ ਆਪ ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣਦਾ। ਸੋ -

***ਨਿਰੰਕਾਰ ਆਕਾਰ ਹੋਇ***
***ਏਕੰਕਾਰ ਅਪਾਰ ਸਦਾਇਆ।***

ਏਕਾ ਆ ਗਿਆ, ਕੋਈ ਤਾਂ ਇਹਨੂੰ ਗਿਣਤੀ ਦਾ ਏਕਾ ਕਹਿੰਦੇ ਨੇ, ਚਾਹੇ ਤਾਂ ਗਿਣਤੀ ਦਾ ਏਕਾ ਕਹਿ ਲਓ। ਤਾਂ ਵੀ ਗੱਲ ਉਥੇ ਹੀ ਗਣਿਤ ਦੇ ਹਿਸਾਬ ਨਾਲ ਪਹੁੰਚ ਜਾਂਦੀ ਹੈ। ਇੱਕ ਤੋਂ ਜੇ ਦੋ ਬਣਿਆ ਤਾਂ ਦੋ ਏਕੇ ਹੋ ਗਏ। ਦੋ ਨਹੀਂ ਬਣੇ, ਇੱਕੋ ਹੀ ਦੋ ਬਣ ਗਿਆ। ਇੱਕ ਤੋਂ ਦੱਸ ਬਣੇ ਤਾਂ ਦੱਸ ਵਾਰੀ ਇੱਕ-ਇੱਕ ਹੋਇਆ, ਉਹਦੀ ਕੀਮਤ ਇੱਕੋ ਹੀ ਰਹਿੰਦੀ ਹੈ, ਲੇਕਿਨ ਗਿਣਤੀ ਵੱਧ ਗਈ। ਏਸੇ ਤਰ੍ਹਾਂ ਇੱਕ ਤੋਂ ਕਰੋੜ ਬਣਿਆ ਕਰੋੜ ਏਕਾ ਹੋ ਗਿਆ। ਕਰੋੜ ਜਿਹੜਾ ਹੈ ਵੱਖਰੀ ਰਕਮ ਨਹੀਂ ਹੈ ਏਕੇ ਤੋਂ, ਏਕਾ ਇਹਦੇ ਹਰੇਕ ਅੰਗ ਦੇ ਵਿੱਚ ਹੈ, ਦੋ ਨਹੀਂ ਹੈਗਾ। ਦੋ ਤਿੰਨ ਵਿੱਚ ਹੈ ਹੀ ਨਹੀਂ, ਕੋਈ ਕਰਕੇ ਦਿਖਾ ਦਿਓ ਕਿ ਦੋ ਤਿੰਨ ਵਿੱਚ ਹੈ। ਏਕਾ ਤਿੰਨ ਵਿੱਚ ਵੀ ਹੈ, ਏਕਾ ਇੱਕ ਵਿੱਚ ਵੀ ਹੈ, ਉਹ ਇੱਕ, ਇੱਕ ਹੀ ਰਹਿੰਦਾ ਹੈ, ਦੋ ਬਣਦਾ ਹੀ ਨਹੀਂ ਹੈ। ਫਿਲੋਸਫੀ ਦੀ ਬਾਤ ਹੈ ਇਹ। ਸੋ ਇਸ ਤਰ੍ਹਾਂ ਜਿਹੜਾ ਨਿਰੰਕਾਰ ਹੈ, ਕਿੰਨਾ ਹੀ ਪਸਾਰਾ ਹੋ ਜਾਵੇ, ਨਿਰੰਕਾਰ ਵਾਹਿਗੁਰੂ, ਵਾਹਿਗੁਰੂ ਹੀ ਰਹਿੰਦਾ ਹੈ, ਕੁਛ ਵਧਦਾ ਨਹੀਂ ਹੈ, ਕੁਛ ਘਟਦਾ ਨਹੀਂ ਹੈ।

***ਏਕੰਕਾਰ ਅਪਾਰ ਸਦਾਇਆ।***

ਏਕੰਕਾਰ, ਇੱਕੋ ਹਸਤੀ ਜਿਹਨੂੰ one ਕਹਿੰਦੇ ਨੇ। ਗਿਣਤੀ ਵਾਲਾ one ਨਹੀਂ, ਏਕਾ ਹਸਤੀ ਹੈ।

***ਏਕੰਕਾਰਹੁ ਸਬਦਿ ਧੁਨ।***

ਇਸ ਤੋਂ ਅੱਗੇ ਕੀ ਹੋਇਆ? ਕਹਿੰਦੇ ਉਹਦੇ ਵਿਚੋਂ ਇੱਕ ਧੁਨ ਉਠੀ, ਜਿਵੇਂ ਮੈਂ ਹੁਣ ਬੋਲ ਰਿਹਾ ਹਾਂ, ਵਾਜੇ ਨਾਲ ਗਾਉਣਾ, ਜਾਂ ਸ਼ਬਦ ਪੜ੍ਹਨਾ, ਉਹ ਮੇਰੇ ਵਿੱਚੋਂ ਹੀ ਨਿਕਲ ਰਿਹਾ ਹੈ ਸ਼ਬਦ। ਬਾਹਰੋਂ ਤਾਂ ਨਹੀਂ ਨਾ ਆ ਰਿਹਾ। ਇਹ ਸ਼ਬਦ ਦੇ ਵਿੱਚ ਮੈਂ ਹਾਂ, ਸ਼ਬਦ ਮੇਰੇ ਵਿੱਚ ਹੈ। ਬਾਹਰ ਤਾਂ ਹੋਇਆ ਨਾ, ਦੋਵੇਂ ਚੀਜ਼ਾਂ ਅੱਡ ਤਾਂ ਹੋ ਨਾ ਸਕੀਆਂ, ਕਿਸੇ ਤਰੀਕੇ ਨਾਲ ਵੀ। ਇਸੇ ਤਰ੍ਹਾਂ ਏਕੰਕਾਰ ਤੋਂ ਸ਼ਬਦ ਧੁਨ ਹੋਈ, ਸ਼ਬਦ ਧੁਨ ਏਕੰਕਾਰ ਤੋਂ ਬਾਹਰ ਨਹੀਂ ਹੈ। ਏਕੰਕਾਰ ਸ਼ਬਦ ਤੋਂ ਬਾਹਰ ਨਾ ਹੋਇਆ। ਜਿੰਨੇ ਵੀ ਧਰਮ ਨੇ, ਇਸਲਾਮ ਵਾਲੇ, ਈਸਾਈ, ਯਹੂਦੀ, ਜ਼ਰਤੁਸਤ ਤੇ ਹੋਰ ਜਿਹੜੇ ਧਰਮ ਨੇ ਸਾਰੇ ਇਨ੍ਹਾਂ ਦਾ ਮੱਤ ਇੱਕ ਹੈ ਜ਼ਬਰਦਸਤ, ਉਹ ਇਹ ਕਹਿੰਦੇ ਨੇ ਕਿ ਜਿਹੜਾ ਨਿਰਗੁਣ ਬ੍ਰਹਮ ਸੀ, ਉਹਦੇ ਵਿੱਚ ਸ਼ਬਦ ਸੀ। before the creation of Universe, their was logas. ਇਕ ਸ਼ਬਦ ਸੀ ਇੱਥੇ, ਉਹ ਜਿਹੜਾ ਸ਼ਬਦ ਸੀ That was within God. ਉਹ ਰੱਬ ਦੇ ਵਿੱਚ ਸੀਗਾ ਸ਼ਬਦ।ਸ਼ਬਦ ਅੱਡ ਨਹੀਂ ਸੀ। ਹੁਣ ਮੇਰੇ ਵਿੱਚ ਜਿਹੜਾ ਸ਼ਬਦ ਹੈ ਉਹ ਮੈਂ ਬੋਲਦਾ ਹਾਂ, ਮੇਰੇ ਤੋਂ ਅੱਡ ਤਾਂ ਨਹੀਂ ਨਾ ਹੈਗਾ, ਮੈਂ ਹੀ ਬੋਲ ਰਿਹਾ ਹਾਂ। ਉਹ ਜਿਹੜਾ ਪ੍ਰਮੇਸ਼ਰ ਤੋਂ ਸ਼ਬਦ ਹੋਇਆ -

***ਪ੍ਰਿਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਉਹ ਜਿਹੜੀ ਧੁਨ ਹੈ ਉਹ ਸ਼ਕਤੀਸ਼ਾਲ ਧੁਨ ਹੈ। ਐਟਮ ਦੀ ਧੁਨ ਹੋਈ ਸੀ। ਐਟਮ ਦੀ ਧੁਨ ਹੋਈ ਸੀ ਯੂਰੋਸ਼ਾਮਾ 'ਚ, ਉਹ ਧੁਨ ਨੇ ਕੀ ਕਰਿਆ, ਤਿੰਨ ਚਾਰ ਲੱਖ ਬੰਦਾ ਮਾਰ ਦਿੱਤਾ। ਸ਼ਬਦ ਨੇ ਹੀ ਮਾਰਿਆ, ਕੋਈ ਬੰਬ ਤਾਂ ਨਹੀਂ ਲੱਗਿਆ ਉਨ੍ਹਾਂ ਦੇ। ਗੱਲ ਸਮਝੋ ਸਾਰੇ ਤੁਸੀਂ ਧਿਆਨ ਨਾਲ। ਉਹ ਸ਼ਬਦ ਨੇ ਮਾਰ ਦਿੱਤੇ ਸਾਰੇ, ਸ਼ਬਦ ਨੇ ਧਰਤੀ ਹਿਲਾ ਦਿੱਤੀ। ਉਹ ਜਿਹੜਾ ਸ਼ਬਦ ਹੈ ਉਹ ਨਿਰੰਕਾਰ ਤੋਂ ਹੋਇਆ ਸ਼ਬਦ। ਸ਼ਬਦ ਨੇ ਅੱਗੇ ਕੀ ਕਰਿਆ, ਸ਼ਬਦ ਵਾਹਿਗੁਰੂ ਤੋਂ ਵੱਖਰਾ ਨਹੀਂ। ਸ਼ਬਦ ਵੀ ਵਾਹਿਗੁਰੂ ਦਾ ਇੱਕ ਸਰੂਪ ਬਣ ਗਿਆ। ਉਹ ਵੱਖਰਾ ਨਾ ਰਿਹਾ, ਸ਼ਬਦ ਵੱਖਰਾ ਰਿਹਾ। ਹੁਣ ਸ਼ਬਦ ਨੇ ਕੀ ਕਰਿਆ -

***ਏਕੰਕਾਰਹੁ ਸ਼ਬਦ ਧੁਨ***
***ਓਅੰਕਾਰ ਅਪਾਰ ਸਦਾਇਆ।***

ਓਅੰਕਾਰ ਸ਼ਬਦ ਤੋਂ ਆਕਾਰ ਬਣਨੇ ਸ਼ੁਰੂ ਹੋ ਗਏ। ਓਅੰਕਾਰ ਦੇ ਵਿੱਚ ਹੁਕਮ ਦੀ ਧਾਰਾ ਚੱਲ ਪਈ। ਉਹ ਹੁਕਮ ਦੀ ਧਾਰਾ ਨੇ ਸਾਰੇ ਬ੍ਰਹਿਮੰਡ ਨੂੰ ਬਣਾ ਦਿੱਤਾ, ਗੋਲ ਸ਼ਕਲ ਵਿੱਚ। ਇਹ ਤਾਰੇ-ਸਿਤਾਰੇ ਚੱਲਣ ਲਾ ਦਿੱਤੇ। ਇਨ੍ਹਾਂ ਦੇ ਰਸਤੇ ਕੋਈ ਫੀਤੇ ਲਾ ਕੇ ਨਹੀਂ ਸੀ ਮਿਣੇ ਕਿ ਧਰਤੀ ਜੇ ਐਥੇ ਕੁ ਹੋਊਗੀ ਤਾਂ ਟੱਕਰ ਨਹੀਂ ਖਾਏਗੀ, ਇੱਥੇ ਰਹੇਗੀ ਤਾਂ ਟੱਕਰ ਖਾਏਗੀ। ਇੱਕ ਦਮ ਸਾਰਾ ਕੁਛ, arrangment 'ਚ ਆ ਗਿਆ।

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩***

ਉਹ ਸਾਰਾ ਕੁਛ ਇੱਕ ਤੋਂ ਹੋ ਗਿਆ। ਅਰ ਸਾਰਾ ਹੀ ਉਹਦੇ ਵਿੱਚ ਨਿਯਮ ਬੰਨ੍ਹ ਗਿਆ, ਉਸੇ ਵੇਲੇ ਉਹਨੂੰ ਹੁਕਮ ਕਹਿੰਦੇ ਨੇ। ਜਿਹੜਾ law of nature ਹੈ, ਉਸ ਹੁਕਮ ਦੇ ਨਾਲ ਕੀ ਹੋਇਆ, ਸ਼ਬਦ ਦੇ ਵਿੱਚੋਂ ਸ਼ਬਦ manifest ਹੋਣ ਲਗ ਗਿਆ। ਸ਼ਕਲਾਂ ਧਾਰਨ ਲਗ ਗਿਆ। ਉਸ ਸ਼ਬਦ ਦੇ ਵਿੱਚੋਂ ਹੀ ਅਸੀਂ ਬਣੇ ਹਾਂ।

***ਓਅੰਕਾਰਿ ਬ੍ਰਹਮਾ ਉਤਪਤਿ ॥***
***ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ - ੯੨੯***

ਬ੍ਰਹਮਾ ਸ਼ਕਤੀ ਜਿਹੜੀ ਸੀ, ਜਿਸਨੇ ਅਗਾਹਾਂ ਰਚਨਾ ਰਚਨ ਦੇ ਵਾਸਤੇ ਵਿਉਂਤਬੱਧ ਕੰਮ ਕਰਨਾ ਸੀ, ਉਹ ਸ਼ਬਦ ਦੇ ਵਿਚੋਂ ਪ੍ਰਗਟ ਹੋ ਗਈ। ਵਾਹਿਗੁਰੂ ਤੋਂ ਬਾਹਰ ਤਾਂ ਨਾ ਹੋਈ ਨਾ, ਵਾਹਿਗੁਰੂ ਦੇ ਕਰਿਸ਼ਮੇ 'ਚੋਂ ਹੀ ਪ੍ਰਗਟ ਹੋਈ। ਸੋ ਉਹਦੇ ਵਿਚੋਂ ਹੋ ਗਿਆ ਸਾਰਾ ਕੁਛ। ਚਿੱਤ ਕਹਿੰਦੇ ਨੇ awareness ਨੂੰ, ਆਹ ਜਿਹੜਾ ਪੱਥਰ ਪਿਆ ਹੈ ਇਹਦੇ ਵਿੱਚ awareness ਨਹੀਂ। ਜੇ ਹੈ ਤਾਂ ਮਾਈਨਸ ਡਿਗਰੀ ਦੀ ਹੈ। ਮਾਈਨਸ ਕੀਤਾ ਜਾਂਦਾ ਹੈ, ਲੇਕਿਨ ਉਹਦੀ ਚੇਤਨਤਾ ਐਨੀ ਨਹੀਂ ਹੈ ਕਿ ਸਾਡੇ ਵਾਂਗਣ ਰੋਵੇ, ਜਦੋਂ ਪੱਥਰਾਂ 'ਚੋਂ ਕੱਢ ਕੇ, ਚੱਕੀ ਦੇ ਵਿੱਚ ਉਹਨੂੰ ਪੀਸਦੇ ਹਾਂ। ਲੇਕਿਨ ਹੈ ਚੇਤਨਤਾ ਪਰ ਬਹੁਤ ਥੋੜ੍ਹੀ ਹੈ। ਸਾਡੇ ਵਿੱਚ ਬਹੁਤੀ ਹੈ ਇਹਨੂੰ ਚਿਤ ਕਹਿੰਦੇ ਨੇ। ਚੇਤਨਤਾ ਆ ਗਈ ਸਾਰੇ, ਦਰਖਤਾਂ ਵਿੱਚ ਵੀ ਆ ਗਈ, ਪਸ਼ੂ, ਪੰਛੀਆਂ 'ਚ ਵੀ ਆ ਗਈ, ਮਨੁੱਖਾਂ 'ਚ ਵੀ ਆ ਗਈ। ਓਹਿ ਚਿੱਤ ਹੋ ਗਿਆ -

***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ - ੯੨੯***

Time and space ਜਿਹੜੀ ਹੈ, ਇਹ ਉਸੇ ਸ਼ਬਦ ਤੋਂ ਹੋ ਗਈ। ਜਿੰਨੀ ਵੀ knowledge ਹੈ ਮਨੁੱਖ ਦੇ ਅੰਦਰ, ਸਾਰੀ ਦੀ ਸਾਰੀ ਮਨੁੱਖ ਦੇ ਅੰਦਰ। ਜਿਹਨੂੰ ਵੇਦ ਕਹਿੰਦੇ ਨੇ ਵਿਦਿਆ ਕਹਿੰਦੇ ਨੇ ਇਹ ਸਾਰੀਆਂ ਚੀਜ਼ਾਂ ਅੰਦਰ ਪੈਦਾ ਹੋ ਗਈਆਂ। ਹੁਣ ਗੱਲ ਇੱਥੇ ਆਉਂਦੀ ਹੈ ਕਿ ਉਹ ਜਿਹੜਾ ਸ਼ਬਦ ਹੈ ਉਹਦੀ ਧੁਨ ਖਤਮ ਨਹੀਂ ਹੋਈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਹੁਣ ਵੀ ਉਹ ਧੁਨ ਚੱਲ ਰਹੀ ਹੈ। ਅਰ ਉਹਦੇ 'ਚ ਸਾਰੀਆਂ ਹੀ ਸ਼ਕਤੀਆਂ ਨੇ। ਜੇ ਗਿਆਨ ਉਹਦੇ ਵਿੱਚੋਂ ਪੈਦਾ ਹੁੰਦਾ ਹੈ ਤਾਂ ਉਹ ਪੂਰਨ ਗਿਆਨਵਾਨ ਹੈ। ਜੇ ਉਹਦੇ ਵਿਚੋਂ ਪਿਆਰ ਪੈਦਾ ਹੁੰਦਾ ਹੈ ਤਾਂ ਉਹ ਨਿਰਾ ਹੀ ਪਿਆਰ ਦਾ ਰੂਪ ਹੈ। ਪਿਆਰ ਦਾ ਸੋਮਾ ਹੈ, ਹਮਦਰਦੀ ਦਾ ਸੋਮਾ ਹੈ। ਦਿਆਲਤਾ ਦਾ ਸੋਮਾ ਹੈ -

***ਸਦਾ ਸਦਾ ਸਦਾ ਦਇਆਲ ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥***
***ਅੰਗ - ੨੭੫***

ਮਹਾਰਾਜ ਨੇ ਕਿਹਾ ਕਿ ਇਹ ਨਹੀਂ ਕਿ ਹੁਣ ਦਇਆਲ ਹੋਇਆ ਹੈ, ਉਹ ਦਿਆਲਤਾ ਦਾ ਰੂਪ ਹੀ ਹੈ, ਬਖਸ਼ਿਸ਼ ਦਾ ਰੂਪ ਹੀ ਹੈ। ਮਾਇਆ ਉਹਦੇ ਵਿਚੋਂ, ਜਿਹਨੂੰ matter ਕਹਿੰਦੇ ਨੇ, ਅਗਿਆਨ ਦਾ ਝਲਕਾਰਾ ਉਹਦੇ ਵਿਚੋਂ ਹੋਇਆ, ਹਉਮੈ ਦਾ। ਉਹ ਹਉਮੈ 'ਚੋਂ ਅਗਿਆਨ ਆ ਗਿਆ। ਅਗਿਆਨ ਦੇ ਵਿਚੋਂ ਤ੍ਰਿਗੁਣੀ ਮਾਇਆ ਆ ਗਈ ਜਿਹਨੂੰ ਮਹੀਤੱਤ ਕਹਿੰਦੇ ਨੇ, ਬੁੱਧੀ ਆ ਗਈ ਆ ਸਾਰਾ ਕੁਛ ਜਿੰਨਾਂ ਪ੍ਰਬੰਧ ਸੀ ਪ੍ਰਮੇਸ਼ਰ ਤੋਂ ਹੋ ਕੇ, ਵੱਡੀ ਗੱਲ ਇਹ ਹੈ ਕਿ ਅਸੀਂ ਤਾਂ ਜਿਹੜੇ ਜੀਵ ਬਣੇ ਹਾਂ, ਸਾਡੇ ਉੱਤੇ ਤਾਂ ਤਿੰਨ ਗੁਣਾਂ ਦਾ ਅਸਰ ਹੋ ਗਿਆ। ਵਾਹਿਗੁਰੂ ਜੀ ਫੇਰ ਨਿਆਰੇ ਰਹਿ ਗਏ, ਵਿੱਚ ਰਹਿੰਦੇ ਹੋਏ। ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ ਉਹ ਉਸੇ ਤਰ੍ਹਾਂ ਰਹਿ ਗਏ। ਉਹ ਤ੍ਰਿਗੁਣ ਅਤੀਤ ਰਹਿ ਗਏ। ਅਬਾਧ ਹੈ ਉਹ ਬੰਨ੍ਹਿਆਂ ਨਾ ਗਿਆ। ਇਹ ਮਾਇਆ ਜਿਹੜੀ ਹੈ ਤ੍ਰਿਗੁਣ 'ਚ ਆ ਗਈ। ਇਹਦੇ ਉੱਤੇ ਹੁਕਮ ਨੇ ਲੇਖ ਲਿਖ ਦਿੱਤਾ, ਕਰਮਾਂ ਦਾ। ਪਹਿਲਾ ਲੇਖਾ ਜਿਹੜਾ ਲਿਖਿਆ ਹੈ ਨਾ ਕਰਮਾਂ ਦਾ ਲੇਖ ਲਿਖ ਦਿੱਤਾ। ਕਰਮਾਂ ਦੇ ਲੇਖ ਦੇ ਨਾਲ ਸੰਸਾਰ ਦਾ ਕਾਰਜ ਤੁਰ ਪਿਆ। ਅਗਿਆਨ ਨੇ ਕਰਮਾਂ ਨੂੰ ਫੜ ਲਿਆ, ਕਰਮਾਂ ਨਾਲ ਅਸੀਂ ਕਰਮ ਕਰਨ ਲਗ ਗਏ, ਜਿਸ ਕਰਕੇ ਅਸੀਂ ਬੰਨ੍ਹੇ ਗਏ।

***ਓਅੰਕਾਰਿ ਆਕਾਰੁ ਕਰਿ***
***ਪਉਣੁ ਪਾਣੀ ਬੈਸੰਤਰੁ ਧਾਰੇ।***
***ਭਾਈ ਗੁਰਦਾਸ ਜੀ, ਵਾਰ ੪/੧***
***ਇਕ ਕਵਾਉ ਪਸਾਉ ਕਰਿ***
***ਓਅੰਕਾਰਿ ਅਕਾਰੁ ਪਸਾਰਾ।***
***ਪਉਣ ਪਾਣੀ ਬੈਸੰਤਰੋ ਧਰਤਿ ਅਗਾਸੁ ਧਰੇ***
***ਨਿਰਧਾਰਾ। ਭਾਈ ਗੁਰਦਾਸ ਜੀ ਵਾਰ ੬/੪***

ਇੱਕ ਸ਼ਬਦ ਤੋਂ ਸਾਰੀ ਰਚਨਾ ਹੋ ਗਈ, ਇਹਨੂੰ ਚਾਹੇ ਫੁਰਨਾ ਕਹਿ ਲਓ, ਫੁਰਨਾ ਵੀ ਸ਼ਬਦ ਹੁੰਦਾ ਹੈ। ਕਈ ਮਹਾਂਪੁਰਸ਼ ਕਹਿੰਦੇ ਨੇ ਕਿ 'ਅਹੰ ਬਹੁ ਸਿਆਮਾ' ਐਸਾ ਫੁਰਨਾ ਆਇਆ ਸੀ ਕਿ ਮੈਂ ਇੱਕ ਤੋਂ ਅਨੇਕ ਹੋ ਜਾਵਾਂ। ਲੇਕਿਨ ਸ਼ਬਦ ਹੋਇਆ ਇਸੇ ਫੁਰਨੇ ਨਾਲ। ਉਸ ਸ਼ਬਦ ਨੇ ਰਚਨਾ ਰਚ ਦਿੱਤੀ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਇੱਕ ਸ਼ਬਦ ਨੇ ਬਣਾਏ ਜਗ ਸਾਰੇ,***
***ਮਹਿਮਾ ਤੇਰੀ ਤੂੰ ਹੈ ਜਾਣਦਾ।***
***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ ॥ ਅੰਗ - ੫੩੭***

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਆਸਾ ਜੀ ਦੀ ਵਾਰ ਦੇ ਪਹਿਲੇ ਸਲੋਕ ਦੀ ਪਹਿਲੀ ਪਉੜੀ, ਕਿਉਂਕਿ ਜਦ ਆਸਾ ਜੀ ਦੀ ਵਾਰ ਦੀ ਰਚਨਾ ਹੋਈ, ਉਸ ਵੇਲੇ ਬਾਬਾ ਫਰੀਦ ਸਾਨੀ ਇਹ ਗੱਲ ਕਹਿਣ ਲੱਗਿਆ ਹੇ ਨਾਨਕ! ਤੂੰ ਵਾਰ ਰਚ ਰਿਹਾ ਹੈਂ। ਮੈਂ ਸੁਣਿਆ ਹੈ ਤੂੰ ਵਾਰ ਦੀ ਰਚਨਾ ਕਰਨੀ ਹੈ, ਵਾਰ ਹਮੇਸ਼ਾ ਦੋ 'ਚ ਹੁੰਦੀ ਹੈ, ਤੂੰ ਕਿਵੇਂ ਦੋ ਲੈ ਆਂਦੇ। ਕੀਹਨੂੰ ਤੂੰ ਰੱਦ ਕਰਿਆ ਤੇ ਕੀਹਨੂੰ ਤੂੰ ਲਿਆਂਦਾ। ਬੜਾ ਔਖਾ ਮਸਲਾ ਸੀ ਇਹ, ਕਿਉਂਕਿ ਦੋ ਤੋਂ ਬਿਨਾਂ ਸੰਸਾਰ ਦਾ ਕੰਮ ਨਹੀਂ ਚਲਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਨਹੀਂ ਫਕੀਰ ਸਾਂਈ ਦੋ ਨਹੀਂ ਆਪੇ ਹੀ ਹੈ। ਆਪਣੇ ਆਪ ਤੋਂ ਆਪੇ ਹੀ ਸਾਜ ਲੈ। ਮੈਂ ਤੇ ਮੇਰਾ ਬੋਲ ਕੋਈ ਦੋ ਤਾਂ ਨਹੀਂ ਨਾ ਹੈਗੇ, ਮੇਰਾ ਹੀ ਰੂਪ ਹੈ ਬੋਲ। ਮੈਂ ਤੇ ਮੇਰੀ ਸ਼ਕਤੀ ਦੋ ਨਾ ਹੋਏ। ਮੇਰੀ ਸ਼ਕਤੀ ਵੀ ਮੈਂ ਹੀ ਹਾਂ, ਤੇ ਮੈਂ ਵੀ ਹਾਂ। ਇਹ ਪ੍ਰਮੇਸ਼ਰ ਨੇ ਸਭ ਤੋਂ ਪਹਿਲਾਂ ਸਾਜ ਕੇ ਆਪਣਾ ਨਿਰਗੁਣ ਤੋਂ ਸਰਗੁਣ ਹੋਇਆ, ਸਰਗੁਣ ਹੋ ਕੇ ਸਰਗੁਣ ਦੇ ਵਿੱਚੋਂ ਨਾਉਂ ਪ੍ਰਗਟ ਕੀਤਾ। ਅੱਜ ਤੱਕ ਰੌਲਾ ਪਈ ਜਾਂਦਾ ਹੈ ਕਿ ਨਾਉਂ ਕੀ ਹੋਇਆ, ਨਾਮ ਕੀ ਹੋਇਆ, ਕਿਸੇ ਨੂੰ ਨਹੀਂ ਸਮਝ ਆਉਂਦਾ, ਨਾ ਸ਼ਬਦ, ਨਾ ਨਾਮ। ਅਸੀਂ ਤਾਂ ਸਮਝਣ ਦਾ ਯਤਨ ਹੀ ਨਹੀਂ ਕਰਦੇ। ਸਾਡਾ ਤਾਂ ਇਹ ਹੋ ਗਿਆ ਕਿ ਨਿਤਨੇਮ ਕਰ ਲਿਆ, ਰਹਿਤਾਂ ਰੱਖ ਲਈਆਂ ਬੱਸ ਜੀ ਛੁੱਟੀ ਹੈ। ਪਹਿਲੀ ਤੋਂ ਦੂਜੀ ਜਮਾਤ ਵਿੱਚ ਅਸੀਂ ਦਾਖਲ ਹੀ ਨਹੀਂ ਹੋਣਾ ਚਾਹੁੰਦੇ। ਗੁਰੂ ਮਹਾਰਾਜ ਹਾਕਾਂ ਮਾਰੀ ਜਾਂਦੇ ਨੇ, ਸਮਝਾਈ ਜਾਂਦੇ ਨੇ, ਤੂੰ ਸਮਝਣ ਦਾ ਯਤਨ ਤਾਂ ਕਰ ਕਿ ਤੂੰ ਕਰਨਾ ਕੀ ਹੈ, ਧਿਆਨ ਨਾਲ ਸਮਝ, ਐਵੇਂ ਪਹਿਲੀ ਜਮਾਤ 'ਚ ਸਮਾਂ ਬਰਬਾਦ ਕਰਕੇ, ਚਲਿਆ ਜਾਂਦਾ ਹੈਂ। ਲਾਰੇ ਲਾ ਕੇ ਪ੍ਰਚਾਰ ਕਰਨ ਵਾਲੇ ਵੀ ਤੈਨੂੰ ਤੱਤ ਦੀ ਗੱਲ ਨਹੀਂ ਦਸਦੇ। ਵਿਚਾਲੇ ਹੀ ਰਹਿ ਜਾਂਦਾ ਹੈਂ। ਇਹ ਤਾਂ ਕੋਈ-ਕੋਈ ਮਹਾਤਮਾ ਨੇ ਜਿਹੜੇ ਇਸ ਤਰ੍ਹਾਂ ਦੀ ਗੱਲ ਦੱਸਦੇ ਨੇ। ਜਿੰਨਾਂ ਕੁਛ ਹੋਇਆ ਹੈ 'ਨਾਮ' ਤੋਂ ਹੋਇਆ ਹੈ। ਉਹ 'ਨਾਮ' ਨੇ ਹੀ ਧਾਰਨ ਕਰਿਆ ਹੋਇਆ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪*

ਜਿੰਨਾਂ ਕੁਛ ਨਜ਼ਰ ਆਉਂਦਾ ਹੈ, ਨਾਮ ਨੇ ਧਾਰਨ ਕੀਤਾ ਹੋਇਆ ਹੈ। ਨਾਮ ਕੀ ਹੈ, ਕਹਿੰਦੇ ਇੱਥੇ ਵੀ ਨਹੀਂ ਪਤਾ ਲਗਦਾ। ਕਹਿੰਦੇ ਨਾਮ ਤਾਂ ਅਸੀਂ ਦੱਸ ਆਏ ਹਾਂ। ਏਕੇ ਦੇ ਨਾਲ ਅਸੀਂ ਓਅੰਕਾਰ ਸ਼ਕਤੀ, ਓਅੰਕਾਰ ਦਾ ਸਰੂਪ ਲਿਖਿਆ ਹੈ। ਇਹ ਜਿਹੜਾ ਏਕੰਕਾਰ ਹੈ ਇਹ ਨਾਮ ਹੀ ਹੈ। ਇਹੀ ਸ਼ਕਤੀ ਹੈ, ਜਿਥੇ ਤੁਸੀਂ ਪਹੁੰਚਣਾ ਹੈ। ਜਿਸਨੂੰ realise ਕਰਨਾ ਹੈ, ਜਿਸਨੂੰ ਘਟ-ਘਟ 'ਚ ਵਿਆਪਕ ਦੇਖਣਾ ਹੈ, ਇਹੀ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਇਹਨੂੰ ਹੀ 'ਸੋ ਸ਼ਬਦ' ਕਹਿੰਦੇ ਨੇ, ਜਿੱਥੇ ਨਾਮ ਦਾ ਵਾਸਾ ਹੈ ਉਸਨੂੰ ਹੀ ਸੁੱਖ ਦਾ ਘਰ ਕਹਿੰਦੇ ਨੇ। ਉਸੇ ਨੂੰ ਸੋ ਘਰ ਕਹਿੰਦੇ ਨੇ, ਨਿਜ ਘਰ ਕਹਿੰਦੇ ਨੇ, ਕਹਿੰਦੇ ਆਪੇ ਹੀ ਆਪਣੇ ਆਪ ਤੋਂ ਨਾਮ ਪ੍ਰਗਟ ਕਰਕੇ, ਉਹ ਸ਼ਕਤੀ ਦੇ ਨਾਲ ਕੁਦਰਤ ਸਾਜ ਕੇ ਦੂਜਾ ਖੜ੍ਹਾ ਕਰ ਦਿੱਤਾ। ਲੇਕਿਨ ਹੈ ਇੱਕੋ ਹੀ, ਉਹ ਪੀਰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਕਹਿਣ ਲੱਗਿਆ, ਕੁਦਰਤ? ਮਹਾਰਾਜ ਕਹਿੰਦੇ ਨਾ, ਕੁਦਰਤ ਸ਼ਕਤੀ ਨੂੰ ਕਹਿੰਦੇ ਨੇ। ਉਹਨੇ ਆਪਣੀ ਸ਼ਕਤੀ ਤੋਂ ਬੇਅੰਤ ਬਣਾ ਦਿੱਤੇ, ਦ੍ਰਿਸ਼ਟਮਾਨ ਪੈਦਾ ਕਰ ਦਿੱਤਾ, ਉਹ ਦੂਜਾ ਨਹੀਂ ਹੈ ਉਹ ਵੀ ਇੱਕੋ ਹੀ ਹੈ। ਦਰਖਤ ਦੇ ਬੀਜ ਤੋਂ ਦਰਖਤ ਦਾ ਆਕਾਰ ਦੂਜਾ ਨਹੀਂ ਬਣਿਆ ਕਰਦਾ ਕਦੇ ਵੀ। ਉਹ ਬੀਜ ਲਾਂਭੇ ਨਹੀਂ ਹੁੰਦਾ। ਏਕੇ ਤੋਂ ਰਕਮ ਜਿਹੜੀ ਹੈ ਉਹ ਕਦੇ ਦੋ ਨਹੀਂ ਬਣਦੀ। ਉਹ ਏਕੇ ਹੀ ਇਕੱਠੇ ਕਰੇ ਹੁੰਦੇ ਨੇ- ੯-੯ ਲੈ ਲਿਆ ਉਹ ਨੌ ਏਕੇ ਹੀ ਨੇ, ਉਨ੍ਹਾਂ ਦਾ ਨਾਉਂ ਰੱਖ ਲਿਆ ਨੌਂ। ਸੁਖਾਲਾ ਕਰਨ ਵਾਸਤੇ ਨੌਂ ਸ਼ਕਲ ਜਿਹੀ ਬਣਾ ਦਿੱਤੀ। ਸੋ ਮਹਾਰਾਜ ਕਹਿੰਦੇ ਉਸ ਇੱਕ ਨੇ ਆਪੇ ਹੀ ਕੁਦਰਤ ਬਣਾ ਕੇ ਤੇ ਦੇਖਣ ਲਗ ਗਿਆ ਉਹਨੂੰ ਵਿੱਚ ਫਸਿਆ ਨਹੀਂ ਮਾਇਆ ਦੇ। ਕਿਉਂਕਿ ਤਿੰਨ ਗੁਣ ਪੈਦਾ ਕਰ ਦਿੱਤੇ। ਰਚਨਾ ਨੂੰ ਤਿੰਨਾਂ ਗੁਣਾਂ 'ਚ ਕਰ ਦਿੱਤਾ ਤੇ ਆਪ ਫੇਰ ਲਾਂਭੇ ਹੋ ਗਿਆ। ਦੋ ਫੇਰ ਨਹੀਂ ਬਣੇ ਏਧਰ ਵੀ ਓਹੀ ਹੈ ਓਧਰ ਵੀ ਓਹੀ ਹੈ। ਫੇਰ ਉਹ ਦਾਤਾ ਹੈ ਦਿੰਦਾ ਹੈ ਨਾਲੇ ਕਰਤਾ ਹੈ ਨਾਲੇ ਦਾਤਾ ਹੈ। ਪਹਿਲਾਂ ਦਾਤਾ ਹੈ, ਦੇਣ ਵਾਲੀਆਂ ਚੀਜ਼ਾਂ ਪਹਿਲਾਂ ਬਣਾਈਆਂ। ਕਰਤਾ ਦਾ ਪਦ ਬਾਅਦ 'ਚ ਆਇਆ, ਪਹਿਲਾਂ ਦਿੱਤਾ ਹੈ -

*ਪਹਿਲੋ ਦੇ ਤੈਂ ਰਿਜਕੁ ਸਮਾਹਾ ॥*
*ਪਿਛੋ ਦੇ ਤੈਂ ਜੰਤੁ ਉਪਾਹਾ ॥ ਅੰਗ - ੧੩੦*

ਇੱਕੋ ਵਾਰ ਦੇ ਦਿੱਤਾ ਸਾਰਾ -

*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ ॥ ਅੰਗ - ੪੬੩*

ਇੱਕੋ ਵਾਰ ਦੇ ਦਿੱਤਾ ਸਾਰਾ। ਫੇਰ ਉਹ ਪ੍ਰਸੰਨ ਹੈ ਤੇ ਸਭ ਨੂੰ ਜਾਣਦਾ ਹੈ, ਜਿੰਦ ਦਿੰਦਾ ਵੀ ਆਪ ਹੈ ਤੇ ਜਿੰਦ ਲੈਂਦਾ ਵੀ ਆਪ ਹੈ ਤੇ ਪਿਆਰ ਦੇ ਨਾਲ ਸੰਸਾਰ ਨੂੰ ਦੇਖ ਰਿਹਾ ਹੈ, ਬਾਹਰ ਨਹੀਂ ਬੈਠਾ, ਘਟ-ਘਟ 'ਚ ਵਿਆਪਕ ਹੋ ਕੇ ਦੇਖ ਰਿਹਾ ਹੈ ਤੇ ਇਹ ਦੋ ਰੂਪ ਨਹੀਂ ਬਣੇ, ਇੱਕੋ ਹੀ ਰੂਪ ਬਣਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਆਪੇ ਸਰਗੁਨ ਨਿਰਗੁਣ ਆਪੇ,*
*ਆਪੇ ਸੁੰਨ ਸਮਾਧੀ ਹੈ*

*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ*
*ਆਪੇ ਹੀ ਫਿਰਿ ਜਾਪਿ ॥ ਅੰਗ - ੨੯੦*

ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਨੂੰ ਸਤਿ ਦਾ ਲੱਛਣ ਦਿੱਤਾ,

ਸਾਨੂੰ ਸਮਝਾਇਆ ਕਿ ਇਹ ਜਿੰਨਾ ਪਸਾਰਾ ਹੈ ਉਹ ਆਪ ਹੀ ਹੈ, ਆਪੇ ਸਰਗੁਨ ਹੈ, ਆਪੇ ਨਿਰਗੁਨ ਹੈ, ਆਪੇ ਹੀ ਸੁੰਨ ਸਮਾਧ ਹੈ, ਆਪੇ ਹੀ ਨਾਮ ਹੈ। ਫੇਰ ਉਹਦਾ ਨਾਉਂ ਕੋਈ ਨਹੀਂ ਹੈ, ਉਹਦਾ ਨਾਉਂ ਇੱਕੋ ਹੈ, ਜਿਹਨੂੰ ਸਤਿ ਕਹਿੰਦੇ ਨੇ।

'ੴ ਸਤਿ ਨਾਮੁ' ਉਸ ਤੋਂ ਬਾਅਦ ਕਿਉਂਕਿ ਸਰਗੁਨ ਸਰੂਪ ਹੈ, ਹੁਣ ਕਰਤਾ ਬਣ ਗਿਆ, ਸੰਸਾਰ ਬਣਾਉਣ ਵਾਲਾ, ਫੇਰ ਨਿਰਭਉ ਹੈ, ਨਿਰਵੈਰ ਹੈ, ਕਾਲ ਦਾ ਉਸ ਦੇ ਉੱਤੇ ਕੋਈ ਅਸਰ ਨਹੀਂ ਹੈ 'ਅਕਾਲ ਮੂਰਤਿ' ਹਸਤੀ ਹੈ; ਆਪਣੇ ਆਪ ਹੀ ਉਹਨੂੰ ਗਿਆਨ ਹੈ, ਸਾਨੂੰ ਕਿਤਾਬਾਂ ਪੜ੍ਹ ਕੇ ਹੁੰਦਾ ਹੈ, ਉਹ ਆਪਣੇ ਆਪ ਹੀ ਗਿਆਨ ਦਾ ਸਰੂਪ ਹੈ। ਕਿਸੇ ਜੂਨ 'ਚ ਨਹੀਂ ਆਉਂਦਾ, ਆਪੇ ਹੀ ਸਭ ਤੋਂ ਵੱਡਾ ਹੈ ਤੇ ਆਪੇ ਹੀ ਕ੍ਰਿਪਾ ਕਰਦਾ ਹੈ। ਗੁਰੂ ਦੀ ਕ੍ਰਿਪਾ ਤੋਂ ਬਗੈਰ 'ਨਾਮ' ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜਾ ਮੂਲਮੰਤਰ ਹੈ, ਇਹਦਾ ਬੀਜ ਕੀ ਹੈ, ਇਹਦਾ ਬੀਜ ਹੈ ਏਕੰਕਾਰ, ਉਹ ਤਾਂ ਫੇਰ ਮੂਲ ਬਣ ਗਿਆ, ਬੀਜ ਤੋਂ ਜੜ੍ਹ ਬਣ ਗਿਆ।

ਧਿਆਨ ਦੇਵੋ ਗੱਲ ਨੂੰ ਸਮਝੋ, ਇਹ ਗੱਲਾਂ ਨਾ ਕਿਤਾਬਾਂ 'ਚੋਂ ਲੱਭਣੀਆਂ ਨੇ, ਨਾ ਕੋਈ ਸਮਝਾਵੇ, ਮੁਸ਼ਕਲ ਨੇ ਇਹ ਗੱਲਾਂ। ਇਹ ਬੀਜ ਜਿਹੜਾ ਸੀ ਜੜ੍ਹ ਬਣ ਗਿਆ ਉਹਨੂੰ ਮੂਲ ਕਹਿੰਦੇ ਨੇ।

***ਬੀਜ ਮੰਤ੍ਰੁ ਸਰਬ ਕੋ ਗਿਆਨੁ ॥***

***ਅੰਗ - ੨੭੪***

ਸੁਖਮਨੀ ਸਾਹਿਬ 'ਚ ਬੜੀਆਂ ਡੂੰਘੀਆਂ ਗੱਲਾਂ ਆਉਂਦੀਆਂ ਨੇ। ਕਹਿੰਦੇ ਨੇ ਜੀ ਮੈਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰ ਲੈਂਦਾ ਹੈ ਪਰ ਕੁਛ ਸਮਝ 'ਚ ਆਇਆ ਹੈ?

***ਸੋਧਤ ਸੋਧਤ ਸੋਧਤ ਸੀਝਿਆ ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥***
***ਜਬ ਦੇਖਉ ਤਬ ਸਭੁ ਕਿਛੁ ਮੂਲੁ ॥***
***ਨਾਨਕ ਸੋ ਸੂਖਮੁ ਸੋਈ ਅਸਥੂਲੁ ॥***

***ਅੰਗ - ੨੮੧***

ਜਿੰਨਾਂ ਪਸਾਰਾ ਦੇਖਦੇ ਓ, ਵਾਹਿਗੁਰੂ ਤੋਂ ਬਗੈਰ ਹੈ ਕੀ ਇੱਥੇ। ਉਸਨੇ ਆਪ ਹੀ ਅਨੇਕ ਰੂਪ ਧਾਰ ਲਏ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ।***

(ਜਾਪੁ ਸਾਹਿਬ)

ਮਹਾਰਾਜ ਕਹਿੰਦੇ ਜਿਹਨੂੰ ਇਹ ਗੱਲ ਸਮਝ ਵਿੱਚ ਆ ਗਈ, ਜਿਹੜਾ ਇੱਥੇ ਟਿਕ ਗਿਆ। ਇੱਕ ਤਾਂ ਹੁੰਦੀ ਹੈ ਬੁੱਧੀ ਦੇ ਨਾਲ ਸਮਝ ਵਿੱਚ ਆਉਣੀ। ਇੱਕ ਹੁੰਦਾ ਹੈ ਨਿਸ਼ਚੇ ਪੂਰਵਕ ਇਸ ਥਾਂ 'ਤੇ ਜਾ ਕੇ ਟਿਕ ਗਿਆ। ਕੌਣ ਟਿਕਿਆ ਸੀ, ਭਾਈ ਘਨਈਆਂ ਟਿਕਿਆ ਸੀ। ਪਾਣੀ ਹੀ ਪਿਲਾਈ ਜਾਂਦਾ ਹੈ ਕਿਉਂਕਿ ਉਹਨੂੰ ਦੂਜਾ ਨਜ਼ਰ ਨਹੀਂ ਆਉਂਦਾ. ਗੱਲ ਸਮਝ ਲਈ ਉਹਨੇ ਕਿ ਹੈ ਹੀ ਨਹੀਂ ਜਦ ਇੱਥੇ ਕੋਈ ਦੂਜਾ, ਮੈਂ ਕਿਵੇਂ ਸਮਝਾਂ। ਸ਼ੱਕ ਹੋਏ ਤਾਂ ਕਹੇ ਵੀ ਕਿ ਆਹ ਸਿੰਘ ਨੇ, ਆਹ ਮੁਗਲ ਨੇ, ਆਹ ਫਲਾਣੇ ਨੇ। ਗੁਰੂ ਸਾਹਿਬ ਨੇ ਸ੍ਰੀ ਸਾਹਿਬ ਪੁਆ ਦਿੱਤੀ। ਕਹਿੰਦੇ ਜੀ! ਇਹਨੂੰ ਵੀ ਪੁਆ ਦਿਓ ਵਿਚਾਰਾ ਜੰਗ 'ਚ ਤੁਰਿਆ ਫਿਰਦਾ ਹੈ, ਸ੍ਰੀ ਸਾਹਿਬ ਦਾ ਮੂੰਹ ਪਿਛਲੇ ਪਾਸੇ ਨੂੰ ਕਰ ਲਿਆ। ਕਹਿੰਦੇ, ਸੱਚੇ ਪਾਤਸ਼ਾਹ! ਇਹ ਮੁੱਠੇ ਦਾ ਮੂੰਹ ਅੱਗੇ ਨੂੰ ਨਹੀਂ ਕਰਦਾ, ਪਿੱਛੇ ਨੂੰ ਕਰਕੇ ਬੰਨ੍ਹ ਲੈਂਦਾ ਹੈ। ਮਹਾਰਾਜ ਕਹਿੰਦੇ ਘਨਈਆਂ! ਇਹ ਕੀ ਕਰਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਜੇ ਕਿਸੇ ਨੇ ਮਾਰਨਾ ਹੋਇਆ, ਉਹਨੂੰ ਬਹੁਤੀ ਤਕਲੀਫ ਨਾ ਹੋਏ, ਮੇਰੇ ਵਾਲੀ ਹੀ ਖਿੱਚ ਕੇ ਮਾਰ ਦੇਵੇ।

ਕਿੱਡਾ ਨਿਹਚਾ ਸੀ, ਪਰਪੱਕ ਨਿਹਚਾ।

ਬਾਬਾ ਭਾਗ ਸਿੰਘ ਜੀ ਹਜ਼ੂਰ ਸਾਹਿਬ ਗਏ, ਰਾਤ ਨੂੰ ਉਸ ਥਾਂ ਨਿਵਾਸ ਕਰ ਲਿਆ, ਜਿੱਥੇ Man eater ਸ਼ੇਰ ਆਇਆ ਕਰਦਾ ਸੀ। ਪਿੰਡ ਵਾਲੇ ਲੰਘੇ ਜਾਂਦੇ ਨੇ, ਕਾਹਲੀ-ਕਾਹਲੀ ਤੁਰੇ ਜਾਂਦੇ ਨੇ, ਸੂਰਜ ਛਿਪਣ ਵਾਲਾ ਹੈ, ਲੱਕੜੀਆਂ ਚੁੱਕੀਆਂ ਹੋਈਆਂ ਨੇ, ਕਹਿੰਦੇ ਓਏ ਆਹ ਬਾਲ-ਯੋਗੀ ਬੈਠਾ ਹੈ ਇੱਥੇ। ਕਿਉਂਕਿ ਆਪ ਦੀ ਉਮਰ ਉਸ ਵੇਲੇ ੨੧ ਜਾਂ ੨੨ ਸਾਲ ਦੀ ਸੀ। ਲਟਕ ਲਗ ਗਈ, ਵਿਰਲੇ-ਵਿਰਲੇ ਪੁਰਸ਼ ਨੇ ਜਿਨ੍ਹਾਂ ਨੂੰ ਲਗਨ ਲਗ ਜਾਂਦੀ ਹੈ। ਫੇਰ ਨਹੀਂ ਪਿੱਛੇ ਮੁੜਦੇ, ਇੱਕ ਵਾਰੀ ਪੈਰ ਪੁੱਟ ਲਿਆ ਸੁ ਪੁੱਟ ਲਿਆ। ਉਹ ਕਾਇਰ ਨਹੀਂ ਹੁੰਦੇ। ਇਹ ਨਹੀਂ ਕਿ ਫੇਰ ਹੁਣ ਜੀ ਮੈਂ ਘਰ ਨੂੰ ਜਾਵਾਂ ਜੀ, ਘਰ ਜਾ ਕੇ ਮੈਂ ਕੰਮ ਕਰਾਂ, ਫਲਾਣਾ ਕਰਾਂ। ਐਸੇ ਬੰਦੇ ਐਵੇਂ ਹੀ ਹੁੰਦੇ ਨੇ, ਜਿਹਨੇ ਸਮਝ ਕੇ ਗੱਲ ਕਰ ਲਈ ਉਹ ਨਹੀਂ ਫੇਰ ਪਿੱਛੇ ਮੁੜਦਾ -

***ਆਗਾਹਾ ਕੂ ਤ੍ਰਾਘਿ***
***ਪਿਛਾ ਫੇਰਿ ਨ ਮੁਹਡੜਾ ॥ ਅੰਗ - ੧੦੯੬***

ਅੱਗੇ ਨੂੰ ਵੱਧ, ਜੇ ਗਿਰਨਾ ਹੈ ਤਾਂ ਵੀ ਅੱਗੇ ਨੂੰ ਗਿਰ, ਪਿੱਛੇ ਨੂੰ ਨਾ ਗਿਰ। ਪਿੱਠ ਨਾ ਲਵਾ। ਉਨ੍ਹਾਂ ਨੇ ਕਿਹਾ ਬਾਲ-ਯੋਗੀ ਰਾਤ ਨੂੰ ਇੱਥੇ ਸ਼ੇਰ ਆਉਂਦਾ ਹੈ, ਬੰਦਿਆਂ ਨੂੰ ਖਾ ਜਾਂਦਾ ਹੈ, ਇੱਥੇ ਹੈ ਪਾਣੀ ਉਹਨੇ ਪਾਣੀ ਪੀਣ ਵੀ ਆਉਣਾ ਹੈ ਤੇ ਤੈਨੂੰ ਖਾ ਜਾਏਗਾ। ਚੁੱਪ ਕਰ ਰਹੇ। ਕਹਿੰਦੇ ਕੋਈ ਨਾ, ਧੰਨਵਾਦ ਤੁਹਾਡਾ। ਕਹਿੰਦੇ, ਧੰਨਵਾਦ ਨਹੀਂ, ਤੂੰ ਪਿੰਡ 'ਚ ਚੱਲ। ਕਹਿੰਦੇ ਕੋਈ ਨਾ, ਇੱਥੇ ਬੈਠਾਂਗੇ, ਦਰਸ਼ਨ ਕਰਾਂਗੇ ਉਸ ਦੇ ਵੀ। ਉਹ ਪ੍ਰਭੂ ਰੂਪ 'ਚ ਆਉਣਾ ਹੈ, ਦਰਸ਼ਨ ਕਰਾਂਗੇ। ਸਵੇਰੇ ਹੀ ਪਿੰਡ ਵਾਲਿਆਂ ਨੇ ਕਿਹਾ ਕਿ ਉਹ ਤਾਂ ਖਾ ਲਿਆ ਹੋਣਾ। ਪਿੰਡ ਦੇ ਲੋਕ ਜਾਂਦੇ ਨੇ, ਡੰਡੇ ਹੱਥਾਂ ਵਿੱਚ ਨੇ। ਹਥਿਆਰ ਹੱਥਾਂ ਵਿੱਚ ਚੁੱਕੇ ਹੋਏ ਨੇ ਤੇ ਜਾ ਕੇ ਕੀ ਦੇਖਦੇ ਨੇ ਕਿ ਉਹ ਤਾਂ ਉਵੇਂ ਜਿਵੇਂ ਬੈਠਾ ਹੈ, ਸਮਾਧੀ ਲੱਗੀ ਹੋਈ ਹੈ ਤੇ ਇੱਕ ਟੱਕ ਬੈਠਾ ਹੈ ਸਭ ਕੁਛ ਭੁੱਲਿਆ ਹੋਇਆ ਤੇ ਉਥੇ ਜਾ ਕੇ ਆਲੇ-ਦੁਆਲੇ ਦੇਖਣ ਲਗ ਗਏ ਸਿਆਣੇ ਬੰਦੇ। ਕੀ ਦੇਖਦੇ ਨੇ ਕਿ ਚਾਰੋਂ ਪਾਸੇ ਸ਼ੇਰ ਘੁੰਮੇ ਹੋਏ ਨੇ, ਇੱਕ ਨਹੀਂ ਵੱਖਰੀਆਂ-ਵੱਖਰੀਆਂ ਪੈੜਾਂ। ਕਹਿਣ ਲੱਗੇ, ਇਹਨੂੰ ਤਾਂ ਸੁੰਘ-ਸੁੰਘ ਕੇ ਗਏ ਨੇ ਸਾਰੇ ਸ਼ੇਰ। ਸਿਆਣਾ ਬੰਦਾ ਸੀ ਇੱਕ ਕਹਿਣ ਲੱਗਿਆ ਕਿ ਸੁੰਘ ਕੇ ਨਹੀਂ ਗਏ, ਇਹਨੂੰ ਮੱਥਾ ਟੇਕ ਕੇ ਗਏ ਨੇ। ਇਹ ਕੋਈ ਬਹੁਤ ਵੱਡੀ ਰੂਹ ਹੈ। ਮੰਨ ਲਓ ਆਪਾਂ। ਉਨ੍ਹਾਂ ਨੇ ਇਹਦੀ ਪ੍ਰਕਰਮਾ ਕਰੀ ਹੈ।

ਉਸ ਤੋਂ ਬਾਅਦ ਬਾਬਾ ਜੀ ਨੇ ਨੇਤਰ ਖੋਲ੍ਹੇ, ਇਨ੍ਹਾਂ ਨੇ ਨਮਸ਼ਕਾਰਾਂ ਕੀਤੀਆਂ। ਕਹਿਣ ਲੱਗੇ, ਬਾਬਾ! ਤੂੰ ਤਾਂ ਕੋਈ ਬਹੁਤ ਵੱਡਾ ਸਿੱਧ ਪੁਰਸ਼ ਹੈਂ। ਧੰਨਭਾਗ ਸਾਨੂੰ ਦਰਸ਼ਨ ਹੋਏ, ਪਰ ਇੱਕ

ਸਾਨੂੰ ਗੱਲ ਦੱਸ ਦੇ ਕਿ ਸ਼ੇਰ ਨੇ ਤੈਨੂੰ ਕਿਉਂ ਨਹੀਂ ਖਾਧਾ। ਕਹਿੰਦਾ, ਪਿਆਰਿਓ! ਹੁਣ ਮੈਂ ਤੁਹਾਡੇ ਨਾਲ ਡੂੰਘੀ ਗੱਲ ਤਾਂ ਕਰਨੀ ਨਹੀਂ। ਤੁਹਾਨੂੰ ਮੈਂ ਇੱਕ ਬੇਨਤੀ ਕਰਨੀ ਹੈ ਕਿ ਜੇ ਤੁਹਾਨੂੰ ਭੁੱਖ ਲੱਗੀ ਹੋਵੇ, ਆਪਣਾ ਹੱਥ ਖਾ ਲੈਂਦੇ ਓਂ? ਕਹਿੰਦੇ, ਆਪਣਾ ਹੱਥ ਤਾਂ ਕੋਈ ਖਾਂਦਾ ਹੀ ਨਹੀਂ।

ਕਹਿੰਦੇ ਬਾਂਹ?

ਕਹਿੰਦੇ, ਬਾਂਹ ਵੀ ਨਹੀਂ।

ਕਹਿੰਦੇ, ਫੇਰ ਪੱਟ ਦੇ ਉੱਤੇ ਜੋ ਮਾਸ ਹੁੰਦਾ ਹੈ ਉਹ ਖਾ ਲੈਂਦੇ ਓਂ?

ਕਹਿੰਦੇ ਨਾ ਜੀ, ਆਪਣਾ ਆਪ ਤਾਂ ਕੋਈ ਵੀ ਨਹੀਂ ਖਾਂਦਾ, ਚਾਹੇ ਮਰ ਜਾਵੇ।

ਕਹਿੰਦੇ, ਉਹ ਫੇਰ ਮੈਨੂੰ ਕਿਉਂ ਖਾ ਲੈਂਦਾ। ਉਹ ਮੇਰਾ ਆਪਣਾ ਆਪ ਸੀ, ਆਹ ਦਰਖਤ ਵੀ ਮੇਰਾ ਆਪਣਾ ਆਪ ਨੇ, ਸ਼ੇਰ ਵੀ ਮੇਰਾ ਆਪਣਾ ਆਪ ਨੇ, ਤੁਸੀਂ ਵੀ ਮੇਰੇ, ਮੈਂ ਤੁਹਾਡੇ ਵਿੱਚ, ਤੁਸੀਂ ਮੇਰੇ ਵਿੱਚ। ਦ੍ਰਿਸ਼ਟੀ ਪਰਪੱਕ ਹੁੰਦੀ ਹੈ –

***ਗਿਆਨੁ ਨ ਗਲੀਈ ਢੂਢੀਐ***
***ਕਥਨਾ ਕਰੜਾ ਸਾਰੁ ॥ ਅੰਗ – ੪੬੫***

ਗੱਲਾਂ ਨਾਲ ਨਹੀਂ ਗਿਆਨ ਆਉਂਦਾ, ਇਹ ਬੜਾ ਹੀ ਔਖਾ ਸਾਧਨ ਹੈ। ਕਿਤਾਬਾਂ ਲਿਖਣ ਵਾਲੇ ਤਾਂ ਲਿਖ ਦਿੰਦੇ ਨੇ ਲੇਕਿਨ ਆਪ ਨੂੰ ਭੋਰਾ ਜਿੰਨਾਂ ਵੀ ਪਤਾ ਨਹੀਂ ਹੁੰਦਾ। ਇਸੇ ਕਰਕੇ ਸੰਤਾਂ ਦਾ ਤੇ intellectual (ਬੁੱਧੀਮਾਨ) ਬੰਦਿਆਂ ਦਾ ਫਰਕ ਹੋਇਆ ਕਰਦਾ ਹੈ। ਸੰਤ ਜਿਹੜੇ ਨੇ ਇਹ ਘਾਲਣਾ ਘਾਲ-ਘਾਲ ਕੇ ਇੱਥੇ ਪਹੁੰਚਦੇ ਨੇ। ਵਿਦਵਾਨ ਜਿਹੜਾ ਹੈ ਉਹ ਕਿਤਾਬ ਪੜ੍ਹ ਕੇ ਪਹੁੰਚਦਾ ਹੈ। ਲੋਕਿਨ ਉਥੇ ਫੇਲ੍ਹ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ, ਜਿਹਨੇ ਇਹ ਗੱਲ ਬੁੱਝ ਲਈ, ਬਈ ਆਹ ਸਾਰਾ ਸੰਸਾਰ ਸਰਗੁਨ ਜਿਹੜਾ, ਜਿਹਨੂੰ ਵਿਰਾਟ ਕਹਿੰਦੇ ਨੇ, ਇਹ ਵੀ ਤੇ ਨਿਰਗੁਨ ਬ੍ਰਹਮ ਜਿਹੜਾ ਹੈ, ਜਿਹੜਾ ਚੁੱਪ ਕਰਿਆ ਆਪਣੇ ਆਪ 'ਚ ਬੈਠਾ ਸੀ, ਇਹ ਦੋਵੇਂ ਇੱਕ ਨੇ, ਜਿਹਦੇ ਅੰਦਰ ਬੈਠ ਗਿਆ, ਉਹਦੇ ਅੰਦਰ ਨਾਮ ਵਸ ਗਿਆ। ਨਾਮ ਪ੍ਰਗਟ ਹੋ ਗਿਆ, ਐਉਂ ਹੋਰ ਸੁਖਾਲਾ ਅੱਖਰ ਵਰਤ ਲਓ। ਨਾਮ ਤਾਂ ਵਸਦਾ ਹੀ ਹੈ ਲੇਕਿਨ ਪ੍ਰਗਟ ਹੋ ਗਿਆ, ਨਾਮ ਤੱਕ ਉਹਦੀ ਰੁਸਵਾਈ ਹੋ ਗਈ। ਗੁਰੂ ਗ੍ਰੰਥ ਸਾਹਿਬ ਦੇ ੧੪੩● ਪੰਨੇ 'ਚ ਨਾਮ-ਨਾਮ, ਸ਼ਬਦ-ਸ਼ਬਦ ਬਾਰੇ ਹੀ ਆਉਂਦਾ ਹੈ ਸਾਰੇ, ਮਜ਼ਾਲ ਹੈ ਕਿ ਸਾਨੂੰ ਗੱਲ ਸਮਝ 'ਚ ਆ ਜਾਏ। ਉਥੇ ਦੇ ਉਥੇ। ਗੱਲ ਹੀ ਨਹੀਂ ਸਮਝਣ ਦਾ ਯਤਨ ਕਰਦੇ, ਹੋਰ ਹੀ ਗੱਲਾਂ 'ਚ ਉਲਝ ਗਏ। ਸਾਧਸੰਗਤ ਜੀ! ਕਹਿੰਦੇ ਜੇ ਸੱਚ ਬੋਲੀਏ ਤਾਂ ਭਾਂਬੜ ਮੱਚਣ ਲਗ ਜਾਂਦੇ ਨੇ, ਚੁੱਪ ਕਰੇ ਤੇ ਹੀ ਗੁਜ਼ਾਰਾ ਹੁੰਦਾ ਹੈ। ਮਹਾਰਾਜ ਕਹਿੰਦੇ, ਨਾ-ਨਾ ਉੱਚਾ ਨਾ ਬੋਲੀਂ –

***ਉਚਾ ਨਹੀਂ ਕਹਣਾ ਮਨ ਮਹਿ ਰਹਿਣਾ।***

ਡੰਡੇ ਮਾਰਨਗੇ, ਇੱਟਾਂ ਮਾਰਨੀਆਂ ਸ਼ੁਰੂ ਕਰ ਦੇਣਗੇ। ਮਨਸੂਰ ਨੇ ਕਿਹਾ ਸੀ, ਸਭ ਇੱਟਾਂ ਮਾਰਨ ਲਗ ਗਏ ਸੀ ਉਹਦੇ। ਸੂਲੀ 'ਤੇ ਚਾੜ੍ਹ ਦਿੱਤਾ। ਸਮਸ-ਤਬਰੇਜ਼ ਨੇ ਕਿਹਾ ਸੀ, ਖੱਲ੍ਹ ਲਾਹ ਦਿੱਤੀ, ਸਮਝ ਨਾ ਆਈ ਉਨ੍ਹਾਂ ਨੂੰ ਗੱਲ ਕਿ ਕੀ ਕਹਿੰਦਾ ਹੈ।ਉਹ ਸਤਿ ਦੀ ਗੱਲ ਬੋਲ ਰਿਹਾ ਹੈ। ਉਹ ਕਹਿੰਦੇ ਲਾਹੋ ਇਹਦੀ ਖੱਲ, ਇਹ ਤਾਂ ਗਲਤ ਗੱਲਾਂ ਕਰਦਾ ਹੈ ਨਾਸਤਕ ਬਣਾ ਦਏਗਾ ਲੋਕਾਂ ਨੂੰ। ਉਹ ਸਤਿ ਦੀ ਗੱਲ ਨਹੀਂ ਕਿਸੇ ਦੀ ਸਮਝੀ। ਇੱਕ ਨੇ ਸਮਝੀ ਜਿਸਦਾ ਨਾਉਂ ਮੋਲਾਨਾ ਰੂਮ ਸੀ, ਉਹ ਮੁਲਾਨਾ ਹੀ ਫਤਵੇ ਦਿੰਦਾ ਸੀ ਲੋਕਿਨ ਉਹਨੇ ਗੱਲ ਸਮਝ ਲਈ। ਸੋ ਮਹਾਰਾਜ ਕਹਿੰਦੇ ਜਿਹਨੇ ਇਹ ਗੱਲ ਸਮਝ ਲਈ ਨਾ, ਉਹਦੇ ਮਨ ਵਿੱਚ ਨਾਮ ਵਸ ਗਿਆ, ਜਿਹਦੇ ਮਨ 'ਚ ਨਾਮ ਵਸ ਗਿਆ, ਉਹਦੀ ਅਵਸਥਾ ਕੀ ਹੁੰਦੀ ਹੈ, ਉਹ ਆਪ ਵੀ ਤਰਦਾ ਹੈ ਤੇ ੧●੧ ਕੁਲ ਦਾ ਉਧਾਰ ਵੀ ਕਰ ਦਿੰਦਾ ਹੈ –

***ਧਾਰਨਾ – ਆਪ ਤਰਦਾ ਤੇ ਕੁਲਾਂ ਨੂੰ ਤਾਰ ਦੇਵੇ,***
***ਜਿਨ੍ਹਾਂ ਦੇ ਮਨ ਰਾਮ ਵਸਿਆ।***

ਨਾਮ ਦਾ ਵਸਣਾ, ਇਹ ਅਨੁਭਵ ਜਿਹਦਾ ਜਾਗ ਪਿਆ ਸਾਧਸੰਗਤ ਜੀ! ਉਹ ਆਪ ਹੀ ਨਹੀਂ ਤਰਦਾ, ਕੁਲਾਂ ਵੀ ਤਾਰ ਦਿੰਦਾ ਹੈ। ੨੪ ਦਾਦਕਿਆ ਦੀਆਂ, ੨● ਨਾਨਕਿਆ ਦੀਆਂ, ੧੬ ਜਿੱਥੇ ਵਿਆਹਿਆ ਹੋਇਆ ਹੈ, ੧੨ ਜਿਸ ਥਾਂ ਲੜਕਾ ਲੜਕੀ ਦੀ ਸ਼ਾਦੀ ਹੋਈ, ੧੧ ਜਿਸ ਥਾਂ ਭੈਣ ਹੈ, ੮ ਮਾਸੀ ਹੈ ਜਿੱਥੇ, ਨੌਂ ਜਿੱਥੇ ਭੂਆ ਹੈ, ਇਸ ਤਰ੍ਹਾਂ ੧●੧ ਕੁਲ ਦਾ ਉਧਾਰ ਕਰ ਦਿੰਦਾ ਹੈ, ਆਪ ਵੀ ਤਰਦਾ ਹੈ ਤੇ ਕੁਲਾਂ ਨੂੰ ਵੀ ਤਾਰ ਦਿੰਦਾ ਹੈ –

***ਨਿਰਗੁਣੁ ਸਰਗੁਣੁ ਆਪੇ ਸੋਈ ॥***
***ਤਤੁ ਪਛਾਣੈ ਸੋ ਪੰਡਿਤੁ ਹੋਈ ॥ ਅੰਗ – ੧੨੮***

ਕਹਿੰਦੇ ਅਸੀਂ ਪੜ੍ਹਿਆਂ ਹੋਇਆ ਨੂੰ ਪੰਡਤ ਨਹੀਂ ਕਹਿੰਦੇ, ਗਿਆਨੀ ਪਾਸ ਕਰ ਲਈ, ਗਿਆਨੀ ਨਹੀਂ ਹੁੰਦਾ; ਪੰਡਤ ਉਹ ਜਿਹੜਾ ਤਿੰਨਾਂ ਗੁਣਾਂ ਦੀ ਪੰਡ ਉਤਾਰ ਕੇ ਪਰ੍ਹੇ ਮਾਰੇ ਤੇ ਤੱਤ ਗਿਆਨ ਜਿਹਦੇ ਅੰਦਰ ਪ੍ਰਗਟ ਹੋ ਜਾਏ –

***ਆਪਿ ਤਰੈ ਸਗਲੇ ਕੁਲ ਤਾਰੈ***
***ਹਰਿ ਨਾਮੁ ਮੰਨਿ ਵਸਾਵਣਿਆ ॥ ਅੰਗ – ੧੨੮***

ਜਿਹਦੇ ਮਨ ਵਿੱਚ ਨਾਮ ਵਸ ਗਿਆ। ਸੋ ਇਹ ਵਿਚਾਰ ਲੰਮੀ ਚੌੜੀ ਇਸ ਕਰਕੇ ਕੀਤੀ ਹੈ ਕਿ ਸਾਨੂੰ ਗੱਲ ਸਮਝ ਆ ਜਾਏ ਕਿ ਸਾਡਾ ਸਫਰ ਕਿੱਥੋਂ ਸ਼ੁਰੂ ਹੋਇਆ ਹੈ, ਅਸੀਂ ਕਿੱਥੇ ਜਾਣਾ ਹੈ। ਜਿਹੜਾ ਅਸੀਂ ਕਹਿੰਦੇ ਹਾਂ ਨਾ ਕਿ ਰੱਬ ਨੂੰ ਮਿਲ ਲਓ। ਉਹ ਗੱਲ ਸਮਝਾਉਣੀ ਔਖੀ ਹੈ ਕਿ ਰੱਬ ਨੂੰ ਮਿਲਣਾ ਕੀ ਹੈ। ਤੁਸੀਂ ਆਪਣੀ back to soruce ਜਾਣਾ ਹੈ, ਜਿਥੋਂ ਵਿਛੁੜੇ ਹਾਂ, ਉਥੇ ਹੀ ਪਹੁੰਚ। ਵਿਛੁੜ ਕੇ ਤੂੰ ਦੂਰ ਚਲਿਆ ਗਿਆ। ਹੁਣ ਪ੍ਰਮੇਸ਼ਰ ਨੇ ਤ੍ਰਿਗੁਣੀ ਰਚਨਾ ਰਚ ਦਿੱਤੀ ਤੇ ਇਹਦੇ ਵਿੱਚ ਅੰਡਜ, ਜੇਰਜ, ਸੇਤਜ, ਉਤਭੁਜ; ਚਾਰ ਖਾਣੀਆਂ ਆ ਗਈਆਂ। ਕੁਛ ਤਾਂ ਅੰਡਿਆਂ ਤੋਂ ਪੈਦਾ ਹੋਏ; ਕੁਛ ਜੇਰ ਤੋਂ ਪੈਦਾ ਹੋਏ; ਕੁਛ ਗਰਮੀ ਤੋਂ ਪੈਦਾ ਹੋਈਆਂ ਚੀਜ਼ਾਂ, ਕੁਛ ਆਹ ਧਾਤਾਂ ਵਗੈਰਾ ਪੈਦਾ ਹੋਈਆਂ। ਚਾਰ ਇਹਦੇ ਵਿੱਚ ਬਾਣੀਆਂ ਆ ਗਈਆਂ ਪਰਾ ਬਾਣੀ ਆ ਗਈ, ਪਸੰਤੀ ਬਾਣੀ, ਮਧਮਾ ਬਾਣੀ ਤੇ ਬੈਖਰੀ ਬਾਣੀ ਆ ਗਈ। ਇਹਦੇ ਵਿੱਚ ਅਨੇਕ ਜੀਵ ਜੰਤੂ ਅਨੇਕਾਂ ਜਿਨਸਾਂ ਦੇ ਜੀਵ ਪੈਦਾ ਹੋ ਗਏ। ਇਹ ਸਾਰੀ ਸ੍ਰਿਸ਼ਟੀ ਦੇ ਵਿਚੋਂ ਗਿਣਨ ਵਾਲਿਆਂ ਨੇ ਗਿਣੀ ਹੈ ਕਿ ੮੪ ਲੱਖ ਹੈ ਤੇ ਇਹਦੇ ਵਿਚੋਂ ਜੋ ਉੱਤਮ

*(ਬਾਕੀ ਪੰਨਾ ੩੭ 'ਤੇ)*



## Sant Waryam Singh Memorial Public High School, Ratwara Sahib

# Literary Vision

## Introduction



Sant Waryam Singh Memorial Public High School was established in the memory of His Holiness by Sant Mata Ranjit Kaur Ji in 2002. It is an English Medium Co-Educational school and is affiliated to PSEB, Mohali. With the mission to give the best in education, the seedling that was planted seven years ago with the handful of student and staff has grown into a huge tree with about 700 students and a galaxy of dedicated staff.



With benevolent blessing of Honorable Biji (Mata Ranjit Kaur Ji), the school management, Baba Harpal Singh Ji and Director Education S. Kulwant Singh Gill, who's approach towards imparting education is based on religious beliefs as per sikh tenets. The management has wider outlook and desires to impart among the students a sense of responsibility towards social and scientific issues like research, environment, adolescent problems and other relevant issue concerning students, among the younger students we believe in inculcating a sense of discipline within the boundaries of freedom.

Keeping in mind about the religious land, the moral and spiritual values are inculcated in the students by means of Gurbani recitation and organizing divinity competitions. In addition to this, the school has also shown excellence in the sports & curricular activities. Every effect is made to mould the students to be capable achievers in the various walks of life by the Management and Staff.






# Achievements

Co- Curricular Activities

With the blessings of honorable Biji (Sant Mata Ranjit Kaur Ji). The Principal Ms. Gurpreet Kaur has made the platform to explore the talents of the rural children by encouraging them to participate in various cultural activities like Art & Craft, Shabad Gayan, Speech, Declamation, Dance, Singing etc. These students have shown excellence not only at the District Level but also at State Level.

## Block - Level Achievements

- The students got 1st position in the Shabad Gayan competition.
- Pritpal Singh of class 5th got 1st position in folk song.
- Navneet Kaur of class 5th got 1st position in speech.
- Lovepreet Kaur of class 3rd got 1st position in folk dance.
- Harkaran Singh and Sarpreet Kaur of class 5th got 2nd position in drawing and handwriting competitions respectively.

## District Level Achievements

- The students of Group I got 1st position in Shabad Gayan, Group II got 2nd position & Group III got 3rd position in competition held at Paragon Senior Secondary School, Mohali.
- Pritpal Singh of class 5th and Harpreet Singh of class 7th achieved 1st & 2nd position respectively in folk song.
- Maninder Kaur & Amarjot Kaur of class 7th & 8th and Harpreet Singh, Parminder Singh and Gaganpreet Singh of class 10th got 3rd position Kavishri.
- The students of class 8th Kuljit Kaur & Ramandeep Kaur got 1st position in Var.
- 1st position was achieved by Sukhveet Kaur of class 7th & 2nd position was achieved by Navneet Kaur of class 5th in speech.
- Lovepreet Kaur of class 3rd achieved 1st position in folk dance.
- Pavneet Kaur of class 6th achieved 1st position in poetry recitation competition.

## Regional Level Competitions



- The Group I & III achieved 3rd positions in Shabad Gayan and Group I achieved Ist position in Shabad Gayan.
- Pavneet Kaur of class 6th achieved 1st position in Poetry Recitation Competition.
- The Bhangra Team of middle & secondary level of the school achieved 3rd position.

## State Level Participation



- The Bhangra Group of middle & secondary level participated in State Level Competition.
- The team of primary level, middle level & secondary level of Shabad Gayan also participated at State Level.

# Achievements at Sports Level

## Block Level

- The Kho- Kho team of Girls of primary wing clinched 2nd position whereas the Kho-Kho team of Boys clinched 1st position.
- The Kabaddi team of Girls of primary wing clinched 1st position whereas the Boys team achieved 3rd position.



- Jashanpreet Kaur, Pavneet Kaur, Ramanpreet Kaur and Simranjit Kaur of class VI clinched 2nd position in relay race whereas Jaspreet Singh, Gurpreet Singh, Amritpal Singh and Parminder Singh of class IX clinched 3rd position.
- The Girls and Boys of primary wing clinched 1st position in Gymnastic.
- The Boys of Kushti scored 1st position.

## Zonal Tournament



- The Handball team of boys U-19 & U-17 clinched 1st position and the handball team of girls U-17 also clinched the 1st position.
- The Handball team of boys as well as of girls U-19 clinched 1st position.
- The Kabaddi team of girls U-17 clinched 1st position whereas the Kabaddi team of boys U-14 scored 3rd position.
- The Badminton team of boys U-17 and the badminton team of girls U-14 clinched 2nd position.
- The participants of Chess team U-17 category got 1st position.
- Amandeep Kaur scored 1st position in U-14 girls category in Shotput while Harjit Kaur scored 2nd position. In boys category Amandeep Singh scored 1st position while Sukhpreet remained at 3rd position in Discus Throw in U14 boys category.
- Ikwinder Kaur (Triple Jump U-17 girls category) remained first and Sukhjinder Kaur (3000 mt walk U-17 girls category) also stood first.



## District Level Achievements

- Both the handball teams of girls U-14 and boys U-19 category clinched 2nd position.
- The handball team of boys U-17 category attained 2nd position.
- The chess team of boys and girls U-17 secured 3rd & 2nd position respectively.
- The badminton team of girls U-17 & U-14 got 3rd positions.
- The girls and boys U-14, girls U-17 & boys U-19 category participated at district level.
- Both the boys and girls of primary level got 1st position.
- Harkaran Singh stood Ist in 25 kg category in Wrestling.







## State Level Participation

- The handball team of boys & girls U-14 got the merit certificate for the participation.
- The U-17 boys handball team also got the merit certificate.

## Trips & Excursions

To meet the gap between the Rural & Urban area students and to explore the students with the outer world, an Educational Trip was organized to Delhi-Agra. The students saw the magnificent Taj Mahal, a symbol of love which is one of the seven wonders of the World. The students were spell bound by its beauty. Many other historical places at Delhi like Red Fort, India Gate, Qutab Minar etc. were also visited. The students were also keeping in view about the Religious Beliefs. The students were also taken to the temple of Vrindavan & Mathura.



Many other class wise short trip were also arranged by the school.

## Seminars & Workshops

- To know about the new techniques of teaching seminars for the teachers are also organized.
- Workshops for students are also organized by the teachers and the Times of India. The students actively gave response in the workshops.
- Special counseling is provided for the 10th class students so as to help them to choose a proper field in the future.
- Special Spoken English classes are held for the students to encourage them to converse in English.



## Other Major Events

- Rangoli competition was held to celebrate Holi Festival in which Shaheed Bhagat Singh House got 1st position by making beautiful Rangoli.
- The school wore a festive look as the kindergarten celebrated Janamashtami. The tiny tots enacted 'Krishna Leela'.
- To house the oratorical skills, students were given opportunities to participate in declamation contests.
- Mehak Verma bagged 2 years scholarship during Gurubani Kanth Competition held in school campus by Mata Kaula Ji Taksal, Amritsar. The trust decided to sponserall educational expenses incurred on the girl.
- Many students from the school participated in the contest and won prizes. The Trust also honoured the student Neha Verma and Principal Ms Gurpreet of our school during the function held at Amritsar.

## New Initiatives and Innovations

### Scouts & Guide

- To inculcate the habit of discipline and patriotic spirit, the school took an intiative and started Scout and Guide activity. The maiden batch went to Shimla to participate in the training camp.
- Personality Development Programme and Career Counselling Workshop was introduced for class X with special focus on group discussion & interview techniques.
- A summer Sports Camp was organised. Different indoor and outdoor games were introduced to the students by the special coaches.
- Inter House Festivals were celebrated through Arts, Dance, Music and Literacy Competitions.
- More Sports Coaches & increased focus on grooming of teams for various sports were undertaken.





## Celebrations

1. All religions are equal so people belonging to different religions are also equal. To spread this message festivals related to different religions and cultures are celebrated with equal zeal and fervour.
2. To develop a sense of belongingness and patriotism all the National Days are celebrated in the school.
3. 17th June, the Birthday of His Holiness Sant Baba Waryam Singh Ji is celebrated with great zeal every year. The students give stage performances by Reciting Poetry and Shabad Kirtan.
4. The Birthday of Biji Mata Ranjit Kaur Ji is also celebrated with great zeal and children glad the Sangat by Reciting Gurbani.
5. 5th September, Teachers Day is celebrated in the school every year. The children play the role of different teachers and take classes also.
6. Barsi Samagam of His Holiness Sant Baba Waryam Singh Ji is celebrated with great fervour. The students give stage performances by Reciting Poems and Shabad Kirtan. The students as well as teachers also give duties in Langar, Jorha Ghar & Pandal etc.
7. A special information corner is also set up by the staff members of the school for any missing.
8. 14th November Children Day is also celebrated. Principal Ms Gurpreet Kaur distributed sweets among the children.











**At Sant Waryam Singh Memorial Public High School**

*We feel We have a moral obligation to help the students of our school grow towards becoming full human being and to feel successful. Teaching cognitive skills is not enough...*

(ਪੰਨਾ 28 ਦੀ ਬਾਕੀ)

ਚੀਜ਼ ਹੈ –

***ਲਖ ਚਉਰਾਸੀਹ ਜੋਨਿ ਸਬਾਈ ॥***
***ਮਾਣਸ ਕਉ ਪ੍ਰਭਿ ਦੀਈ ਵਡਿਆਈ ॥***
***ਅੰਗ – ੧੦੭੫***

ਆਹ ਮਨੁੱਖ ਨੂੰ ਵਡਿਆਈ ਦੇ ਦਿੱਤੀ ਪਾਰਬ੍ਰਹਮ ਪ੍ਰਮੇਸ਼ਰ ਨੇ, ਮਹਾਰਾਜ ਕਹਿੰਦੇ ਕਿ ਆਹ ਜਿਹੜੀ ਜੂਨ ਹੈ ਨਾ, ਮਨੁੱਖ ਦੀ, ਇਹਨੂੰ ਸਾਰਿਆਂ ਦਾ ਸਰਦਾਰ ਬਣਾ ਦਿੱਤਾ।

***ਅਵਰ ਜੋਨਿ ਤੇਰੀ ਪਨਿਹਾਰੀ ॥***
***ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥***
***ਅੰਗ – ੩੭੪***

ਬਾਕੀ ਜੂਨਾਂ ਜਿਹੜੀਆਂ ਨੇ, ਤੂੰ ਇਨ੍ਹਾਂ ਨੂੰ ਸਾਂਭਣਾ ਹੈ, ਤੂੰ ਇਨ੍ਹਾਂ ਦੀ ਰੱਖਿਆ ਕਰਨੀ ਹੈ, ਮਾਰ-ਮਾਰ ਖਾ ਕੇ ਨਹੀਂ ਮੁਕਾ ਦੇਣੀਆਂ। ਤੈਨੂੰ ਰਾਜਾ ਬਣਾ ਦਿੱਤਾ, ਸਿਕਦਾਰ ਬਣਾ ਦਿੱਤਾ। ਵਿਉਂਤ ਤੋਂ ਕੰਮ ਲੈਣਾ ਹੈ ਤੂੰ। ਜਿਵੇਂ ਰਾਜਾ ਇਨਸਾਫ ਕਰਦਾ ਹੈ ਇਸ ਤਰ੍ਹਾਂ ਇਨਸਾਫ ਕਰਨਾ ਹੈ ਤੂੰ ਤੇ ਤੇਰੀ ਸਰਦਾਰੀ ਕਾਇਮ ਕਰ ਦਿੱਤੀ। ਵੱਡੀ ਵਡਿਆਈ ਆਹ ਜਿਹੜਾ ਸਰੀਰ ਹੈ ਨਾ ਸਾਡਾ, ਪੰਜਾਂ ਤੱਤਾਂ ਦਾ ਬਣਿਆ ਹੋਇਆ ਤੁਰਦਾ ਫਿਰਦਾ ਜਿਹਾ, ਇਹਨੂੰ ਮਾਨਸ ਸਰੀਰ ਕਹਿੰਦੇ ਨੇ, ਮਾਨਸ ਹੋਰ ਚੀਜ਼ ਹੈ, ਸਰੀਰ ਹੋਰ ਚੀਜ਼ ਹੈ। ਇਸ ਮਾਨਸ ਸਰੀਰ ਨੂੰ ਵਡਿਆਈ ਦੇ ਦਿੱਤੀ। ਕਿਉਂ ਦੇ ਦਿੱਤੀ? ਕਿਉਂਕਿ ਇਸ ਕੋਲ ਇੱਕ ਚੀਜ਼ ਵੱਧ ਹੈ ਬਾਕੀਆਂ ਨਾਲੋਂ। ਬਾਕੀ ਤਾਂ ਸਾਰਿਆਂ ਕੋਲ ਸਭ ਕੁਛ ਹੈਗਾ, ਉਨ੍ਹਾਂ ਦਾ ਜਿਹੜਾ ਅੰਤਸ਼ਕਰਣ ਹੈ ਉਹ ਪੂਰਾ ਨਹੀਂ ਹੈ, ਮਨੁੱਖ ਦੇ ਕੋਲ ਪੂਰਾ ਹੈ। ਉਨ੍ਹਾਂ ਦਾ ਅਧੂਰਾ ਹੈ। ਮਨ ਉਨ੍ਹਾਂ ਕੋਲ ਵੀ ਹੈ, ਥੋੜ੍ਹੀ ਜਿਹੀ ਉਨ੍ਹਾਂ ਕੋਲ ਬੁੱਧੀ ਹੈ, ਪਤਾ ਲਗ ਜਾਂਦਾ ਹੈ ਕਿ ਆਹ ਪਸ਼ੂ ਤਕੜਾ ਹੈ ਮੇਰੇ ਨਾਲੋਂ ਮੈਨੂੰ ਮਾਰ ਦਏਗਾ, ਨੱਠ ਜਾਂਦੇ ਨੇ। ਪਤਾ ਲਗ ਜਾਂਦਾ ਹੈ ਕਿ ਸ਼ਿਕਾਰੀ ਮਾਰਨ ਆਇਆ ਹੈ, ਹੁਣ ਮੈਂ ਨੱਠ ਜਾਵਾਂ। ਉਹਨ੍ਹਾਂ ਕੋਲ ਚਿੱਤ ਜਿਹੜਾ ਹੈ ਉਹ ਵੀ ਛੋਟਾ ਹੈ, ਸਾਡੇ ਵਰਗਾ ਨਹੀਂ। ਸਾਡੇ ਤਾਂ ਇੱਕ ਵਿਛੋੜਾ ਹੋ ਜਾਏ ਧੀ-ਪੁੱਤ ਦਾ, ਸਾਰੀ ਜ਼ਿੰਦਗੀ ਨਹੀਂ ਭੁੱਲਦੇ, ਉਹ ਥੋੜ੍ਹਾ ਜਿਹਾ ਤਾਂ ਕਰਦੇ ਨੇ, ਦੱਸਾਂ-ਪੰਦਰਾਂ ਦਿਨਾਂ ਬਾਅਦ ਭੁੱਲ ਜਾਂਦਾ ਹੈ ਉਨ੍ਹਾਂ ਨੂੰ ਸਾਰਾ ਹੀ। ਇਸ ਤੋਂ ਬਾਅਦ ਇੱਕ ਚੀਜ਼ ਹੈ ਸਾਡੇ ਕੋਲ ਜਿਹੜੀ ਉਨ੍ਹਾਂ ਨਾਲੋਂ ਵੱਧ ਤੇ ਬੜੀ ਹੀ ਭੈੜੀ ਹੈ ਉਹ ਹੈ 'ਹਉਮੈ' 'ਮੈਂ'। ਉਨ੍ਹਾਂ 'ਚ ਹਉਮੈ ਨਹੀਂ ਹੈ, ਹਉਮੈ ਨਾ ਹੋਣ ਕਰਕੇ ਕਰਮ ਦਾ ਫਲ ਉਨ੍ਹਾਂ ਨੂੰ ਲਗਦਾ ਨਹੀਂ ਹੈ, ਸ਼ੇਰ ਚਾਹੇ ਲੱਖ ਗਊ ਮਾਰੀ ਜਾਏ ਉਹਨੂੰ ਪਾਪ ਨਹੀਂ ਲਗਦਾ, ਕਿਉਂਕਿ ਉਹ ਹਉਮੈ ਨਹੀਂ ਹੈ, ਸਹਿਜ-ਸੁਭਾਅ 'ਚ ਮਾਰਦਾ ਹੈ। ਉਹਦਾ ਕੋਈ purpose ਨਹੀਂ ਹੈ ਕਿ ਮੈਂ ਬੰਦੇ ਮਾਰ ਦੇਣੇ ਨੇ। ਬੰਦੇ ਦਾ ਹੁੰਦਾ ਹੈ ਕਿ ਮੈਂ ਫਲਾਣੇ ਦੇਸ਼ ਨੂੰ ਮਾਰ ਦੇਣਾ ਹੈ। ਉਹ 'ਮੈਂ' ਸਾਡੇ ਕੋਲ ਆ ਗਈ, 'ਮੈਂ' ਬੜੀ ਮਾੜੀ ਚੀਜ਼ ਹੈ। 'ਮੈਂ' ਨੇ ਸਾਨੂੰ ਫਸਾ ਦਿੱਤਾ, ਕਰਮ ਉਹ ਵੀ ਕਰਦੇ ਨੇ, ਕਰਮ ਅਸੀਂ ਵੀ ਕਰਦੇ ਹਾਂ, ਪਰ ਅਸੀਂ ਮੈਂ ਧਾਰ ਕੇ ਕਰਦੇ ਹਾਂ, ਅਸੀਂ ਫਸ ਗਏ। ਫਸ ਗਏ ਅਸੀਂ ਫੇਰ ਅੱਗੇ ਜੂਨਾਂ ਦੇ ਵਿੱਚ ਚਲੇ ਗਏ। ਮਹਾਰਾਜ ਕਹਿੰਦੇ ਤੂੰ ਆਪਣੀ ਵਡਿਆਈ ਨੂੰ ਸਮਝ। ਤੇਰੇ ਕੋਲ ਵਾਹਿਗੁਰੂ ਨੇ ਇੱਕ ਚੀਜ਼ ਵਾਧੂ ਦਿੱਤੀ ਹੈ ਉਹ ਇਹ ਹੈ ਕਿ –

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ ਅੰਗ – ੧੦੩੩***

ਤੇਰੇ ਅੰਦਰ ਵਾਹਿਗੁਰੂ ਦਾ ਅਸਥਾਨ ਪ੍ਰਗਟ ਕੀਤਾ ਹੋਇਆ ਹੈ। ਵਾਹਿਗੁਰੂ ਰਹਿੰਦਾ ਤਾਂ ਉਨ੍ਹਾਂ ਦੇ ਅੰਦਰ ਵੀ ਹੈ ਪਰ ਉਥੇ ਅਸਥਾਨ ਪ੍ਰਗਟ ਨਹੀਂ ਹੈ, ਤੇਰੇ ਅੰਦਰ ਪ੍ਰਗਟ ਹੈ –

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ***
***ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ ॥ ਅੰਗ – ੯੫੪***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥***
***ਅੰਗ – ੯੪੭***

ਇਹ ਮਨੁੱਖ ਦੇ ਕੋਲ ਵਾਧੂ ਚੀਜ਼ ਹੈ, ਇਸ ਕਰਕੇ ਮਨੁੱਖ ਨੂੰ ਵਡਿਆਈ ਆਈ ਜਾਂਦੀ ਹੈ ਕਿ ਇਹਦਾ ਜੇ ਦਰਵਾਜ਼ਾ ਖੁਲ੍ਹ ਜਾਵੇ, ਵਾਹਿਗੁਰੂ ਇਹਨੂੰ ਪ੍ਰਗਟ ਹੋ ਜਾਂਦਾ ਹੈ। 'ਨਾਮ' ਪ੍ਰਗਟ ਹੋ ਜਾਂਦਾ ਹੈ, ਜਿਹੜਾ ਇਹਦੇ ਅੰਦਰ ਰੱਖਿਆ ਹੋਇਆ ਹੈ। ਲੇਕਿਨ ਦਰਵਾਜ਼ਾ ਬੰਦ ਹੈ, ਬਜਰ ਕਪਾਟ ਜੜ੍ਹੇ ਹੋਏ ਨੇ। ਦਸ ਵੀ ਦਿੱਤਾ ਕਿ ਦਸਵੇਂ ਦੁਆਰ ਦੇ ਅੰਦਰ ਵਾਹਿਗੁਰੂ ਦਾ ਪ੍ਰਕਾਸ਼ ਹੈ ਤੇਰੇ ਅੰਦਰ। ਕਹਿੰਦੇ ਉਹ ਅਸਥਿਰੁ ਥਾਨੁ ਅਤਿ ਨਿਰਮੈਲ, ਨਿਰਮਲ ਹੈ ਬਿਲਕੁਲ। ਸਦਾ ਨਿਰਮੈਲ ਹੈ, ਕਦੇ ਮੈਲ ਨਹੀਂ ਉਥੇ ਲਗਦੀ। ਵਾਹਿਗੁਰੂ ਨੇ ਆਪੇ ਹੀ ਆਪਣਾ ਥਾਂ ਰੱਖ ਲਿਆ ਇਸ ਸਰੀਰ ਦੇ ਅੰਦਰ। ਇਹ ਨਹੀਂ ਹੈ ਕਿ ਵਾਹਿਗੁਰੂ ਪੈਰ ਦੇ ਅੰਗੂਠੇ 'ਚ ਨਹੀਂ, ਸਾਰੇ ਹੀ ਹੈ, ਹਰ ਥਾਂ 'ਤੇ ਲੇਕਿਨ ਜਿਵੇਂ ਦਰਵਾਜ਼ਾ ਰੱਖ ਲਈਦਾ ਹੈ ਨਾ, ਕੋਠੀ 'ਚ ਬੈਠ ਜਾਈਏ ਅਸੀਂ ਤੇ ਕੋਠੀ ਦੇ ਵਿਚੋਂ ਇੱਕ ਦਰਵਾਜ਼ਾ ਖੋਲ੍ਹ ਕੇ ਰੱਖ ਲਈਏ। ਉਹ ਦਰਵਾਜ਼ਾ ਇੱਕੋ ਹੀ ਹੋਵੇ, ਉਹ ਦਰਵਾਜ਼ਾ ਰੱਖ ਲਿਆ ਵਾਹਿਗੁਰੂ ਨੇ, ਆਹ ਗੁਫਾ ਦੇ ਅੰਦਰ।

***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥ ਅੰਗ – ੧੦੩੩***

ਇਹਦੇ 'ਚ ਐਨੀਆਂ ਚੀਜ਼ਾਂ ਨੇ ਜਿਹੜੀਆਂ ਦੱਸੀਆਂ ਹੀ ਨਹੀਂ ਜਾਂਦੀਆਂ। ਐਨੀਆਂ ਸ਼ਕਤੀਆਂ ਦਾ ਭੰਡਾਰਾ ਪਿਆ ਹੈ ਇਹਦੇ 'ਚ, ਜੇ explore ਕਰ ਲਓ, ਬੰਦਾ ਘਰੋਂ ਤੁਰੇਗਾ, ਇੱਥੇ ਪਤਾ ਲਗ ਜਾਏਗਾ ਕਿ ਬੱਸ ਚੜ੍ਹ ਰਿਹਾ ਹੈ, ਹੁਣ ਉਹਦਾ ਇਰਾਦਾ ਆਹ ਹੈ, ਆਹ ਗੱਲ ਉਹਨੇ ਆ ਕੇ ਕਰਨੀ ਹੈ, ਪਹਿਲਾਂ ਹੀ ਪਤਾ ਹੈ, ਕਿਉਂਕਿ ਉਹ ਚੀਜ਼ ਪੈਦਾ ਹੁੰਦੀ ਹੈ ਇਹਦੇ ਅੰਦਰ। ਨਾ ਮਿਹਨਤ ਕਰੇ ਫੇਰ ਨਹੀਂ, ਫੇਰ ਉਹ ਲੰਘ ਜਾਂਦੀ ਹੈ। ਵਾਹਿਗੁਰੂ

ਨੇ ਐਨਾ ਕੁਛ ਇਹਦੇ ਅੰਦਰ ਰੱਖਿਆ ਹੈ, ਕੋਈ ਹਿਸਾਬ ਹੀ ਨਹੀਂ -

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥***
***ਅੰਗ - ੬੯੫***

ਸਾਇੰਸ ਜਿੱਥੇ ਤਕ ਪਹੁੰਚਦੀ ਹੈ, ਉਹ ਸਾਰਾ ਸਾਡੇ ਅੰਦਰ ਹੈ, ਹਰੇਕ ਚੀਜ਼ ਅੰਦਰ ਹੈ। ਉਹ ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਤੇ ਆਈ, ਉਹ ਸਾਡੇ ਸਰੀਰ ਵਿੱਚ ਨੇ। ਉਸ ਤੋਂ ਬਾਅਦ ਉਹ ਐਨਰਜੀ 'ਚ ਆਈ, ਐਨਰਜੀ ਸਾਡੇ ਅੰਦਰ ਹੈ, ਨਾਮ ਦੀ ਐਨਰਜੀ। ਉਸ ਤੋਂ ਬਾਅਦ ਉਹ ਸ਼ਬਦ ਵਿੱਚ ਆਈ, ਸ਼ਬਦ ਸਾਡੇ ਅੰਦਰ ਹੈ। ਉਹ big-bang 'ਚ ਰੁਕ ਗਈ, ਅਸੀਂ ਅੱਗੇ ਤੁਰ ਪਏ। ਜੋ ਸਾਰਾ ਬ੍ਰਹਿਮੰਡ ਦੇ ਅੰਦਰ ਹੈ, ਜੋ ਅਸੂਲ ਬ੍ਰਹਿਮੰਡ ਦੇ ਅੰਦਰ ਹੈ, ਉਹ ਇਹਦੇ ਅੰਦਰ ਹੈ, ਸਰੀਰ ਦੇ ਅੰਦਰ। ਸਾਰਾ ਬ੍ਰਹਿਮੰਡ ਜਿੰਨਾ ਵੀ ਹੈ ਉਹੀ ਅਸੂਲ ਇਹਦੇ ਇਕੱਲੇ-ਇਕੱਲੇ ਰੋਮ ਦੇ ਵਿੱਚ ਹੈ, ਸੋ ਮਹਾਰਾਜ ਕਹਿੰਦੇ ਉਹ ਚੀਜ਼ ਹੈ -

***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩***

ਗੁਰੂ ਦਾ ਸ਼ਬਦ ਮਿਲ ਜਾਵੇ। ਗੁਰੂ ਦੀ ਮਦਦ ਹੋ ਜਾਵੇ, ਕਿਉਂਕਿ ਸ਼ਬਦ ਨੂੰ ਸ਼ਬਦ ਟੋਲ੍ਹ ਲਿਆ ਕਰਦਾ ਹੈ। ਬਾਹਰਲੇ ਸ਼ਬਦ ਨੇ ਅੰਦਰਲੇ ਸ਼ਬਦ ਨੂੰ ਫੜ ਲੈਣਾ ਹੈ ਜਾ ਕੇ। ਬਾਹਰਲਾ ਸ਼ਬਦ ਹੈ ਗੁਰੂ ਕੋਲ। ਉਹ ਸ਼ਬਦ ਦੇ ਕੇ ਬਜਰ ਕਪਾਟਾਂ ਦੀ ਚਾਬੀ ਮਿਲ ਜਾਂਦੀ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫***

ਜਿੰਨਾਂ ਚਿਰ ਪੂਰੇ ਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦਾ, ਓਨਾਂ ਚਿਰ ਉਹ ਚਾਬੀ ਨਹੀਂ ਮਿਲਦੀ, ਬਜਰ ਕਪਾਟ ਖੁਲ੍ਹਦੇ ਨਹੀਂ ਹਨ। ਫੇਰ ਕਹਿੰਦੇ -

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਅੰਗ - ੧੦੩੩***

ਜਦੋਂ ਇਸ ਗੁਫਾ 'ਚ ਦਾਖਲ ਹੁੰਦੀ ਹੈ ਸੁਰਤ, ਪਰ ਸੁਰਤ ਤਾਂ ਫਿਰਦੀ ਹੈ ਸਾਡੀ ਬਾਹਰ-ਬਾਹਰ। ਮਾਫ ਕਰਨਾ, ਬਾਣੀ ਪੜ੍ਹ ਲੈਣਾ, ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰ ਲੈਣੇ, ਬਹੁਤੇ ਇੱਥੇ ਹੀ ਰੁਕੇ ਪਏ ਨੇ ਅੱਗੇ ਚਲਦੇ ਹੀ ਨਹੀਂ। ਬਾਣੀ ਕਹਿੰਦੀ ਕੀ ਹੈ-

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥***
***ਕਲਿ ਕਲੇਸ ਤਨ ਮਾਹਿ ਮਿਟਾਵਉ ॥***
***ਅੰਗ - ੨੬੨***

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥***
***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥***
***ਅੰਗ - ੨੬੨***

ਬਾਣੀ ਇਹ ਕਹਿੰਦੀ ਹੈ ਕਿ ਤੂੰ ਉਹਨੂੰ ਯਾਦ ਵਿੱਚ ਵਸਾ, ਜੇ ਅਸੀਂ ਇਹੀ ਪੜ੍ਹੀ ਜਾਈਏ, ਫੇਰ ਸਿਆਣਿਆਂ ਤੋਂ ਪੁਛੋ ਕਿ ਕੀ ਗੱਲ ਪੂਰੀ ਹੋ ਗਈ ਕਿ ਨਹੀਂ। ਨੁਸਖਾ ਦੇ ਦਿੱਤਾ ਡਾਕਟਰ ਨੇ, ਨਾਲ ਵਿਧੀ ਦੇ ਦਿੱਤੀ ਕਿ ਇਸ ਤਰ੍ਹਾਂ ਖਾ ਲਈਂ। ਉਹ ਨੁਸਖਾ ਹੀ ਪੜ੍ਹੀ ਜਾਂਦਾ ਹੈ, ਜ਼ੁਬਾਨੀ ਯਾਦ ਕਰ ਲਿਆ ਤਾਂ ਬੀਮਾਰੀ ਦੂਰ ਹੋ ਜਾਏਗੀ ਕਿ ਰਹਿ ਜਾਏਗੀ? ਬਾਣੀ ਜਿਹੜੀ ਹੈ ਇਹ ਕਰਮ ਵਿੱਚ ਆਉਂਦੀ ਹੈ, ਕਰਮ ਤੋਂ ਅੱਗੇ ਉਪਾਸਨਾ ਹੈ, ਉਪਾਸਨਾ ਹੈ ਅੰਤਰ ਦੀ ਖੋਜ। ਅੰਦਰ ਦਾਖਲ ਹੋਣਾ ਹੈ ਸੁਰਤ ਨੇ। ਸੁਰਤ ਨੇ ਅੰਦਰ ਦਾਖਲ ਹੋ ਕੇ ਮੰਜ਼ਲ-ਦਰ-ਮੰਜ਼ਲ ਆਪਣੇ ਅੰਦਰ ਸਫਰ ਤਹਿ ਕਰਨਾ ਹੈ। ਉਸ ਤੋਂ ਬਾਅਦ ਵਿਵੇਕ ਮੰਡਲ ਦੇ ਵਿੱਚ ਪ੍ਰਵੇਸ਼ ਕਰਨਾ ਹੈ, ਵਿਵੇਕ ਮੰਡਲ 'ਚ ਗਿਆਨ ਨੇ ਉਦੈ ਹੋਣਾ ਹੈ, ਗਿਆਨ ਨੇ ਉਥੇ ਲੈ ਜਾਣਾ ਹੈ ਜਿੱਥੋਂ ਮੈਂ ਸ਼ੁਰੂ ਕਰਿਆ ਸੀ ਪਹਿਲਾਂ -

***ਆਪੀਨੈ ਆਪੁ ਸਾਜਿਓ***
***ਆਪੀਨੈ ਰਚਿਓ ਨਾਉ ॥ ਅੰਗ - ੪੬੩***

ਉਹ ਗਿਆਨ ਤੋਂ ਬਿਨਾਂ ਨਹੀਂ ਜਾਣਾ, ਉਹ ਗਿਆਨ ਨੇ ਦ੍ਰਿੜ੍ਹ ਹੋਣਾ ਹੈ ਇਹਨੂੰ ਆਤਮ ਚਿੰਤਨ ਕਹਿੰਦੇ ਨੇ। ਉਸ ਤੋਂ ਬਗੈਰ ਨਹੀਂ ਛੁਟਕਾਰਾ ਹੁੰਦਾ। ਉਸ ਤੋਂ ਬਾਅਦ ਜਦ ਦ੍ਰਿੜ੍ਹ ਹੋ ਗਿਆ, ਫੇਰ ਜੀਵਨ ਆਉਣਾ ਹੈ।

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥***
***ਅੰਗ - ੬੨***

ਮਹਾਰਾਜ ਕਹਿੰਦੇ ਇਹ ਚੀਜ਼ਾਂ ਤੇਰੇ ਅੰਦਰ ਨੇ -

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ ॥ ਅੰਗ - ੧੦੩੩***

ਜਿਹਦੇ ਵਿੱਚ ਵਾਹਿਗੁਰੂ ਵਸ ਗਿਆ ਜਿਹਦੇ 'ਚ ਵਾਹਿਗੁਰੂ ਪ੍ਰਗਟ ਹੋ ਕੇ ਦੇਖ ਸਕਦੇ ਹਾਂ, ਇਹ ਕੋਈ ਆਪੇ ਕਥੀ ਹੋਈ ਗੱਲ ਨਹੀਂ ਕਿ ਮਨੁੱਖ ਦੇ ਹੱਥ 'ਚ ਗੱਲ ਆ ਗਈ ਤੇ ਉਹਨੇ ਕਹਿ ਦਿੱਤਾ ਕਿ ਸਾਡਾ ਜਿਹੜਾ ਜਨਮ ਹੈ ਸਭ ਤੋਂ ਵੱਡਾ ਹੈ। ਜੇ ਭਲਾ ਕੁੱਤਿਆਂ ਨੂੰ ਵੀ ਸਮਝ ਆ ਜਾਂਦੀ, ਕੁੱਤੇ ਕਹਿ ਦਿੰਦੇ ਕਿ ਸਾਡਾ ਜਨਮ ਤੁਹਾਡੇ ਨਾਲੋਂ ਵੀ ਵਧੀਆ ਹੈ। ਉਨ੍ਹਾਂ 'ਚ ਗੁਣ ਤਾਂ ਹੈਗੇ ਸਾਡੇ ਨਾਲੋਂ ਕਈ ਵਿਸ਼ੇਸ਼, ਪਰ ਜਨਮ ਵਧੀਆ ਨਹੀਂ ਹੈ। ਕਿਉਂਕਿ ਸਾਡੇ ਸਰੀਰ ਦੇ ਅੰਦਰ ਵਾਸਾ ਹੈ ਪ੍ਰਮੇਸ਼ਰ ਦਾ, ਜਿੱਥੋਂ ਪ੍ਰਗਟ ਹੋ ਸਕਦਾ ਹੈ। ਸੋ ਮਹਾਰਾਜ ਕਹਿੰਦੇ ਇਹ ਵਡਿਆਈ ਤੈਨੂੰ ਦਿੱਤੀ ਹੈ -

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ ॥ ਅੰਗ - ੧੦੭੫***

ਇਹ ਜਿਹੜੀ ਦੇਹੀ ਹੈ, ਜਿੰਨੀ ਕਾਇਨਾਤ ਹੈ ਸਾਰੀ, ਜਿੰਨੀਆਂ ਸ੍ਰਿਸ਼ਟੀਆਂ ਨੇ, ਇੱਕ ਨਹੀਂ, ਕਰੋੜਾਂ ਸ੍ਰਿਸ਼ਟੀਆਂ, ਆਹ ਧਰਤੀ 'ਤੇ ਵਾਹਿਗੁਰੂ ਨੇ ਐਸੀ ਕ੍ਰਿਪਾ ਕਰਕੇ ਇੱਕ ਐਸੀ ਜੂਨ ਪੈਦਾ ਕਰ ਦਿੱਤੀ ਜਿਹਨੂੰ ਮਨੁੱਖ ਕਹਿੰਦੇ ਨੇ, ਮਾਨਸ ਕਹਿੰਦੇ ਨੇ; ਉਹ ਜਿਹੜੇ ਸੋਝੀ ਵਾਲੇ ਬੈਠੇ ਨੇ ਦੇਵਤੇ ਬੈਠੇ ਨੇ, ਸਵਰਗ ਲੋਕਾਂ ਦੇ ਅੰਦਰ, ਗੰਧਰਬ ਲੋਕ, ਦੇਵ ਗੰਧਰਬ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ; ਉਥੇ ਤੱਕ ਦੇ ਦੇਵਤੇ wish ਕਰਦੇ ਨੇ –

***ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,***
***ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।***

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥***
***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥***
***ਅਬ ਨ ਭਜਸਿ ਭਜਸਿ ਕਬ ਭਾਈ ॥***
***ਆਵੈ ਅੰਤੁ ਨ ਭਜਿਆ ਜਾਈ ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥***

***ਅੰਗ – ੧੧੫੯***

ਸੋ ਇਹ ਜਨਮ, ਐਨਾ ਕੀਮਤੀ ਜਨਮ ਜਿਹਦੇ 'ਚੋਂ ਅਸੀਂ ਵਾਹਿਗੁਰੂ ਨੂੰ ਦੇਖ ਸਕਦੇ ਹਾਂ, ਹੋਰ ਕੋਈ ਜਨਮ ਹੀ ਨਹੀਂ ਹੈ ਜਿਹਦੇ 'ਚ ਸਾਨੂੰ ਵਾਹਿਗੁਰੂ ਦਿਸ ਜਾਵੇ, ਨਹੀਂ ਲਿਖ ਦਿੰਦੇ ਮਹਾਰਾਜ। ਕਿ ਜਦ ਤੂੰ ਸ਼ੇਰ ਬਣੇਗਾ ਜਦ ਦਿੱਸੇਗਾ ਜਾਂ ਜਦ ਤੂੰ ਬਾਜ ਬਣੇਂਗਾ ਜਦ ਦਿੱਸੇਗਾ। ਉਹ ਕਹਿੰਦੇ ਕੇਵਲ ਮਨੁੱਖਾ ਦੇਹੀ ਹੈ ਜਿਹਦੇ 'ਚ ਤੂੰ ਆਪਣੇ ਘਰ 'ਚ ਜਾ ਸਕਦਾ ਹੈ। ਜੇ ਨਾ ਗਿਆ ਤਾਂ ਫੇਰ ਕਹਿੰਦੇ ਪਛਤਾਉਣਾ ਪੈ ਜਾਏਗਾ। ਉਹ ਸੁਖਾਲਾ ਨਹੀਂ ਰਹਿਣਾ ਜਿਹੜਾ ਚੁਕ ਗਿਆ ਇਸ ਪਉੜੀ ਤੋਂ। ਉਹ ਆਉਂਦਾ ਰਹੇਗਾ ਤੇ ਜਾਂਦਾ ਰਹੇਗਾ ਤੇ ਦੁੱਖ ਉਹਨੂੰ ਪ੍ਰਾਪਤ ਹੁੰਦੇ ਰਹਿਣਗੇ। ਸੋ ਮਨੁੱਖ ਨੂੰ ਪੂਰਾ ਅੰਤਸ਼ਕਰਣ ਮਿਲਿਆ ਹੋਇਆ ਹੈ, ਮੈਂ ਇਹ ਬੇਨਤੀ ਕਰਦਾ ਸੀ। ਪਸ਼ੂਆਂ ਨੂੰ ਨਹੀਂ ਮਿਲਿਆ। ਉਹ ਵਿਚਾਰ ਸ਼ਕਤੀ ਤੋਂ ਹੀਣੇ ਨੇ। ਜਿਹੜੀਆਂ ਉਨ੍ਹਾਂ 'ਚ ਹੋਰ ਆਦਤਾਂ ਨੇ ਉਹ ਵੀ ਖਾਂਦੇ ਨੇ ਅਸੀਂ ਵੀ ਖਾਂਦੇ ਹਾਂ, ਉਹ ਬੱਚੇ ਪੈਦਾ ਕਰਦੇ ਨੇ ਅਸੀਂ ਵੀ ਕਰਦੇ ਹਾਂ, ਉਹ ਵੀ ਆਰਾਮ ਚਾਹੁੰਦੇ ਨੇ, ਅਸੀਂ ਵੀ ਆਰਾਮ ਚਾਹੁੰਦੇ ਹਾਂ। ਉਹ ਵੀ ਇੱਕ ਦੂਜੇ ਦਾ ਖੋਹ ਲੈਂਦੇ ਨੇ, ਅਸੀਂ ਵੀ ਇੱਕ ਦੂਜੇ ਦਾ ਖੋਹ ਲੈਂਦੇ ਹਾਂ। ਫੇਰ ਮਹਾਰਾਜ ਕਹਿੰਦੇ ਜੇ ਵਿਚਾਰ ਤੋਂ ਹੀਣਾ ਹੈ ਨਾ ਤਾਂ ਤੇਰੇ ਅਰ ਪਸ਼ੂ ਦੇ ਵਿੱਚ ਕੋਈ ਵੀ ਫਰਕ ਨਹੀਂ ਹੈ ਤੂੰ ਬਿਲਕੁਲ ਪਸ਼ੂ ਹੈਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਆਵਨ ਆਏ ਸ੍ਰਿਸਟਿ ਮਹਿ,***
***ਬਿਨ ਬੂਝੈ ਪਸੁਢੋਰ।***

ਜੇ ਕਹਿੰਦੇ ਵਿਚਾਰ ਸ਼ਕਤੀ ਨਹੀਂ ਹੈ ਮਨੁੱਖ ਦੇ ਅੰਦਰ ਤਾਂ ਪਸ਼ੂ ਅਰ ਉਹਦੇ ਵਿੱਚ ਕੋਈ ਫਰਕ ਨਹੀਂ ਹੈ। ਕੋਈ ਮਕਾਨ ਬਣਾਉਣ ਜਾਣਦਾ ਹੈ ਉਹਦੀ ਵਿਚਾਰ ਸ਼ਕਤੀ ਵੱਡਾ ਇੰਜਨੀਅਰ ਦਾ ਕੰਮ ਕਰ ਦਿੰਦੀ ਹੈ। ਕੋਈ ਸਾਇੰਸ ਦਾ ਵਿਦਿਆਰਥੀ ਹੈ ਨਵੀਆਂ ਤੋਂ ਨਵੀਆਂ ਖੋਜਾਂ ਕੱਢ ਲੈਂਦਾ ਹੈ। ਪਰ ਵਿਚਾਰ ਸ਼ਕਤੀ ਫੇਰ ਵੀ ਨਹੀਂ, ਵਿਚਾਰ ਸ਼ਕਤੀ ਉਹ ਹੁੰਦੀ ਹੈ ਕਿ ਮੈਂ ਇਸ ਸੰਸਾਰ 'ਚ ਆਇਆ ਹਾਂ; ਗੁਰੂ, ਪੀਰ, ਮਹਾਂਪੁਰਸ਼ ਸਾਰੇ ਕਹਿੰਦੇ ਨੇ ਕਿ ਤੂੰ ਪਹਿਲਾਂ ਤੋਂ ਮਨੁੱਖ ਨਹੀਂ ਸੀ –

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ ॥*** ***ਅੰਗ – ੬੩੧***

ਤੇਰੀ ਵਾਰੀ ਆਈ ਹੋਈ ਹੈ, ਹੁਣ ਜਿਹੜੀ ਤੇਰੀ ਵਾਰੀ ਆਈ ਹੋਈ ਹੈ ਉਹਨੂੰ avail ਨਹੀਂ ਕਰ ਰਿਹਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ ਮਹਾਰਾਜ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥***

***ਅੰਗ – ੧੨***

ਕਹਿੰਦੇ ਪਿਆਰਿਆ! ਵਾਰੀ ਆ ਗਈ, ਘੁੰਮਦੇ-ਘੁੰਮਦੇ ਦੀ। ਕਹਿੰਦਾ ਹੈ ਕਿ ਮਹਾਰਾਜ ਮੈਂ ਪਹਿਲਾਂ ਕਿੱਥੇ ਸੀ, ਕਹਿੰਦੇ –

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥***

***ਅੰਗ – ੧੭੬***

ਐਵੇਂ ਨਾ ਸਮਝ ਕਿ ਮੈਂ ਮਨੁੱਖ ਹਾਂ ਇਸ ਤੋਂ ਪਹਿਲਾਂ ਮੈਂ ਹੈ ਹੀ ਨਹੀਂ ਸੀਗਾ। ਇਸ ਤੋਂ ਪਹਿਲਾਂ ਵੀ ਸੀਗਾ, ਜਦ ਸਰੀਰ ਨਹੀਂ ਹੋਏਗਾ ਫੇਰ ਤੂੰ ਹੋਏਂਗਾ। ਸਰੀਰ ਦੇ ਵਿੱਚ-ਵਿੱਚ ਜਿਹੜਾ ਤੁਹਾਨੂੰ ਸਮਾਂ ਥੋੜ੍ਹਾ ਜਿਹਾ ਮਿਲਿਆ ਹੈ ਇਹਦੇ ਵਿੱਚ ਯਤਨ ਤਾਂ ਕਰ, ਉਹ ਇਹ ਹੈ ਕਿ ਤੂੰ 'ਨਾਮ' ਦੇ ਬਾਰੇ ਸਮਝ। ਨਾਮ ਦਾ ਭਜਨ ਕਰ, ਨਾਮ ਨੂੰ ਹਿਰਦੇ 'ਚ ਵਸਾ, ਨਾਮ ਨੂੰ ਧਿਆਨ ਵਿੱਚ ਲਿਆ, ਨਾਮ ਦੇ ਵਿੱਚ ਵਸ, ਨਾਮ ਦੇ ਵਿੱਚ ਪ੍ਰਵੇਸ਼ ਕਰ। ਕਹਿੰਦੇ ਜਪ ਲੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਭਜ ਲੈ ਹਰਿ ਨਾਮ ਨੂੰ***
***ਸੰਤਾਂ ਨੂੰ ਮਿਲ ਕੇ ਪਿਆਰੇ।***

ਗੁਰੂ ਨਾਨਕ ਬੋਲ ਰਹੇ ਕਿ ਪਿਆਰਿਓ! ਜਿਨ੍ਹਾਂ ਕੰਮਾਂ 'ਚ ਤੁਸੀਂ ਲੱਗੇ ਹੋਏ ਓਂ, ਉਹ ਕੌਡੀ ਦੇ ਮੁੱਲ ਦੇ ਵੀ ਨਹੀਂ ਹੈਗੇ। ਐਵੇਂ ਨਾ ਸਮਾਂ ਨਸ਼ਟ ਕਰੋ। ਆਪਣੀਆਂ ਮਨ-ਮਾਨੀਆਂ ਗੱਲਾਂ ਸਾਮ੍ਹਣੇ ਲਿਆ ਕੇ ਨਾ ਸਮਾਂ ਬਰਬਾਦ ਕਰੋ, ਤੁਸੀਂ ਤਾਂ ਆਏ ਹੀ ਨਾਮ ਜਪਣ ਵਾਸਤੇ ਸੀ, ਸਮਾਂ ਲੰਘ ਜਾਣਾ ਹੈ ਦੇਹ ਮੁੜ ਕੇ ਨਹੀਂ ਮਿਲਣੀ। ਕੀ ਕਰੋਂਗੇ, ਫੇਰ ਪਛਤਾਉਣਾ ਪੈਂਦਾ ਹੈ ਤੇ ਫੇਰ ਜਿਹੜੇ ਕੰਮ ਨੂੰ ਆਇਆ ਸੀ ਉਹ ਕੰਮ ਤੂੰ ਕਰਿਆ ਨਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ***
***ਅਬ ਕਿਉ ਰੋਵਤ ਅੰਧ ॥ ਅੰਗ - ੧੪੨੮***

ਫੇਰ ਦਰਗਾਹ 'ਚ ਖੜ੍ਹਾ ਚੀਕਾਂ ਮਾਰੇਂਗਾ। ਉਥੇ ਤਾਂ ਸਹਾਇਤਾ ਨਹੀਂ ਕਿਸੇ ਨੇ ਕਰਨੀ। ਪਛਤਾਉਣਾ ਹੀ ਪਛਤਾਉਣਾ ਪੱਲੇ ਰਹਿ ਜਾਏਗਾ।

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***
***ਆਪੀਨੈ ਭੋਗ ਭੋਗਿ ਕੈ***
***ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥ ਅੰਗ- ੪੬੪***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ***
***ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥***
***ਅੰਗ - ੭੨੬***

ਪਛਤਾਉਣਾ ਪੱਲੇ ਪੈ ਜਾਏਗਾ ਮਹਾਰਾਜ ਕਹਿੰਦੇ। ਜੇ ਤੇਰੇ ਗੱਲ ਸਮਝ ਆ ਗਈ ਤਾਂ ਤੂੰ ਹੁਣ ਤੋਂ ਹੀ ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ। ਕੋਸ਼ਿਸ਼ ਕਰ, ਉਨ੍ਹਾਂ ਪੁਰਸ਼ਾਂ ਨੂੰ ਮਿਲ ਜਿਨ੍ਹਾਂ ਦੇ ਹਿਰਦੇ ਵਿੱਚ ਨਿਰੰਕਾਰ ਦਾ ਵਾਸਾ ਹੈ।

***ਜਿਸ ਕੈ ਅੰਤਰਿ ਬਸੈ ਨਿਰੰਕਾਰ ॥***
***ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯***

ਇੱਕ ਦੋ ਨਹੀਂ ਉਹਦੀ ਸਿੱਖਿਆ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ, ਕਿਉਂਕਿ ਉਥੋਂ ਬੋਲਦਾ ਹੈ ਦੇਖ ਕੇ, ਕਿਤਾਬਾਂ ਵਗੈਰਾ 'ਚੋਂ ਨਹੀਂ ਬੋਲਦਾ। ਅਨੁਭਵ 'ਚੋਂ ਗੱਲ ਕਰ ਰਿਹਾ ਹੈ। ਉਹਦੀ ਸੰਗਤ ਕਰ। ਬੜਾ ਸਵਾਲ ਹੋਇਆ ਕਿ ਮਹਾਰਾਜ! ਅਸੀਂ ਸੁਣਦੇ ਹਾਂ, ਸਾਡਾ ਚਿੱਤ ਕਰਦਾ ਹੈ ਨਾਮ ਜਪੀਏ, ਫੈਸਲਾ ਕਰਦੇ ਹਾਂ। ਜਦ ਤੁਹਾਡਾ ਬਚਨ ਸੁਣਦੇ ਹਾਂ ਕਿ ਫੇਰ ਕਹਿੰਦੇ ਹਾਂ ਕਿ ਹੁਣ ਨਹੀਂ ਨਾਮ ਜਪਣ ਤੋਂ ਹਟਣਾ, ਹੁਣ ਦਿਨ ਰਾਤ ਇੱਕ ਕਰ ਦੇਣਾ ਹੈ। ਪਰ ਹੋ ਕੀ ਜਾਂਦਾ ਹੈ ਸੱਚੇ ਪਾਤਸ਼ਾਹ? ਫੇਰ ਤੁਸੀਂ ਇਹ ਵੀ ਫੁਰਮਾਉਂਦੇ ਓਂ ਕਿ ਮਾਤਾ ਦੇ ਉਦਰ ਵਿੱਚ ਜਦੋਂ ਇਸ ਦਾ ਨਿਵਾਸ ਸੀ, ਉਸ ਵੇਲੇ ਪੁੱਠਾ ਲਟਕ ਕੇ ਨਿਵਾਸ ਕਰਦਾ ਸੀ।

***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਅੰਗ - ੨੫੧***

ਇਹਨੂੰ ਤਾਂ ਕੋਈ ਝੁਠਲਾ ਨਹੀਂ ਸਕਦਾ। ਇਹ ਮਹਾਰਾਜ ਜਾਣਦੇ ਨੇ ਕਿ ਕਿਸ ਤਰ੍ਹਾਂ ਦੇ ਨਾਲ ਇਹ ਉਸ ਵੇਲੇ ਪ੍ਰਮੇਸ਼ਰ ਦੀ ਯਾਦ ਵਿੱਚ ਸੀਗਾ। ਜਿਹੜੇ ਸਾਇੰਟੇਫਿਕ ਯੋਗੀ ਨੇ ਉਹ ਜਾਣਦੇ ਨੇ ਇਹਦੀ ਸੁਰਤੀ ਜਿਹੜੀ ਸੀ ਉਹ ਸੁਖਮਨਾ ਨਾੜੀ 'ਚ ਪ੍ਰਵੇਸ਼ ਕੀਤੀ ਹੋਈ ਸੀ। ਸੁਖਮਨਾ ਨਾੜੀ ਸਾਡੇ ਹੁਣ ਵੀ ਹੈਗੀ, ਈੜਾ, ਪਿੰਗਲਾ, ਸੁਖਮਨਾ। ਇੱਕ ਪਾਸੇ ਈੜਾ ਹੈ ਇੱਕ ਪਾਸੇ ਪਿੰਗਲਾ ਹੈ, ਵਿਚਾਲੇ ਸੁਖਮਨਾ ਨਾੜੀ ਹੈ। ਸੁਖਮਨਾ ਨਾੜੀ ਦਾ ਜਿਹੜਾ ਮੂੰਹ ਹੈ ਉਹ ਦਸਵੇਂ ਦੁਆਰ 'ਚ ਜਾ ਕੇ ਖੁਲ੍ਹਦਾ ਹੈ। ਇਹ ਦਸਵੇਂ ਦੁਆਰ ਦੇ ਵਿੱਚ ਸੁੰਨ ਸਮਾਧ ਦੇ ਵਿੱਚ ਸੀਗਾ, ਪਰਮ ਅਨੰਦ ਦੇ ਵਿੱਚ, ਪ੍ਰਮੇਸ਼ਰ ਦਾ ਇਹਨੂੰ ਗਿਆਨ ਸੀ, ਉਹ ਨਾਮ ਜਪਦਾ ਸੀ, ਅਸੀਂ ਤਾਂ ਇਹ ਕਹਿਣਾ ਹੈ। ਦੂਜੇ ਨੇ ਕਹਿਣਾ ਹੈ ਕਿ ਉਹਦੇ ਜੀਭ ਲੱਗੀ ਹੋਈ ਸੀ ਕਿ ਨਾਮ ਜਪਦਾ ਸੀ? ਜਿਹਨੂੰ 'ਨਾਮ' ਕਹਿੰਦੇ ਨੇ ਉਹਦੇ ਵਿੱਚ ਸੁਰਤ ਲੱਗੀ ਹੋਈ ਸੀ, ਨਾਮ ਹੁੰਦੀ ਹੈ ਧੁਨ। ਹੁਣ ਵੀ ਧੁਨ ਹੈ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯***

ਉਹ ਸ਼ਬਦ ਜਿਹਨੇ ਸਾਰੇ ਸੰਸਾਰ ਨੂੰ ਧਾਰਨ ਕਰਿਆ ਹੋਇਆ ਹੈ, ਦਸਵੇਂ ਦੁਆਰ ਵਿੱਚ ਉਹ ਪ੍ਰਗਟ, ਉਥੇ ਉਹਦੀ ਸੁਰਤ ਅਫੁਰ ਅਵਸਥਾ 'ਚ ਹੋ ਕੇ, ਸੁਰਤ ਲੱਗੀ ਹੋਈ ਸੀ ਉਸ ਧੁਨ ਦੇ ਨਾਲ। ਇਹਦੀ ਸੁਰਤ ਲਗਣ ਕਰਕੇ ਇਹ ਪ੍ਰਮੇਸ਼ਰ ਦੇ ਵਿੱਚ ਰਹਿੰਦਾ ਸੀ। ਪਰ ਜਿਸ ਵਕਤ ਸੰਸਾਰ ਤੋਂ ਬਾਹਰ ਆਇਆ, ਜਿਹੜੀਆਂ ਚੀਜ਼ਾਂ ਛੱਡਣੀਆਂ ਸੀ ਉਨ੍ਹਾਂ ਸਾਰੀਆਂ ਦੇ ਵਿੱਚ ਇਹ ਉਲਝ ਗਿਆ। ਕਹਿੰਦੇ, ਐਸਾ ਜਾਲ ਪੈ ਗਿਆ ਇਹਦੇ ਉੱਤੇ ਕਿ ਇਹਨੂੰ ਕਿੰਨਾ ਹੀ ਸਮਝਾ ਲਓ -

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ***
***ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮***

ਮਜ਼ਾਲ ਹੈ ਇਹਦਾ ਚਿੱਤ ਫਿਰ ਜਾਵੇ। ਮਹਾਰਾਜ ਸੱਚੇ ਪਾਤਸ਼ਾਹ! ਤੁਹਾਡੇ ਤਾਂ ਬਚਨ ਸੁਣ ਕੇ ਸਾਡੇ ਅੰਦਰ ਇਰਾਦਾ ਬਣਦਾ ਹੈ ਕਿ ਅਸੀਂ ਹੁਣ ਨਾਮ ਜਪੀਏ, ਹੁਣ ਤਾਂ ਸ੍ਵਾਸ-ਸ੍ਵਾਸ ਨਾਮ ਹੀ ਜਪਾਂਗੇ, ਕਿਉਂਕਿ ਤੁਸੀਂ ਕਹਿ ਦਿੱਤਾ -

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ - ੧੨***

ਤੂੰ ਸਾਧੂਆਂ ਦੀ ਸੰਗਤ ਕਰ। ਉਹਦੇ ਵਿੱਚ ਕੇਵਲ ਨਾਮ ਦੀ ਬਾਤ ਸੁਣ, ਨਾਮ ਦਾ ਜਾਪ ਕਰ, ਨਾਮ ਦੇ ਵਿੱਚ ਨਿਵਾਸ ਕਰ, ਉਨ੍ਹਾਂ ਦੇ ਬਚਨਾਂ ਤੋਂ ਤੈਨੂੰ ਸੋਝੀ ਪੈ ਜਾਏਗੀ ਤੇ ਮਹਾਰਾਜ ਕਹਿੰਦੇ ਤੈਨੂੰ ਯਾਦ ਵੀ ਕਰਾਉਂਦੇ ਹਾਂ ਪਿਆਰਿਆ! ਉਥੇ ਤਾਂ ਤੈਨੂੰ ਯਾਦ ਸੀ। ਲੇਕਿਨ ਹੁਣ ਵੀ ਤੈਨੂੰ ਯਾਦ ਸਾਧੂ ਕਰਾਉਂਦੇ ਨੇ, ਬਾਰ-ਬਾਰ ਅਵਾਜ਼ਾਂ ਦੇ ਕੇ। ਨਾਲ ਇਹ ਵੀ ਦਸਦੇ ਨੇ ਕਿ ਤੇਰੇ ਮਨ ਨੂੰ ਹਉਮੈ ਰੂਪੀ ਸੈਤਾਨ ਨੇ ਕਾਬੂ ਕਰ ਲਿਆ, ਅਵਿਦਿਆ ਨੇ, ਮਾਇਆ ਨੇ, ਕਾਬੂ ਕਰ ਲਿਆ। ਉਹਦਾ ਇੱਕ ਤਰ੍ਹਾਂ ਦੇ ਨਾਲ ਜਾਲ ਪੈ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬੰਦਾ ਤਾਂ ਨਾਮ ਦੇ ਜਪਣ ਨੂੰ ਆਇਆ,***
***ਮਾਇਆ ਵਾਲਾ ਜਾਲ ਪੈ ਗਿਆ।***
***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***

***ਅੰਗ - ੨੫੨***

ਪੈਦਾ ਹੁੰਦੇ ਸਾਰ ਕਹਿੰਦੇ ਮੋਹ ਲਿਆ ਮਾਇਆ ਨੇ। ਮਾਇਆ ਕਹਿੰਦੇ ਕੀਹਨੂੰ ਨੇ, ਜਿਹੜੀ ਅਸਲ ਨੂੰ ਨਕਲ ਬਣਾ ਦੇਵੇ, ਨਕਲ ਨੂੰ ਅਸਲ ਬਣਾ ਦੇਵੇ। ਚਲਦੀ ਚੀਜ਼ ਨੂੰ ਗੱਡੀ ਕਹੇ, ਗੱਡੀ ਨੂੰ ਚੱਕੀ ਕਹੇ। ਪਤਾ ਨਾ ਲਗਣ ਦੇਣਾ।

ਇੱਕ ਵਾਰੀ ਇੱਕ ਰਾਜਾ ਆਪਣੀ ਕਚਹਿਰੀ 'ਚ ਬੈਠਾ ਰਾਜ ਦਾ ਕਾਰੋਬਾਰ ਕਰ ਰਿਹਾ ਸੀ। ਬਾਹਰ ਦਰਬਾਨ ਬੈਠੇ ਨੇ, ਫਰਿਆਦੀ ਆਉਂਦੇ ਨੇ, ਫਰਿਆਦ ਅੰਦਰ ਆ ਜਾਂਦੀ ਹੈ। ਰਾਜਾ ਉਹਨੂੰ ਅੰਦਰ ਬੁਲਾ ਲੈਂਦਾ ਹੈ, ਮਹਿਕਮਿਆਂ ਦੇ ਸਾਰੇ ਅਫਸਰ ਰਾਜੇ ਦੇ ਆਲੇ ਦੁਆਲੇ ਸੀਟਾਂ ਲਈ ਬੈਠੇ ਨੇ। ਇਨਸਾਫ ਕਰਨ ਵਾਲਾ ਰਾਜਾ ਹੈ ਤੇ ਉਸੇ ਵੇਲੇ ਕਹਿੰਦਾ ਹੈ ਕਿ ਭਾਈ ਆਹ ਅਰਜ਼ੀ ਦਿੱਤੀ ਹੈ, ਦੱਸੋ ਕਿਹੜਾ ਮਹਿਕਮਾ ਹੈ, ਦੱਸੋ ਇਹਦਾ ਕੀ ਕਰਿਆ ਹੈ। ਉਸੇ ਵੇਲੇ ਫੈਸਲੇ ਕਰ ਰਿਹਾ ਹੈ। ਕਰਦੇ-ਕਰਦੇ ਐਨੇ ਨੂੰ ਇੱਕ ਜਾਦੂਗਰ ਆ ਗਿਆ, ਉਹਨੇ ਦਰਬਾਨਾਂ ਨੂੰ ਕਿਹਾ ਮਹਾਰਾਜ ਨੂੰ ਤੁਸੀਂ ਮੇਰੀ ਇੱਕ ਬੇਨਤੀ ਕਰ ਦਿਓ ਕਿ ਮੈਂ ਵਧੀਆਂ ਤੋਂ ਵਧੀਆਂ ਤਮਾਸ਼ੇ ਜਾਣਦਾ ਹੈ। ਮੇਰਾ ਖੇਲ੍ਹ ਕੋਈ ਦੇਖਣ, ਅਣਹੋਈਆਂ ਚੀਜ਼ਾਂ ਨੂੰ ਹੋਈਆਂ ਕਰ ਦਿੰਦਾ ਹਾਂ, ਹੁੰਦੀਆਂ ਨੂੰ ਮੈਂ ਅਣਹੋਂਦੀਆਂ ਕਰ ਦਿੰਦਾ ਹਾਂ। ਇਹ ਮੇਰੇ ਖੇਲ੍ਹ ਵਿੱਚ ਸਿਫਤ ਹੈ ਤੇ ਬਾਦਸ਼ਾਹ ਨੂੰ ਕਹਿ ਦਿਓ। ਦਰਬਾਨਾਂ ਨੇ ਕਿਹਾ ਕਿ ਮਹਾਰਾਜ! ਇੱਕ ਐਸਾ ਜਾਦੂਗਰ ਆਇਆ ਹੈ ਉਹ ਕਹਿੰਦਾ ਹੈ ਕਿ ਮੇਰੇ ਖੇਲ੍ਹ ਦੇ ਵਿੱਚ ਇਹ ਤਾਸੀਰ ਹੈ ਕਿ ਮੈਂ ਹੋਈਆਂ ਚੀਜ਼ਾਂ ਨੂੰ ਅਣਹੋਈਆਂ ਕਰਕੇ ਦਿਖਾ ਦਿੰਦਾ ਹਾਂ, ਅਣਹੋਈਆਂ ਨੂੰ ਹੋਈਆਂ ਕਰਕੇ ਦਿਖਾ ਦਿੰਦਾ ਹਾਂ ਜੇ ਸਰਕਾਰ ਆਗਿਆ ਦੇਣ, ਸਮਾਂ ਦੇਣ ਤੇ ਸਮੇਂ ਦੇ ਮੁਤਾਬਿਕ ਮੈਂ ਖੇਲ੍ਹ ਦਿਖਾਵਾਂ। ਉਸ ਵੇਲੇ ਬਾਦਸ਼ਾਹ ਨੇ ਅੰਦਰ ਬੁਲਾ ਲਿਆ, ਕਹਿਣ ਲੱਗੇ ਜਾਦੂਗਰ! ਖੇਲ੍ਹ ਦੇਖਦਿਆਂ ਦੀ ਤਾਂ ਸਾਡੀ ਉਮਰਾ ਬਤੀਤ ਹੋ ਗਈ। ਕੋਈ ਹੈ ਤੇਰੇ ਕੋਲ ਖਾਸ ਖੇਲ੍ਹ। ਕਹਿੰਦਾ ਹਾਂ ਹਜ਼ੂਰ। ਕਹਿੰਦਾ, ਦੇਖ ਬਈ ਮੇਰਾ ਜੀਅ ਕਰਦਾ ਹੈ ਅੰਦਰੋਂ ਕਿ ਦੇਵਤਿਆਂ ਦੇ ਦਰਸ਼ਨ ਕਰਾਂ। ਕਰਾ ਸਕਦਾ ਹੈਂ? ਕਹਿੰਦਾ ਹਾਂ ਮਹਾਰਾਜ। ਕਹਿੰਦਾ, ਦੂਜੀ ਗੱਲ ਇਹ ਹੈ ਕਿ ਖੇਲ੍ਹ ਐਵੇਂ ਸਮਾਂ ਬਰਬਾਦ ਕਰਨ ਵਾਲਾ ਨਾ ਹੋਵੇ, ਉਹਦੇ ਵਿੱਚ ਕੋਈ ਮਤਲਬ ਵੀ ਹੋਵੇ। ਕੋਈ ਸਿੱਖਿਆ ਵੀ ਹੋਵੇ। ਕਹਿੰਦਾ ਠੀਕ ਹੈ ਮਹਾਰਾਜ! ਮੈਂ ਦੋਵੇਂ ਤਰ੍ਹਾਂ ਦਾ ਕਰਤੱਬ ਕਰਨ ਦੀ ਕੋਸ਼ਿਸ਼ ਕਰਾਂਗਾ। ਸਿੱਖਿਆ ਵੀ ਹੋਵੇਗੀ ਤੇ ਤੁਹਾਨੂੰ ਦੇਵ ਦਰਸ਼ਨ ਵੀ ਹੋ ਜਾਣਗੇ। ਉਸ ਵੇਲੇ ਰਾਜੇ ਨੇ ਸਾਰੀ ਸਭਾ ਨੂੰ ਬਰਖਾਸਤ ਕਰ ਦਿੱਤਾ। ਖੁਲ੍ਹੇ ਮੈਦਾਨ ਦੇ ਵਿੱਚ ਲੋਕਾਂ ਨੂੰ ਵੀ ਖਬਰ ਕਰ ਦਿੱਤੀ, ਸਾਰਾ ਸ਼ਹਿਰ ਵੀ ਆਗਿਆ ਤੇ ਇਹ ਜਾਦੂਗਰ ਵੀ ਚਲਿਆਂ ਗਿਆ ਤਾਂ ਉਸ ਵੇਲੇ ਰਾਜਾ ਬੈਠਾ ਹੈ ਉੱਚੇ ਥਾਂ ਦੇ ਉੱਤੇ, ਗੱਦੀ ਲੱਗੀ ਹੋਈ ਹੈ ਤੇ ਆਲੇ-ਦੁਆਲੇ ਸੇਵਾਦਾਰ ਖੜ੍ਹੇ ਨੇ। ਉਸ ਵੇਲੇ ਜਾਦੂਗਰ ਕਹਿਣ ਲੱਗਿਆ ਕਿ ਤੁਸੀਂ ਕਿਹਾ ਹੈ ਕਿ ਮੈਂ ਖੇਲ੍ਹ ਵਿੱਚ ਦੇਵਤਿਆਂ ਦੇ ਦਰਸ਼ਨ ਕਰਾਵਾਂ। ਦੇਵਤੇ ਹੁਣ ਐਸ ਤਰ੍ਹਾਂ ਧਰਤੀ 'ਤੇ ਤਾਂ ਆਉਂਦੇ ਨਹੀਂ। ਫੇਰ ਮੈਂ ਯੁੱਧ ਕਰਕੇ ਫੜਕੇ ਲਿਆ ਸਕਦਾ ਹਾਂ, ਦਰਸ਼ਨ ਤੁਹਾਨੂੰ ਕਰਾ ਦੇਵਾਂਗਾ। ਪਰ ਮੇਰੇ ਨਾਲ ਮੇਰੀ ਇਸਤਰੀ ਹੈ, ਇਹ ਇਕੱਲੀ ਰਹਿ ਨਹੀਂ ਸਕਦੀ, ਆਹ ਮੈਨੂੰ ਮਜ਼ਬੂਰੀ ਹੈ। ਕਹਿਣ ਲੱਗੇ, ਜਾਦੂਗਰ! ਜਿੱਥੇ ਮੇਰੀ ਲੜਕੀ ਰਹਿੰਦੀ ਹੈ, ਮੈਂ ਉਹਦੇ ਕੋਲ ਇਹਦਾ ਵਾਸਾ ਕਰਾਵਾਂਗਾ। ਤੂੰ ਫਿਕਰ ਨਾ ਕਰ। ਜਿਹੋ ਜਿਹੀ ਮੇਰੀ ਲੜਕੀ, ਐਸੀ ਹੀ ਤੇਰੀ ਪਤਨੀ ਮੇਰੀ ਲੜਕੀ ਵਾਂਗੂੰ ਹੈ। ਤੂੰ ਨਿਸੰਗ ਹੋ ਕੇ ਖੇਲ੍ਹ ਦਿਖਾ।

ਉਹ ਕਹਿਣ ਲੱਗਿਆਂ ਮਹਾਰਾਜ! ਹੁਣ ਮੈਂ ਦੇਵ ਲੋਕ ਨੂੰ ਚੱਲਿਆ ਹਾਂ। ਦੇਵਤੇ ਜੇ ਮੇਰੀ ਗੱਲ ਨਾ ਮੰਨੇ ਤਾਂ ਮੈਂ ਯੁੱਧ ਕਰਕੇ ਉਨ੍ਹਾਂ ਨੂੰ ਸੁਟਾਂਗਾ ਥੱਲੇ। ਕਹਿਣ ਲੱਗੇ, ਯੁੱਧ ਜਾਣਦਾ ਹੈਂ ਤੂੰ? ਕਹਿੰਦਾ, ਹਾਂ ਮਹਾਰਾਜ। ਸਾਰੇ ਹੈਰਾਨ ਹੋ ਗਏ ਕਿ ਐਹੋ ਜਿਹਾ ਜਾਦੂਗਰ ਜਿਹੜਾ ਦੇਵਤਿਆ ਨਾਲ ਜਾ ਕੇ ਯੁੱਧ ਕਰੇਗਾ। ਉਸ ਵੇਲੇ ਖੜ੍ਹਾ-ਖੜ੍ਹਾ ਗਾਇਬ ਹੋ ਗਿਆ, ਉਤੋਂ ਆਵਾਜ਼ ਆਈ ਕਿ ਮਹਾਰਾਜ! ਮੈਂ ਦੇਵ ਲੋਕ 'ਚ ਪਹੁੰਚ ਗਿਆ ਤੇ ਮੈਂ ਹੁਣ ਸਾਰਿਆਂ ਤੋਂ ਪਹਿਲਾਂ ਵਰੁਣ ਦੇਵਤੇ ਨੂੰ ਕਿਹਾ ਸੀ ਕਿ ਦਰਸ਼ਨ ਦੇ। ਦਰਸ਼ਨ ਦਿੰਦਾ ਨਹੀਂ ਤੇ ਮੈਂ ਯੁੱਧ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸ ਵੇਲੇ ਬੜੀ ਮਾਰ-ਧਾੜ ਦੀ ਆਵਾਜ਼ ਆਈ, ਸਸ਼ਤਰ ਖੜ੍ਹਕਦੇ ਨੇ। ਧਮਾਕੇ ਹੁੰਦੇ ਨੇ। ਸਾਰੇ ਲੋਕ ਸੁਣਦੇ ਨੇ ਕਿ ਹਾਂ ਯੁੱਧ ਹੋ ਰਿਹਾ ਹੈ, ਬੜਾ ਜ਼ਬਰਦਸਤ। ਉਸ ਤੋਂ ਬਾਅਦ ਇੱਕ ਬਾਂਹ ਥੱਲੇ ਆ ਰਹੀ ਹੈ ਅਸਮਾਨ 'ਚੋਂ। ਕਹਿਣ ਲੱਗੇ ਕਿ ਬਾਂਹ ਕੀਹਦੀ ਹੋਈ, ਬਾਂਹ ਦੇ ਵਿੱਚ ਬੜੇ ਗਹਿਣੇ ਪਹਿਨੇ ਹੋਏ ਨੇ, ਅਜੀਬ ਬਾਂਹ ਹੈ, ਵਸਤਰ ਵੀ ਵਧੀਆ ਨੇ, ਇਹ ਜਾਦੂਗਰ ਦੀ ਬਾਂਹ ਤਾਂ ਹੈ ਨਹੀਂ। ਉਸ ਵੇਲੇ ਦੂਜੀ ਬਾਂਹ ਤੇ ਲੱਤ ਆ ਗਈ ਕਟੀ ਹੋਈ। ਦੂਸਰੀ ਲੱਤ ਕਟੀ ਹੋਈ ਆ ਗਈ। ਕੀ ਦੇਖਦੇ ਨੇ ਕਿ ਧੜ ਵੀ ਆ ਰਿਹਾ ਹੈ ਸਿਰ ਵੀ ਆ ਰਿਹਾ ਹੈ। ਉਹ ਧਰਤੀ 'ਤੇ ਗਿਰ ਗਏ ਸਾਰੇ, ਜਦੋਂ ਸਿਰ ਗਿਰਿਆ ਤਾਂ ਉਹਦੇ 'ਚੋਂ ਐਨਾ ਪਾਣੀ ਨਿਕਲਿਆ ਮੂੰਹ ਵਿਚੋਂ, ਪਾਣੀ ਓ ਪਾਣੀ ਕਰ ਦਿੱਤਾ ਸਾਰੇ। ਕਹਿਣ ਲੱਗਾ ਮਹਾਰਾਜ! ਇਹ ਵਰੁਣ ਦੇਵਤਾ ਹੈ। ਦਰਸ਼ਨ ਕਰੋ। ਮੁਕਟ ਲੱਗਿਆ ਹੋਇਆ ਹੈ। ਬਹੁਤ ਵਧੀਆ ਸੁੰਦਰ ਚਿਹਰਾ ਹੈ, ਕਹਿੰਦੇ ਲੈ ਬਈ ਜੀਉਂਦਿਆਂ ਦੇ ਤਾਂ ਦਰਸ਼ਨ ਹੋਏ ਨਾ ਪਰ ਚਲੋ ਕੋਈ ਨਹੀਂ ਦਰਸ਼ਨ ਤਾਂ ਕਰ ਹੀ ਲਏ ਦੇਵਤਿਆਂ ਦੇ। ਨਾਲ ਦੀ ਨਾਲ ਜਿਹੜੇ ਜਰਨੈਲ ਸੀ ਕਹਿਣ ਲੱਗੇ ਮਹਾਰਾਜ! ਨੋਟ ਕਰਨ ਵਾਲੀ ਗੱਲ ਹੈ ਕਿ ਕਿੱਡਾ ਬਹਾਦਰ ਹੈ ਇਹ। ਦੇਵਤਿਆ ਨਾਲ ਕੌਣ ਮਨੁੱਖ ਹੈ ਜਿਹੜਾ ਯੁੱਧ ਕਰ ਲਵੇ। ਉਨ੍ਹਾਂ ਦੀ ਸ਼ਕਤੀ ਤਾਂ ਅਮਿੱਤ ਹੁੰਦੀ ਹੈ। ਦੂਸਰੀ ਵਾਰੀ ਉਹਨੇ ਆਵਾਜ਼ ਦਿੱਤੀ ਕਿ ਮਹਾਰਾਜ! ਮੈਂ ਹੁਣ ਅਗਨ ਦੇਵਤੇ ਨਾਲ ਯੁੱਧ ਕਰਨ ਲੱਗਿਆ ਹਾਂ, ਇਵੇਂ

ਜਿਵੇਂ ਹੌਲੀ-ਹੌਲੀ ਅਗਨ ਦੇਵਤੇ ਨੂੰ ਸੁੱਟ ਦਿੱਤਾ। ਅੱਗ ਹੀ ਅੱਗ ਹੋ ਗਈ ਜਦੋਂ ਉਹਦਾ ਸਿਰ ਗਿਰਿਆ ਤੇ ਨਾਲ ਦੀ ਨਾਲ, ਆਵਾਜ਼ ਆਈ ਕਿ ਦਰਸ਼ਨ ਕਰੋ ਅਗਨ ਦੇਵਤੇ ਦੇ। ਉਸ ਤੋਂ ਪਿਛੋਂ ਕਹਿਣ ਲੱਗੇ ਕਿ ਮਹਾਰਾਜ! ਮੈਂ ਹੋਰ ਦੇਵਾਂ ਨਾਲ ਯੁੱਧ ਕਰਦਾ ਹਾਂ, ਅਖੀਰ ਦੇ ਉੱਤੇ ਆਵਾਜ਼ ਆਈ ਕਿ ਮੈਂ ਸਵਰਗ ਲੋਕ ਦੇ ਉੱਤੇ ਮਹਾਂਬਲੀ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆ। ਜਿਹਦੇ ਕੋਲ ਐਸੇ ਸ਼ਸਤਰ ਨੇ ਕਿ ਦੁਨੀਆਂ ਦਾ ਕੋਈ ਬੰਦਾ ਤਾਬ ਨਹੀਂ ਲਿਆ ਸਕਦਾ। ਇੰਦਰ ਦਾ ਜੋ ਬਜਰ ਸ਼ਸਤਰ ਹੈ ਐਟਮ ਬੰਬ ਵਰਗਾ, ਕਹਿਣ ਲੱਗਿਆ ਕਿ ਹੁਣ ਮੈਂ ਉਹਦੇ ਨਾਲ ਯੁੱਧ ਕਰਦਾ ਹਾਂ ਤੇ ਦੇਖਦੇ-ਦੇਖਦੇ ਇੰਦਰ ਦਾ ਵੀ ਓਹੀ ਹਾਲ ਹੋਇਆ। ਕਹਿੰਦਾ ਮਹਾਰਾਜ ਮੈਂ ਇੰਦਰ ਸੁੱਟ ਦਿੱਤਾ ਤੇ ਕੁਛ ਦੇਵਤੇ ਹੋਰ ਨੇ। ਐਨੇ ਨੂੰ ਫੇਰ ਧਰਤੀ 'ਤੇ ਗਿਰਿਆ ਤੇ ਦੇਖ ਲਿਆ ਕਿ ਜਾਦੂਗਰ ਦੀ ਬਾਂਹ ਹੈ, ਲੱਤ ਗਿਰੀ, ਉਹ ਵੀ ਦੇਖ ਲਈ; ਘਰਵਾਲੀ ਉਨ੍ਹਾਂ ਸਾਰਿਆਂ ਦੇ ਵਿੱਚ ਲੜਕੀ ਨਾਲ ਬੈਠੀ ਹੈ। ਰੋਣ ਲਗ ਗਈ ਕਿ ਇਹ ਤਾਂ ਮੇਰੇ ਪਤੀ ਦਾ ਸਰੀਰ ਹੈ। ਏਨੇ ਨੂੰ ਦੂਜੀ ਲੱਤ, ਗਰਦਨ, ਤੇ ਧੜ ਵੀ ਆ ਗਿਆ। ਇਕੱਠਾ ਕਰ ਲਿਆ, ਰੋਣ ਲਗ ਗਈ ਕਿ ਮੇਰਾ ਪਤੀ ਮਾਰਿਆ ਗਿਆ ਹੁਣ ਮੇਰਾ ਕੀ ਹੋਏਗਾ। ਉਸ ਵੇਲੇ ਬੜਾ ਅਫਸੋਸ ਹੋਇਆ ਸਾਰਿਆਂ ਨੂੰ ਬੜੇ ਅਫਸੋਸ ਵਿੱਚ ਚਲੇ ਗਏ। ਬੋਲਦਾ ਨਹੀਂ ਕੋਈ ਇੱਕ ਦੂਜੇ ਨਾਲ, ਕਹਿਣ ਲੱਗੇ ਦੇਖੋ! ਕਿੱਡਾ ਬਹਾਦਰ ਸੀ ਆਪ ਮਾਰਿਆ ਗਿਆ ਸਾਨੂੰ ਤਮਾਸ਼ਾ ਦਿਖਾਉਂਦਾ-ਦਿਖਾਉਂਦਾ।

ਹਜ਼ੂਰ ਕੀ ਹੁਕਮ ਹੈ? ਰਾਜੇ ਨੇ ਕਿਹਾ ਕਿ ਮੁਰਦੇ ਇਥੇ ਪਏ ਸੜ ਜਾਣਗੇ, ਐਸ ਤਰ੍ਹਾਂ ਕਰੋ ਕਿ ਚਿਖਾ ਦਾ ਬੰਦੋਬਸਤ ਕਰੋ ਤੇ ਇਨ੍ਹਾਂ ਨੂੰ ਜਲਾ ਦੇਈਏ। ਦੋ ਚਿਖਾ ਕਰੋ, ਇੱਕ ਪਾਸੇ ਦੇਵਤਿਆਂ ਦੀ, ਇਕ ਪਾਸੇ ਜਾਦੂਗਰ ਦੀ। ਦੋ ਚਿਖਾ ਦਾ ਇੰਤਜ਼ਾਮ ਕਰ ਲਿਆ। ਉਸ ਵੇਲੇ ਉਹ ਕਹਿਣ ਲੱਗੀ ਮੈਂ ਆਪਣੇ ਪਤੀ ਤੋਂ ਬਗੈਰ ਜੀਉਂਦੀ ਨਹੀਂ ਰਹਿਣਾ। ਮੈਂ ਇਹਦੇ ਨਾਲ ਹੀ ਜਾਣਾ ਹੈ, ਬਥੇਰਾ ਸਮਝਾਇਆ ਕਿ ਬੇਟਾ! ਤੈਨੂੰ ਪੁੱਤਰੀ ਵਾਂਗਣ ਰੱਖਾਂਗੇ। ਤੂੰ ਫਿਕਰ ਨਾ ਕਰ ਤੇਰੇ ਗੁਜ਼ਾਰੇ ਵਾਸਤੇ ਮੈਂ ਵੱਡਾ ਬੰਦੋਬਸਤ ਕਰ ਦੇਵਾਂਗਾ। ਕਹਿੰਦੀ ਨਾ, ਮੈਂ ਤਾਂ ਆਪਣੇ ਪਤੀ ਨਾਲ ਜਾਣਾ ਹੈ। ਚਿਖਾ ਜਲਾ ਦਿੱਤੀ, ਛਾਲ ਮਾਰ ਕੇ ਵਿੱਚ ਬੈਠ ਗਈ। ਉਹ ਜਲ ਗਈ। ਬੈਠੇ ਰਹੇ ਅਫਸੋਸ ਵਿੱਚ, ਕੋਈ ਕਿਸੇ ਨਾਲ ਗੱਲ ਨਹੀਂ ਕਰਦਾ। ਐਨੇ ਨੂੰ ਕੀ ਦੇਖਦੇ ਨੇ ਰਾਜੇ ਦੇ ਸਾਮ੍ਹਣੇ ਜਾਦੂਗਰ ਆ ਗਿਆ, ਝੁਕ ਕੇ ਸਲਾਮਾਂ ਕੀਤੀਆਂ, ਬੰਦਨਾ ਕਰੀ। ਕਹਿਣ ਲੱਗਿਆ, ਮਹਾਰਾਜ! ਮੇਰਾ ਤਮਾਸ਼ਾ ਕਿਹੋ ਜਿਹਾ ਲੱਗਿਆ।

ਹੈਰਾਨ ਹੋ ਗਏ ਕਿ ਤੂੰ ਜੀਉਂਦਾ ਹੈਂ?

ਕਹਿੰਦਾ ਹਾਂ।

ਕਹਿੰਦਾ, ਮੇਰੀ ਇਸਤਰੀ?

ਕਹਿੰਦੇ, ਉਹ ਤਾਂ ਤੇਰੇ ਨਾਲ ਸਤੀ ਹੋ ਗਈ।

ਕਹਿਣ ਲੱਗਿਆ, ਮੈਂ ਜੀਉਂਦਾ ਹਾਂ ਤੇ ਕੀਹਦੇ ਨਾਲ ਸਤੀ ਹੋ ਗਈ?ਮੈਂ ਤਾਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ।

ਉਸ ਵੇਲੇ ਉਸ ਨੇ ਕਿਹਾ ਕਿ ਮਹਾਰਾਜ! ਤੁਸੀਂ ਗਲਤ ਕੰਮ ਕਰਿਆ ਹੈ, ਮੇਰੀ ਇਸਤਰੀ ਦੀ ਅਵਾਜ਼ ਆ ਰਹੀ ਹੈ, ਸੁਣੋ ਧਿਆਨ ਨਾਲ। ਅਵਾਜ਼ ਆਈ ਕਿ ਇਸ ਰਾਜੇ ਨੇ ਮੈਨੂੰ ਸੱਤ ਤਾਲਿਆਂ ਦੇ ਅੰਦਰ ਬੰਦ ਕਰਿਆ ਹੋਇਆ ਤੇ ਮੈਂ ਬੜੀ ਦੁਖੀ ਹੈ, ਬਚਨ ਹਾਰ ਦਿੱਤਾ ਇਸ ਨੇ ਤੇ ਮੇਰੇ ਨਾਲ ਸ਼ਾਦੀ ਕਰਾਉਣੀ ਚਾਹੁੰਦਾ ਹੈ। ਰਾਜਾ ਧਰਮਾਤਮਾ ਸੀ। ਵਜ਼ੀਰਾਂ ਨੇ ਕਿਹਾ ਕਿ ਨਹੀਂ ਜਾਦੂਗਰ! ਸਾਡੇ ਮਹਾਰਾਜ ਬੜੇ ਉੱਚੇ ਚਰਿੱਤਰ ਵਾਲੇ ਨੇ ਐਸੀ ਬਾਤ ਹੋ ਹੀ ਨਹੀਂ ਸਕਦੀ। ਇਹ ਕੋਈ ਗਲਤ ਆਵਾਜ਼ ਆ ਰਹੀ ਹੈ। ਕਹਿੰਦਾ ਗਲਤ ਨਹੀਂ। ਚਾਬੀ ਦਓ ਮੈਂ ਖੋਲ੍ਹ ਕੇ ਲਿਆ ਦਿੰਦਾ ਹਾਂ। ਚਾਬੀ ਲਈ ਤੇ ਸੱਤਾਂ ਤਾਲਿਆਂ 'ਚੋਂ ਕੱਢ ਲਿਆਂਦੀ। ਸਾਰੇ ਸ਼ਰਮਿੰਦੇ ਹੋ ਗਏ, ਨੀਵੀਂ ਪਾ ਲਈ ਕਿ ਇਹ ਹੋਈ ਕੀ ਜਾਂਦਾ ਹੈ। ਉਸ ਵੇਲੇ ਜਦ ਬਹੁਤ ਅਫਸੋਸ 'ਚ ਹੋ ਗਏ। ਉਸ ਨੇ ਕਿਹਾ ਮਹਾਰਾਜ! ਅਫਸੋਸ ਨਾ ਕਰੋ। ਮੈਂ ਹੁਣ ਗੱਲ ਦਸਦਾ ਹਾਂ, ਇਹ ਤੁਹਾਨੂੰ ਪਹਿਲਾਂ ਖੁਸ਼ੀ ਹੋਈ ਜਿਸ ਵਕਤ ਮੈਂ ਦੇਵਤਿਆਂ ਨੂੰ ਮਾਰ-ਮਾਰ ਸੁੱਟਦਾ ਸੀ। ਹੁਣ ਤੁਹਾਨੂੰ ਰਾਗ ਹੋਇਆ। ਗਮੀ ਹੋਈ, ਮੈਂ ਨਾ ਕਿਤੇ ਗਿਆ ਹਾਂ ਨਾ ਮੈਂ ਕਿਤੇ ਯੁੱਧ ਕਰਿਆ। ਇਹ ਕੇਵਲ ਮੈਂ ਤੁਹਾਨੂੰ ਜਾਦੂ ਦਾ ਕ੍ਰਿਸ਼ਮਾ ਦਿਖਾਇਆ ਹੈ ਤੇ ਤੁਸੀਂ ਕਿਹਾ ਸੀ ਕਿ ਇਹ ਸਿੱਖਿਆਦਾਇਕ ਵੀ ਹੋਵੇ। ਤੁਸੀਂ ਦੇਖੋ ਮੈਂ ਆਪਣੀ ਮਾਇਆ ਵਰਤਾਈ ਹੈ, ਛੋਟੇ ਜਿਹੇ ਬੰਦੇ ਨੇ ਛੋਟੀ ਜਿਹੀ ਮਾਇਆ ਤੇ ਤੁਸੀਂ ਕਿੰਨਾ ਭੁੱਲ ਗਏ। ਕਿੰਨਾ ਤੁਹਾਡੇ ਅੰਦਰ ਰੰਜ ਪੈਦਾ ਹੋ ਗਿਆ, ਕਿੰਨਾ ਅਫਸੋਸ ਪੈਦਾ ਹੋ ਗਿਆ, ਪਹਿਲਾਂ ਕਿੰਨੀ ਖੁਸ਼ੀ ਸੀ, ਤੁਹਾਡੇ ਮਨ ਦੇ ਅੰਦਰ ਤੇ ਜੇ ਮੈਂ ਇੱਕ ਜਾਦੂਗਰ ਆਪਣੇ ਜਾਦੂ ਦੇ ਨਾਲ ਜੇ ਤੁਹਾਨੂੰ ਭੁਲਾ ਸਕਦਾ ਹਾਂ, ਫੇਰ ਜਿਹੜੀ ਮਾਇਆ ਹੈ ਪ੍ਰਮੇਸ਼ਰ ਦੀ ਜਿਹਦਾ ਮਿੱਤ ਕੋਈ ਨਹੀਂ ਹੈ, ਜਿਹਦੇ ਬਾਰੇ ਕੋਈ ਕਹਿ ਹੀ ਨਹੀਂ ਸਕਦਾ, ਅਨਰਬਚਨੀ ਜਿਸ ਨੂੰ ਆਖਦੇ ਨੇ, ਉਹਦੇ ਵਿੱਚ ਕਿੰਨੀ ਸ਼ਕਤੀ ਹੈ, ਬਾਵਜੂਦ ਚਾਰੇ ਵੇਦਾਂ ਦੇ, ਛੇਈ ਸ਼ਾਸਤਰਾਂ ਦੇ, ਮਹਾਂਪੁਰਸ਼ ਆਉਂਦੇ ਨੇ, ਹਾਕਾਂ ਮਾਰਦੇ ਨੇ, ਆਵਾਜ਼ਾਂ ਦੇ ਦੇ ਕੇ ਜੀਵ ਨੂੰ ਸਮਝਾਉਂਦੇ ਨੇ, ਪਰ ਇਹ ਜਿਹੜਾ ਜੀਵ ਹੈ ਐਨਾ ਮੋਹਿਤ ਹੋ ਗਿਆ ਇਹਦੇ ਵਿੱਚੋਂ ਨਿਕਲ ਨਹੀਂ ਸਕਦਾ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਮਾਇਆ ਮੋਹਣੀ ਨੇ ਮੋਹ ਲਿਆ ਜਗ ਸਾਰਾ, ਧੋਖੇ ਵਿੱਚ ਜੀਵ ਆ ਗਿਆ।***

***ਪਹਿਲੈ ਪਿਆਰਿ ਲਗਾ ਥਣ ਦੁਧਿ ॥***
***ਦੂਜੈ ਮਾਇ ਬਾਪ ਕੀ ਸੁਧਿ ॥***
***ਤੀਜੈ ਭਯਾ ਭਾਭੀ ਬੇਬ ॥***
***ਚਉਥੈ ਪਿਆਰਿ ਉਪੰਨੀ ਖੇਡ ॥***
***ਪੰਜਵੈ ਖਾਣ ਪੀਅਣ ਕੀ ਧਾਤੁ ॥***
***ਛਿਵੈ ਕਾਮੁ ਨ ਪੁਛੈ ਜਾਤਿ ॥***
***ਸਤਵੈ ਸੰਜਿ ਕੀਆ ਘਰ ਵਾਸੁ ॥***
***ਅਠਵੈ ਕ੍ਰੋਧੁ ਹੋਆ ਤਨ ਨਾਸੁ ॥***
***ਨਾਵੈ ਧਉਲੇ ਉਭੇ ਸਾਹ ॥***
***ਦਸਵੈ ਦਧਾ ਹੋਆ ਸੁਆਹ ॥***
***ਗਏ ਸਿਗੀਤ ਪੁਕਾਰੀ ਧਾਹ ॥***
***ਉਡਿਆ ਹੰਸੁ ਦਸਾਏ ਰਾਹ ॥***

*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ - ੧੩੮*

ਮਹਾਰਾਜ ਕਹਿੰਦੇ ਇਸ ਤਰ੍ਹਾਂ ਆਇਆ ਹੈ ਧੋਖੇ 'ਚ। ਗਰਭ ਕੁੰਟ ਵਿੱਚ ਤਾਂ ਤਪ ਕਰਦਾ ਸੀ।

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ*
*ਪਰਵਾਰਿ ਭਲਾ ਭਾਇਆ ॥ ਅੰਗ - ੯੨੧*

ਹੁਣ ਹੋਇਆ ਕੀ ਇਧਰ ਤਾਂ ਵਧਾਈਆਂ ਮਿਲਣ ਲਗ ਗਈਆਂ। ਉਧਰਲੇ ਪਾਸੇ ਕੀ ਹੋਇਆ -

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥ ਅੰਗ - ੯੨੧*

ਹੁਣ ਮਾਇਆ ਨੇ ਆਪਣਾ ਰਾਜ ਕਰ ਲਿਆ ਇਥੇ, ਅਮਰੁ ਕਹਿੰਦੇ ਨੇ ਹੁਕਮ ਨੂੰ। ਆਪਣੀ ਤਾਕਤ ਹੁਣ ਮਾਇਆ ਨੇ ਫੈਲਾ ਦਿੱਤੀ। ਬੱਚਾ ਹੋ ਗਿਆ ਪੈਦਾ, ਉਸ ਤੋਂ ਪਹਿਲਾਂ ਨਾ ਮਾਂ ਸੀ, ਨਾ ਪਿਓ ਸੀ, ਕੁਛ ਨਹੀਂ ਸੀ, ਜੀਵ ਸੀਗਾ ਤੁਰਿਆ ਫਿਰਦਾ ਉਡਾਰੀਆਂ ਮਾਰਦਾ, ਕਰਮਾਂ ਦੇ ਵਸ ਕਰਕੇ ਗਰਭ 'ਚ ਆ ਕੇ ਪੈ ਗਿਆ ਤੇ ਜੰਮਿਆਂ ਤਾਂ ਮਾਂ ਬਾਪ ਬਣਨੇ ਸ਼ੁਰੂ ਹੋ ਗਏ। ਸਾਰਿਆਂ ਤੋਂ ਪਹਿਲਾਂ ਇਹਨੂੰ ਭੁੱਖ ਲੱਗੀ। ਭੁੱਖ ਲੱਗੀ ਤਾਂ ਥੋੜ੍ਹੇ ਦਿਨਾਂ 'ਚ ਹੀ ਪਤਾ ਲਗ ਗਿਆ ਕਿ ਆਹ ਮੇਰੀ ਮਾਂ ਹੈ। ਜਦ ਬੋਲਣ ਲੱਗਿਆ, ਮਮਾ-ਮਮਾ, ਮਾਂ-ਮਾਂ, ਕੁਛ ਕਹਿ ਲਓ, ਕਹੀ ਜਾਂਦਾ ਹੈ, ਕਹਿੰਦੇ ਉਹਦੀ ਸੋਝੀ ਆ ਗਈ। ਫੇਰ ਭੈਣ ਭਰਾ ਦਾ ਪਤਾ ਲਗ ਗਿਆ, ਫੇਰ ਖੇਡਾਂ ਚੰਗੀਆਂ ਲਗਣ ਲਗ ਗਈਆਂ। ਫੇਰ ਖਾਣ ਪੀਣ ਪਿਛੇ ਜ਼ੋਰ ਦੇਣ ਲਗ ਗਿਆ। ਫੇਰ ਇਸੇ ਤਰ੍ਹਾਂ ਦੇ ਨਾਲ ਵਿਸ਼ੇ-ਵਿਕਾਰ ਆ ਗਏ, ਉਹਦੇ ਵਿੱਚ ਗੱਲ ਹੀ ਨਹੀਂ ਸੁਣਦਾ ਕਿਸੇ ਦੀ, ਗੁਰੂ ਨੂੰ ਵੀ ਭੁੱਲ ਗਿਆ, ਸੰਤਾਂ ਨੂੰ ਵੀ ਭੁੱਲ ਗਿਆ, ਮਾਂ-ਬਾਪ ਤੋਂ ਵੀ ਗੁਸਤਾਖ ਹੋ ਗਿਆ, ਮਾਂ-ਬਾਪ ਨੂੰ ਕੁਛ ਨਹੀਂ ਸਮਝਦਾ, ਰਸਤਾ ਨਵਾਂ ਹੀ ਕੱਢ ਲਿਆ ਉਹਨੇ। ਜਦੋਂ ਹੋ ਗਿਆ ਪੰਜਾਹ ਸਾਲ ਦਾ ਫੇਰ ਉਦੋਂ ਕਹਿੰਦਾ ਹੈ ਕਿ ਹੁਣ ਤਾਂ ਘਰ ਪਾਉਣਾ ਹੈ। ਪੈਸੇ ਜੋੜਨੇ ਨੇ। ਪੈਸੇ ਜੋੜਨ ਵਾਸਤੇ ਜਾਇਜ਼-ਨਜ਼ਾਇਜ਼ ਤਰੀਕੇ ਵੀ ਅਪਨਾਉਂਦਾ ਹੈ।-

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*
*ਅੰਗ - ੬੫੬*

ਜਾਇਜ਼-ਨਜ਼ਾਇਜ਼ ਤਰੀਕੇ ਵਰਤ ਕੇ ਫੇਰ ਧਨ ਜੋੜਦਾ ਹੈ ਵਿਆਹ ਕਰਨਾ ਹੈ, ਮੈਂ ਕੋਠੇ ਪਾਉਣੇ ਨੇ, ਮੈਂ ਆਹ ਕਰਨਾ ਹੈ, ਪੈਸਾ ਜਮ੍ਹਾਂ ਕਰਨ ਲਗ ਗਿਆ। ਹੁਣ ਅਗਾਹਾਂ ਦੀ ਅਵਸਥਾ ਆ ਗਈ, ਬੱਚੇ ਕਹਿਣਾ ਨਹੀਂ ਮੰਨਦੇ, ਕ੍ਰੋਧ ਆਉਣ ਲਗ ਗਿਆ, ਆਪਣਾ ਤਨ ਹੀ ਨਾਸ਼ ਕਰ ਲਿਆ। ਕੇਸ ਧੌਲੇ ਆ ਗਏ, ਖੁਸ਼ੀਆਂ ਚਲੀਆਂ ਗਈਆਂ, ਧਾਹ ਮਾਰੀ ਕਿ ਜਾ ਰਿਹਾ ਹਾਂ ਮੈਂ ਤਾਂ। ਆ ਕੀ ਮੈਂ ਕਰ ਲਿਆ, ਕਿੱਥੇ ਰਹਿ ਗਈਆਂ ਕੋਠੀਆਂ, ਕਿੱਥੇ ਰਹਿ ਗਏ ਬੱਚੇ, ਕਿੱਥੇ ਆ ਮੇਰੇ ਨਾਲ ਹੋਇਆ ਕੀ ਧੋਖਾ। ਮੈਂ ਤਾਂ ਸੁਣਦਾ ਹੀ ਆਇਆਂ ਹਾਂ ਕਿ ਨਾਮ ਜਪਣਾ ਹੈ, ਨਾਮ ਜਪਣਾ ਹੈ, ਕੁਛ ਨਹੀਂ ਮੇਰੇ ਤੋਂ ਹੋਇਆ ਲੋਕੋ, ਮੇਰੇ ਵਾਲੇ ਰਾਹ ਨਾ ਪੈਣਾ। ਬਚੋ ਜੇ ਬਚ ਹੁੰਦਾ ਹੈ, ਮੈਂ ਕੁਛ ਨਹੀਂ ਖੱਟ ਕੇ ਜਾ ਰਿਹਾ। ਮੁਹੰਮਦ ਗਜ਼ਨਵੀ ਬਾਰੇ ਕਹਿੰਦੇ ਨੇ ਕਿ ਉਹਨੇ ਹੱਥ ਤੇ ਪੈਰ ਦੋਵੇਂ ਜਨਾਜੇ 'ਚੋਂ ਬਾਹਰ ਕੱਢ ਕੇ ਫੱਟੀ ਲਾ ਦਿੱਤੀ ਕਿ ਆਹ ਖਾਲੀ ਹੱਥ ਜਾਂਦਾ ਹੈ, ਅਰਬਾਂ ਦੀ ਦੌਲਤ ਲੁੱਟਣ ਵਾਲਾ, ਤੇ ਆਪਣੇ ਨਾਲ ਗੁਨਾਹ ਲੈ ਕੇ ਜਾ ਰਿਹਾ ਹੈ ਸਾਰੇ।

*ਕਬੀਰ ਇਹੁ ਤਨੁ ਜਾਇਗਾ*
*ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ*
*ਜਿਨ ਕੇ ਲਾਖ ਕਰੋਰਿ ॥ ਅੰਗ - ੧੩੬੫*

ਲੱਖ ਕਰੋੜ ਕਹਿੰਦੇ ਨੇ ਸੌ ਖਰਬ ਜਿਹਦੇ ਕੋਲ ਸੀਗਾ। ਉਹ ਵੀ ਖਾਲੀ ਜਾਂਦਾ ਹੈ, ਕਿਸੇ ਦੇ ਨਾਲ ਨਹੀਂ ਇਹ ਮਾਇਆ ਜਾਂਦੀ, ਇਹ ਐਸੀ ਧੋਖੇ ਵਾਲੀ ਹੈ, ਜੋੜ-ਜੋੜ ਕੇ ਜਮ੍ਹਾਂ ਕਰੀ ਜਾਂਦਾ ਹੈ। ਬੇਅੰਤ ਕੁਛ ਬਣਾ ਲੈਂਦਾ ਹੈ, ਕਾਹਦੇ ਵਾਸਤੇ ਬਣਾਉਂਦਾ ਹੈਂ ਐਨਾ, ਉਹ ਜਿਹੜਾ ਕੰਮ ਤੂੰ ਕਰਨ ਵਾਸਤੇ ਆਇਆ ਸੀ, ਉਹ ਤਾਂ ਤੂੰ ਭੁੱਲ ਗਿਆ, ਮਾਇਆ ਕਹਿੰਦੀ ਬੱਸ ਮੈਂ ਆਹੀ ਕਰਦੀ ਹਾਂ। ਮੈਂ ਯਾਦ ਨਹੀਂ ਰਹਿਣ ਦਿੰਦੀ, ਅਣਹੋਈ ਚੀਜ਼ ਨੂੰ ਹੋਈ ਕਰ ਦਿੰਦੀ ਹਾਂ, ਸੰਸਾਰ 'ਚੋਂ ਜੀਵ ਨੇ ਜਾਣਾ ਹੈ ਪਰ ਮੈਂ ਉਹਦੇ ਮਨ 'ਚ ਬਿਠਾ ਦਿੱਤਾ ਕਿ ਨਹੀਂ ਜਾਣਾ, ਮੈਂ ਇੱਥੇ ਹੀ ਰਹਿਣਾ ਹੈ। ਲੋਕਾਂ ਨੂੰ ਤੁਰਦਿਆਂ ਨੂੰ ਦੇਖਦਾ ਹੈ, ਜਾਂਦਿਆਂ ਨੂੰ ਦੇਖਦਾ ਹੈ, ਸ਼ਮਸ਼ਾਨ ਭੂਮੀ ਤੱਕ ਜਾਂਦਾ ਹੈ, ਕਹਿੰਦਾ ਮੈਂ ਨਹੀਂ ਜਾਣਾ, ਮੈਂ ਤਾਂ ਰਹਿਣਾ ਹੈ ਇੱਥੇ ਹੀ। ਨਾ ਬੁੱਢਾ ਹੋਵਾਂ, ਨਾ ਮੈਂ ਮਰਾਂ। ਇਹੀ ਬੁੱਢਾ ਹੋਇਆ ਹੈ ਇਹਦਾ ਹੀ ਸਰੀਰ ਕੰਬਦਾ ਹੈ, ਮੇਰਾ ਤਾਂ ਨਹੀਂ ਕੰਬਣਾ ਮੈਂ ਤਾਂ ਤਕੜਾ ਪਿਆ ਹਾਂ। ਕਹਿੰਦੇ, ਭੁਲਾ ਦੇਣਾ ਹੀ ਮੇਰਾ ਕੰਮ ਹੈ।

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ ॥ ਅੰਗ - ੮੫੭*

ਕੀ ਕਰੇ ਇਹ, ਕਹਿੰਦੇ ਭੋਰਾ ਜਿੰਨਾਂ ਵੀ ਪਿਆਰ ਵਾਹਿਗੁਰੂ ਨਾਲ ਨਹੀਂ ਲੱਗਿਆ, ਜਿਹਨੇ ਇਹਨੂੰ ਸਭ ਤੋਂ ਉੱਤਮ ਦੇਹੀ ਦਿੱਤੀ ਹੈ। ਕਹਿੰਦਾ, ਮੈਨੂੰ ਕੀ ਦਿੱਤਾ ਹੈ ਮੈਂ ਇਵੇਂ ਜਿਵੇਂ ਪੈਦਾ ਹੋਣਾ ਹੀ ਸੀ। ਨਾ ਕਰਦਾ ਪੈਦਾ, ਮਰਜ਼ੀ ਹੈ ਓਹਦੀ। ਬਹੁਤਾ ਹੀ ਹੋਰ ਤਰ੍ਹਾਂ ਦਾ ਹੈ। ਮੁੱਕਰ ਜਾਂਦਾ ਹੈ। ਜਦ ਹੁੰਦਾ ਹੈ ਦੁਖੀ ਫੇਰ ਪ੍ਰਮੇਸ਼ਰ ਨੂੰ ਹਾਕਾਂ ਮਾਰਦਾ ਹੈ। ਮਾਇਆ ਕਹਿੰਦੀ ਮੇਰੇ ਤਿੰਨ ਰੂਪ ਨੇ, ਇੱਕ ਮੇਰਾ ਸੁਖਮ ਰੂਪ ਹੈ, ਇੱਕ ਜੜ੍ਹ ਰੂਪ ਹੈ, ਇੱਕ ਚੇਤਨ ਰੂਪ ਹੈ। ਸੁਖਮ ਰੂਪ ਦੇ ਅੰਦਰ ਤਾਂ ਮੈਂ ਮੋਹ ਮਾਇਆ ਬਣਦੀ ਹਾਂ। ਬੱਚਿਆਂ ਨਾਲ, ਚੀਜ਼ਾਂ ਨਾਲ ਮੇਰਾ ਪਿਆਰ ਪੈ ਜਾਂਦਾ ਹੈ। ਜੜ੍ਹ ਦੇ ਅੰਦਰ ਕੋਠੀਆਂ, ਪੈਸਾ ਟਕਾ, ਸਵਾਰੀਆਂ, ਜ਼ਮੀਨ

ਜਾਇਦਾਦ, ਇੰਡਸਟਰੀਆਂ ਸਭ ਕੁਛ ਮੈਂ ਹੀ ਹਾਂ ਤੇ ਚੇਤਨ ਰੂਪ ਦੇ ਅੰਦਰ ਮੈਂ ਭੁਲਾ ਦਿੰਦੀ ਹਾਂ। ਇਸਤਰੀਆਂ ਤੇ ਬੰਦੇ ਭੁੱਲ ਜਾਂਦੇ ਨੇ। ਉਨ੍ਹਾਂ ਨੂੰ ਪਤਾ ਹੀ ਨਹੀਂ ਰਹਿੰਦਾ, ਪਰਿਵਾਰ ਦੇ ਵਿੱਚ ਭੁੱਲ ਜਾਂਦੇ ਨੇ, ਬਾਲ-ਬੱਚਿਆਂ 'ਚ। ਕਿਉਂਕਿ ਚੇਤਨ ਨਾਲ ਪਿਆਰ ਪੈ ਗਿਆ। ਉਹ ਕਹਿੰਦੇ, ਭੁੱਲ ਕੇ ਆਉਂਦੇ ਹੀ ਨਹੀਂ ਪ੍ਰਮੇਸ਼ਰ ਵਾਲਾ ਰਾਹ ਤਾਂ ਮੈਂ ਬੰਦ ਕਰ ਦਿੰਦੀ ਹਾਂ। ਸੋ ਇਸ ਤਰ੍ਹਾਂ ਦੇ ਨਾਲ ਜੇ ਸੰਤਾਂ ਦੀ ਸੰਗਤ ਕਰੇ, ਮਹਾਰਾਜ ਕਹਿੰਦੇ -

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥***

***ਅੰਗ - ੧੨***

ਮਾਇਆ 'ਚੋਂ ਬਚ ਪਿਆਰਿਆ। ਸਾਧੂਆਂ ਦੀ ਸੰਗਤ ਕਰ, ਦੇਖ ਸਾਧੂਆਂ ਦੀ ਸੰਗਤ ਕਰਕੇ ਕਬੀਰ ਸਾਹਿਬ ਦੀ ਕਿੱਡੀ ਪਦਵੀ ਹੋਈ। ਰਵਿਦਾਸ ਜੀ ਨੇ ਸਾਧੂਆਂ ਦੀ ਸੰਗਤ ਕਰੀ, ਅੱਜ ਸਾਰਾ ਸੰਸਾਰ ਪੂਜਦਾ ਹੈ। ਬਾਲਮੀਕ ਨੇ ਡਾਕੇ ਮਾਰਦੇ ਨੇ ਸਾਧੂਆਂ ਦੀ ਸੰਗਤ ਕਰੀ ਤੇ ਅੱਜ ਪੂਜਿਆ ਜਾ ਰਿਹਾ ਹੈ, ਕ੍ਰਿਸ਼ਨ ਮਹਾਰਾਜ ਨੇ ਵੀ ਉਹਦੇ ਚਰਨ ਧੋਤੇ ਯੱਗ ਦੇ ਵਿੱਚ। ਕਿੱਡੀਆਂ ਪਦਵੀਆਂ ਪ੍ਰਾਪਤ ਕਰ ਲੈਂਦਾ ਹੈ।

***ਕਬੀਰ ਮਨੁ ਪੰਖੀ ਭਇਓ***
***ਉਡਿ ਉਡਿ ਦਹ ਦਿਸ ਜਾਇ ॥***
***ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥***

***ਅੰਗ - ੧੩੬੯***

ਮਾਇਆ ਕਹਿੰਦੀ ਹੈ ਕਿ ਪ੍ਰਭੂ ਦੇ ਪਿਆਰਿਆਂ ਦੀ ਮੈਂ ਦਾਸੀ ਹੋ ਕੇ ਸੇਵਾ ਕਰਦੀ ਹਾਂ।

***ਸਾਧੂ ਕੈ ਠਾਢੀ ਦਰਬਾਰਿ ॥***
***ਸਰਨਿ ਤੇਰੀ ਮੋ ਕਉ ਨਿਸਤਾਰਿ ॥***

***ਅੰਗ - ੮੭੨***

ਬੇਨਤੀਆਂ ਕਰਦੀ ਹਾਂ, ਮੱਥੇ ਰਗੜਦੀ ਹਾਂ ਕਿ ਮੇਰਾ ਵੀ ਨਿਸਤਾਰਾ ਕਰ ਦੇ। ਮੈਂ ਬਦਨਾਮ ਹੋਈ ਹੋਈ ਹਾਂ।

***ਜੋ ਤੂੰ ਕਹਹਿ ਸੁ ਕਾਰ ਕਮਾਵਾ ॥***
***ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥***

***ਅੰਗ - ੩੭੦***

ਜਿਹੜਾ ਕੁਛ ਤੂੰ ਕਹਿ ਦੇਵੇਂਗਾ ਮੈਂ ਓਹੀ ਕੰਮ ਕਰਾਂਗੀ। ਪਰ ਇਨ੍ਹਾਂ ਨੂੰ ਭੁਲਾਉਂਦੀ ਨਹੀਂ, ਬਾਕੀ ਸਾਰਾ ਸੰਸਾਰ ਤਾਂ ਮੈਂ ਸਾਰਾ ਭੁਲਾ ਦਿੱਤਾ। ਬਾਕੀ ਸੰਸਾਰ ਨੂੰ ਮੈਂ ਮੂਰਛਤ ਕਰ ਦਿੱਤਾ। ਬੇਸੁਰਤ ਹੋਇਆ ਹੋਇਆ ਸੰਸਾਰ ਹੈ, ਸੰਤਾਂ ਤੋਂ ਬਗੈਰ, ਐਨਾ ਮੂਰਛਤ ਕਰ ਦਿੱਤਾ ਉਹਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਜਦ ਉਹਨੂੰ ਪੁੱਛੋ ਕਹਿੰਦਾ ਮੈਂ ਤੇਰੇ ਸਾਮ੍ਹਣੇ ਖੜ੍ਹਾ ਹਾਂ। ਉਹ ਹੈ ਨਹੀਂ ਉਹ ਤਾਂ ਤੇਰਾ ਸਰੀਰ ਹੈ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਇੱਕ ਸਾਖੀ ਸੁਣਾਇਆ ਕਰਦੇ ਸੀ ਕਿ ਇੱਕ ਵਾਰੀ ਕੋਈ ਰਾਜਾ ਦੂਸਰੇ ਰਾਜੇ ਦੇ dinner 'ਤੇ ਗਿਆ, ਨੇੜੇ ਹੱਦ ਲਗਦੀ ਸੀ। ਅਮੀਰ ਵਜ਼ੀਰ ਤੇ ਸਾਰੇ ਅੰਗਰਖਿਅਕ ਵਗੈਰਾ ਨਾਲ ਨੇ, ਵੱਡੀ ਭਾਰੀ ਪਾਰਟੀ ਹੋਈ, ਉਥੇ ਰਾਜਾ ਬਹੁਤਾ ਨਸ਼ਾ ਪੀ ਗਿਆ ਤੇ ਉਹਦੇ ਪਰਾਈਮ ਮਨਿਸਟਰ ਨੇ ਦੇਖਿਆ ਕਿ ਮਹਾਰਾਜ ਜ਼ਿਆਦਾ ਨਸ਼ਾ ਪੀ ਗਏ, ਉਸ ਵੇਲੇ ਬੇਨਤੀ ਕਰੀ ਕਿ ਮਹਾਰਾਜ! ਕੋਈ ਗਲਤੀ ਹੋ ਜਾਏਗੀ, ਤੁਹਾਨੂੰ ਗਾਲ੍ਹਾਂ ਕੱਢ ਦੇਵੇ, ਕੋਈ ਹੋਰ ਗੱਲ ਕਰ ਦੇਵੇ, ਚੰਗਾ ਇਹ ਹੈ ਕਿ ਸਾਨੂੰ ਆਗਿਆ ਦੇਵੋ ਕਿ ਅਸੀਂ ਲੈ ਜਾਈਏ ਇਨ੍ਹਾਂ ਨੂੰ ਕਿਉਂਕਿ ਹੁਣ ਜ਼ਿਆਦਾ ਭੁੱਲ ਚੁੱਕੇ ਨੇ ਇਹ ਆਪਣੇ ਆਪ ਨੂੰ। ਉਸ ਵੇਲੇ ਸਿਆਣਾ ਸੀ ਵਜ਼ੀਰ ਬੱਗੀ ਦੇ ਵਿੱਚ ਰਾਜੇ ਨੂੰ ਬਿਠਾਇਆ ਤੇ ਆਪਣੇ ਰਾਜ ਦੀ ਹੱਦ ਵਿੱਚ ਆ ਗਿਆ। ਮਹੱਲ ਵੀ ਨੇੜੇ ਸੀ, ਉਥੇ ਬਾਹਰਲੇ ਪਾਸੇ ਫੌਜ ਵਾਲੇ ਘੁੰਮ ਕੇ ਪਹਿਰਾ ਦੇ ਰਹੇ ਸੀ। ਤੁਰੇ ਜਾਂਦੇ ਨੇ ਇੱਕ ਸੰਤਰੀ ਓਧਰੋਂ ਆਉਂਦਾ ਹੈ, ਇੱਕ ਐਧਰੋਂ ਜਾਂਦਾ ਹੈ। ਜਿੱਥੇ ਦੋਵੇਂ ਇਕੱਠੇ ਹੋ ਜਾਂਦੇ ਨੇ, ਇੱਕ ਓਧਰ ਨੂੰ ਚਲਿਆ ਜਾਂਦਾ ਹੈ, ਦੂਸਰਾ ਦੂਜੇ ਪਾਸੇ ਚਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਪਿੱਠ ਖਾਲੀ ਨਹੀਂ ਸੀ ਰਹਿਣ ਦਿੰਦੇ। ਰਾਜਾ ਜਿਸ ਵਕਤ ਆਇਆ ਇਹਨੇ ਦੇਖਿਆ ਕਿ ਪਹਿਰਾ ਦੇ ਰਹੇ ਨੇ ਕੌਣ ਹੋਏ ਇਹ? ਕਹਿਣ ਲੱਗਿਆ ਮੈਂ ਵੀ ਪਹਿਰਾ ਦੇਣਾ ਹੈ। ਓਸ ਵੇਲੇ day officer ਸੀਗਾ ਵੱਡਾ, ਕਰਨਲ ਜਾਂ ਮੇਜਰ, ਉਹ ਕਹਿਣ ਲੱਗਿਆ ਹਜ਼ੂਰ! ਤੁਸੀਂ ਤਾਂ ਬਾਦਸ਼ਾਹ ਓਂ। ਇਹ ਤਾਂ ਸਾਡਾ ਕੰਮ ਹੈ ਤੁਹਾਡਾ ਪਹਿਰਾ ਦੇਣਾ। ਕਹਿੰਦਾ, ਨਹੀਂ-ਨਹੀਂ ਮੈਂ ਪਹਿਰਾ ਦੇਣਾ ਹੈ, ਮੈਂ ਕੋਈ ਬਾਦਸ਼ਾਹ ਨਹੀਂ ਹਾਂ। ਬਾਰ-ਬਾਰ ਯਾਦ ਕਰਾਉਂਦੇ ਨੇ, ਕਹਿੰਦਾ ਮੈਂ ਬਾਦਸ਼ਾਹ ਹਾਂ ਹੀ ਨਹੀਂ। ਮੈਨੂੰ ਵੀ ਰਾਈਫਲ ਦਿਓ ਮੈਂ ਵੀ ਪਹਿਰਾ ਦੇਣਾ ਹੈ। ਜਦ ਜ਼ਿਆਦਾ ਜਿੱਦ ਕਰੀ, ਓਸ ਵੇਲੇ ਵਰਦੀ ਲਿਆ ਦਿੱਤੀ। ਓਹਲੇ ਹੋ ਕੇ ਉਹਨੇ ਵਰਦੀ ਪਾ ਲਈ ਤੇ ਆਪਣੀ ਸ਼ਾਹੀ ਵਰਦੀ ਲਾਹ ਦਿੱਤੀ। ਰਾਈਫਲ ਹੱਥ ਵਿੱਚ ਫੜ ਲਈ। ਪਹਿਰਾ ਦੇਣ ਲਗ ਗਿਆ ਓਥੇ। ਜਦੋਂ ਦੋ ਘੰਟੇ ਲੰਘ ਗਏ, ਉਸ ਵੇਲੇ ਦੇਖਣ ਲਗ ਗਿਆ, ਆਪਣੇ ਬੂਟਾਂ ਵਲ ਦੇਖਿਆ, ਵਰਦੀ ਵਲ ਦੇਖਿਆ, ਗਲ 'ਚ ਵੰਡੋਲੀਅਰ ਪਾਇਆ ਹੋਇਆ ਹੈ ਉਹਨੂੰ ਦੇਖਿਆ, ਹੱਥ 'ਚ ਰਾਈਫਲ ਫੜੀ ਹੋਈ ਹੈ ਉਹ ਦੇਖੀ। ਆਲੇ-ਦੁਆਲੇ ਦੇਖਣ ਲਗ ਗਿਆ, ਵਜ਼ੀਰ ਨੇ ਸਮਝ ਲਿਆ ਕਿ ਹੁਣ ਹੋਸ਼ ਆ ਗਈ। ਉਸੇ ਵੇਲੇ ਵਜ਼ੀਰ ਆਇਆ, ਆ ਕੇ ਉਸ ਨੇ ਝੁਕ ਕੇ ਪ੍ਰਣਾਮ ਕਰੀ ਕਿ ਮਹਾਰਾਜ! ਕ੍ਰਿਪਾ ਕਰੋ ਆਪ ਰਾਈਫਲ ਦੇ ਦਿਓ, ਆਪ ਸਿਪਾਹੀ ਨਹੀਂ ਓਂ, ਆਪ ਤਾਂ ਬਾਦਸ਼ਾਹ ਹੋਂ। ਆਪਣੀ ਬਾਦਸ਼ਾਹੀ ਕਪੜੇ ਪਹਿਨੋ ਤੇ ਕ੍ਰਿਪਾ ਕਰੋ ਤੇ ਇਹ ਵਰਦੀ ਲਾਹ ਦਿਓ। ਹੋਸ਼ ਆ ਚੁੱਕੀ ਸੀ, ਉਸ ਵੇਲੇ ਵਰਦੀ ਲਾਹ ਦਿੱਤੀ। ਉਸੇ ਵੇਲੇ ਆਪਣੇ ਵਸਤਰ ਪਹਿਨ ਲਏ, ਬੜਾ ਸ਼ਰਮਿੰਦਾ ਹੋਇਆ, ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਇਹ ਗੱਲ ਹੋਈ ਕਿਵੇਂ? ਕਹਿਣ ਲੱਗੇ, ਬਾਦਸ਼ਾਹ ਸਲਾਮਤ! ਓਥੇ ਨਸ਼ਾ ਤੁਸੀਂ ਜ਼ਿਆਦਾ ਪੀ ਬੈਠੇ। ਨਸ਼ੇ ਦਾ ਸੁਭਾਅ ਇਹ ਹੈ ਕਿ ਭੁਲਾ ਦਿੰਦਾ ਹੈ ਬੰਦੇ ਨੂੰ, ਯਾਦ ਕੁਛ ਨਹੀਂ ਰਹਿੰਦਾ, ਨਾ ਆਪਣਾ ਦਿਸਦਾ ਹੈ ਨਾ ਪਰਾਇਆ ਦਿਸਦਾ ਹੈ। ਸੋ ਹਜ਼ੂਰ! ਓਸ ਵੇਲੇ ਮੈਂ ਆਪ ਨੂੰ ਲੈ ਆਇਆ ਸੀ। ਇੱਥੇ ਆਪ ਨੇ ਕਿਹਾ ਕਿ ਮੈਂ ਪਹਿਰਾ ਦੇਣਾ ਹੈ। ਅਸੀਂ ਆਪ ਦੀ ਹੁਕਮ ਅਦੂਲੀ ਕਰ ਨਹੀਂ ਸਕਦੇ। ਬੜੀਆਂ ਬੇਨਤੀਆਂ ਕਰੀਆਂ ਕਿ ਮਹਾਰਾਜ ਤੁਸੀਂ ਬਾਦਸ਼ਾਹ ਹੋਂ। ਤੁਹਾਡੇ ਪਹਿਰੇ ਉਤੇ ਇਹ ਖੜ੍ਹੇ ਨੇ, ਪਰ ਤੁਸੀਂ ਜਦ ਜ਼ਿਆਦਾ ਹੱਠ ਕਰਿਆ। ਇਹ ਵਰਦੀ ਲਿਆ ਦਿੱਤੀ ਤੇ ਤੁਸੀਂ ਪਹਿਨ ਲਈ। ਹੁਣ ਤੁਸੀਂ ਇਹ ਵਰਦੀ ਪਹਿਨੋ। ਕਹਿਣ ਲੱਗੇ, ਬੜਾ ਭੁੱਲਿਆ ਹੋਇਆਂ ਮੈਂ। ਐਨਾ? ਯਾਦ

ਚਿੱਤ ਹੀ ਨਹੀਂ ਰਿਹਾ।

ਮਹਾਰਾਜ ਜੀ ਕਹਿੰਦੇ ਇਸੇ ਤਰ੍ਹਾਂ ਜਿਹੜਾ ਜੀਵ ਹੈ ਨਾ ਆਤਮ ਸ਼ਹਿਜ਼ਾਦਾ ਇਹ ਵਾਹਿਗੁਰੂ ਦੀ ਅੰਸ ਹੈ -

***ਮਨ ਤੂੰ ਜੋਤਿ ਸਰੂਪੁ ਹੈ***
***ਆਪਣਾ ਮੂਲੁ ਪਛਾਣੁ ॥ ਅੰਗ - ੪੪੧***

ਪਰ ਇਹ ਐਨਾ ਜ਼ਬਰਦਸਤ ਭੁੱਲ ਵਿੱਚ ਪੈ ਗਿਆ ਕਿ ਆਪਣੇ ਸਰੂਪ ਨੂੰ ਭੁੱਲ ਕੇ ਆਹੀ ਕਹਿੰਦਾ ਹੈ ਕਿ ਮੈਂ ਸਰੀਰ ਹਾਂ, ਮੈਂ ਸਰੀਰ ਹਾਂ। ਮੈਂ ਆਹ ਸਾਮ੍ਹਣੇ ਖੜ੍ਹਾਂ ਹਾਂ ਤੁਹਾਡੇ। ਇਹ ਕਦੇ ਨਹੀਂ ਮੰਨਦਾ ਕਿ ਮੈਂ ਕੀ ਹਾਂ। ਪ੍ਰਮੇਸ਼ਰ ਅੰਸ ਹੈ, ਪ੍ਰਮੇਸ਼ਰ ਦੀ ਜ਼ਾਤ-ਏ-ਖਾਸ ਹੈ। ਐਉਂ ਸਮਝ ਲਓ ਕਿ ਲਹਿਰ ਹੈ ਤੇ ਸਮੁੰਦਰ ਹੈ, ਲਹਿਰ ਸਮੁੰਦਰ ਦਾ ਹੀ ਰੂਪ ਹੁੰਦੀ ਹੈ। ਵਾਹਿਗੁਰੂ ਦਾ ਰੂਪ ਹੋ ਕੇ ਮਾਇਆ ਦੀ ਠੱਗੀ ਵਿੱਚ ਆ ਗਿਆ। ਓਹਦੀ ਜ਼ਹਿਰ ਚੜ੍ਹ ਗਈ ਇਹਨੂੰ। ਬੇਸੁੱਧ ਹੋ ਗਿਆ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਾਇਆ ਹੋ ਕੇ ਨਾਗਨੀ ਲੜ ਗਈ,***
***ਮਨਮੁਖ ਬੰਦਿਆ ਦੇ।***

ਬਾਕੀਆਂ ਨੂੰ ਤਾਂ ਇਹਨੇ ਖਾਣਾ ਹੀ ਖਾਣਾ ਹੈ। ਕਹਿੰਦੇ ਜਿਹੜਾ ਗੁਰਮੁਖ ਦੇ ਰਾਹੀਂ ਜਿਹਨੂੰ ਨਾਮ ਦੀ ਦਾਤ ਪ੍ਰਾਪਤ ਹੋ ਗਈ, ਗਿਆਨ ਦੇ ਮੰਡਲ 'ਚ ਪਹੁੰਚ ਗਿਆ। ਕਹਿੰਦੇ ਉਨ੍ਹਾਂ ਨੇ ਦਲ ਮਲ ਕੇ ਚਰਨਾਂ ਨਾਲ ਲਾ ਲਈ। ਉਹ ਨਹੀਂ ਮੋਏ ਜਾਂਦੇ ਇਸ ਤੋਂ। ਕਹਿੰਦੇ ਓਹੀ ਉਭਰਦੇ ਨੇ -

***ਨਾਨਕ ਸੇਈ ਉਬਰੇ***
***ਜਿ ਸਚਿ ਰਹੇ ਲਿਵ ਲਾਇ ॥ ਅੰਗ - ੫੧੦***
***ਗਿਲੀ ਗਿਲੀ ਰੋਡੜੀ***
***ਭਉਦੀ ਭਵਿ ਭਵਿ ਆਇ ॥ ਅੰਗ - ੧੦੯੭***

ਓਹਦੇ ਉੱਤੇ ਉਡ-ਉਡ ਕੇ ਮੱਖੀ ਬਾਰ-ਬਾਰ ਆਈ ਜਾਂਦੀ ਹੈ।

***ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ ॥***
***ਅੰਗ - ੧੦੯੭***

ਕਹਿੰਦੇ ਜਿਹੜਾ ਬਹਿ ਗਿਆ ਇਹਦੇ ਉੱਤੇ ਉਹ ਫਸ ਹੀ ਗਿਆ, ਉਹ ਨਹੀਂ ਨਿਕਲ ਸਕਦਾ। ਉਹਦੇ ਫੰਘਾਂ ਨਾਲ ਗੁੜ ਲਗ ਜਾਣਾ ਹੈ ਫੇਰ ਕਿੱਥੇ ਉਡਣਾ ਹੈ। ਕਹਿੰਦੇ ਜਿਹਨੇ ਮਾਇਆ ਦੇ ਨਾਲ ਮਨ ਲਾ ਲਿਆ, ਪਿਆਰਿਓ! ਉਹਨੂੰ ਮੁੜ ਕੇ ਔਖਾ ਹੋ ਜਾਣਾ ਹੈ ਨਿਕਲਣਾ। ਕੋਈ ਸਾਧੂ ਕੱਢ ਦੇਵੇ ਤਾਂ ਕੱਢ ਦੇਵੇ। ਨਹੀਂ ਤਾਂ ਜੀਵ ਨੇ ਆਪਣੇ ਵਸ ਵਿੱਚ ਨਹੀਂ ਆਉਣਾ। ਸੋ ਇਸ ਕਰਕੇ ਜੀਵ ਮਾਇਆ ਦੀ ਉਪਾਧੀ ਕਰਕੇ, ਦੁਖੀ ਹੋਇਆ ਫਿਰਦਾ ਹੈ। ਇਹਨੂੰ ਤਿੰਨ ਦੁਖ ਲਗਦੇ ਨੇ - ਆਧਿ, ਬਿਆਧਿ, ਉਪਾਧਿ। ਆਦਮੀ ਦੁਖੀ ਹੈ, ਤਿੰਨ ਵੱਡੇ ਦੁੱਖ ਨੇ, ਅਧਿਆਤਮਕ ਦੁਖ ਹੈ, ਅਧਿਭੂਤਕ ਦੁਖ ਹੈ, ਅਧਿਦੈਵਕ ਦੁਖ ਹੈ। ਆਧੀ ਹੁੰਦੀ ਹੈ ਮਨ ਦੇ ਦੁੱਖ, ਬਿਆਧੀ ਹੁੰਦੀ ਹੈ ਸਰੀਰ ਦੇ ਦੁੱਖ, ਅਪਾਧੀ ਹੁੰਦੀ ਹੈ ਆਪੇ ਕਿਸੇ ਨਾਲ ਝਗੜਾ ਕਰ ਲੈਣਾ। ਮੁੱਕਦਮੇਬਾਜ਼ੀ ਕਰ ਲੈਣੀ, ਰੌਲਾ ਰੱਪਾ ਪਾ ਲੈਣਾ, ਆਪੇ ਦੁੱਖੀ ਹੋ ਜਾਂਦਾ ਹੈ। ਸੋ ਇਹਨੂੰ ਪੰਜ ਚੋਰ ਦਿਨ-ਰਾਤ ਲੁੱਟਦੇ ਨੇ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

ਨਾਮ ਤਕ ਜਾਣ ਹੀ ਨਹੀਂ ਦਿੰਦਾ, ਐਡੀ ਦੌਲਤ ਅੰਦਰ ਪਈ ਹੈ, ਸੱਚਾ ਧਨ ਪਿਆ ਹੈ ਉਥੇ ਤੱਕ ਪਹੁੰਚਣ ਹੀ ਨਹੀਂ ਦਿੰਦਾ। ਉਹ ਲੁੱਟਦੇ ਤੁਰੇ ਜਾਂਦੇ ਨੇ।

***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥ ੨ ॥***
***ਉਨ ਤੇ ਰਾਖੈ ਬਾਪੁ ਨ ਮਾਈ ॥***
***ਉਨ ਤੇ ਰਾਖੈ ਮੀਤੁ ਨ ਭਾਈ ॥***
***ਦਰਬਿ ਸਿਆਣਪ ਨਾ ਓਇ ਰਹਤੇ ॥***
***ਸਾਧਸੰਗਿ ਓਇ ਦੁਸਟ ਵਸਿ ਹੋਤੇ ॥***
***ਅੰਗ - ੧੮੨***

ਸਾਧੂ ਦੀ ਸੰਗਤ ਮਿਲ ਜਾਵੇ, ਉਹਦੇ ਨਾਲ ਇਹ ਦੁਸ਼ਟ ਵਸ ਵਿੱਚ ਹੋ ਜਾਂਦੇ ਨੇ। ਸੋ ਸੰਸਾਰ ਦੇ ਵਿੱਚ ਪੰਜ ਵਿਸ਼ੇ ਇਹਨੂੰ ਤੰਗ ਕਰ ਰਹੇ ਨੇ। ਸ਼ਬਦ, ਸਪਰਸ਼, ਰੂਪ, ਰਸ, ਗੰਧ। ਪੰਜ ਠੱਗ ਇਹਨੂੰ ਚਿੰਬੜੇ ਹੋਏ ਨੇ - ਰਾਜ, ਮਾਲ, ਰੂਪ, ਜਾਤ, ਜੋਬਨ। ਦੋ ਡੈਣਾਂ ਆਸਾ ਤੇ ਅੰਦੇਸਾ ਇਹਨੂੰ ਖਾ ਰਹੀਆਂ ਨੇ ਦਿਨ ਰਾਤ। ਪੰਜ ਕਲੇਸ਼ ਇਹਨੂੰ ਮੁਸ਼ਕਲਾਂ 'ਚ ਪਾ ਰਹੇ ਨੇ, ਕਦੇ ਸੁਖ ਦਾ ਸਾਹ ਨਹੀਂ ਆਉਂਦਾ। ਸੋ ਇੱਕ ਨਹੀਂ ਸਾਰਾ ਹੀ ਸੰਸਾਰ ਜਿੰਨਾਂ ਹੈ ਇਨ੍ਹਾਂ ਦੇ ਕਾਬੂ ਵਿੱਚ ਹਾਏ ਕੁਰਲਾਪ ਕਰ ਰਿਹਾ ਹੈ -

***ਧਾਰਨਾ - ਦੁਖੀਆ ਸਭ ਸੰਸਾਰ,***
***ਨਾਨਕ ਦੁਖੀਆ-ਨਾਨਕ ਦੁਖੀਆ।***
***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥***
***ਪਰਸ ਰਾਮੁ ਰੋਵੈ ਘਰਿ ਆਇਆ ॥***
***ਅਜੈ ਸੁ ਰੋਵੈ ਭੀਖਿਆ ਖਾਇ ॥***
***ਐਸੀ ਦਰਗਹ ਮਿਲੈ ਸਜਾਇ ॥***
***ਰੋਵੈ ਰਾਮੁ ਨਿਕਾਲਾ ਭਇਆ ॥***
***ਸੀਤਾ ਲਖਮਣੁ ਵਿਛੁੜਿ ਗਇਆ ॥***
***ਰੋਵੈ ਦਹਸਿਰੁ ਲੰਕ ਗਵਾਇ ॥***
***ਜਿਨਿ ਸੀਤਾ ਆਦੀ ਡਉਰੂ ਵਾਇ ॥***
***ਰੋਵਹਿ ਪਾਂਡਹ ਭਏ ਮਜੂਰ ॥***
***ਜਿਨ ਕੈ ਸੁਆਮੀ ਰਹਤ ਹਦੂਰਿ ॥***
***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***
***ਰੋਵਹਿ ਸੇਖ ਮਸਾਇਕ ਪੀਰ ॥***
***ਅੰਤਿ ਕਾਲਿ ਮਤੁ ਲਾਗੈ ਭੀੜ ॥***
***ਰੋਵਹਿ ਰਾਜੇ ਕੰਨ ਪੜਾਇ ॥***
***ਘਰਿ ਘਰਿ ਮਾਗਹਿ ਭੀਖਿਆ ਜਾਇ ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***

*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਹੁਣ ਸੁਖੀਆ ਕੌਣ ਹੈ, ਮਹਾਰਾਜ ਕਹਿੰਦੇ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ- ੯੫੪*

ਦੇਖੋ, ਮਹਾਰਾਜ ਨੇ ਸਾਰੇ ਦੁੱਖਾਂ ਦਾ ਇਲਾਜ ਦਸ ਦਿਤਾ। ਜਿਹੜੇ ਬਚਨ ਸ਼ੁਰੂ ਵਿੱਚ ਕਹੇ ਸੀ ਨਾ ਕਿ -

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਜਿਹੜਾ ਓਸ ਨਾਮ ਨੂੰ ਮਨ ਲੈਂਦਾ ਹੈ, ਕਹਿੰਦੇ ਉਹ ਜਿੱਤ ਗਿਆ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥*
*ਅੰਗ - ੯੫੪*

ਬਾਕੀ ਹਾਰ ਕੇ ਸੰਸਾਰ ਤੋਂ ਚਲੇ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਸਾਨੂੰ ਕਹਿੰਦੇ ਨੇ ਕਿ ਪਿਆਰਿਓ! ਇਨ੍ਹਾਂ ਕਲੇਸ਼ਾਂ ਦੇ ਵਿੱਚ ਪਏ ਹੋਏ ਤੁਸੀਂ ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦਵੈਸ਼, ਸਰੀਰ ਛੁਟ ਜਾਣੇ ਨੇ, ਮੁੜ ਕੇ ਜੂਨਾਂ 'ਚ ਘੁੰਮਦੇ ਫਿਰਾਂਗੇ। ਕਿਤੇ ਕੁੱਤੇ ਬਣ ਕੇ ਫਿਰਦੇ ਹਾਂ ਪਟਾ ਪੁਆਈ ਗਲ ਵਿੱਚ, ਕਿਤੇ ਬਲਦ ਬਣ ਕੇ ਸੋਟੀਆਂ ਖਾ ਰਹੇ ਹਾਂ, ਕਿਤੇ ਘੋੜਾ ਬਣ ਕੇ ਸਵਾਰੀ ਪਿੱਠ 'ਤੇ ਚੁੱਕੀਂ ਫਿਰਦੇ ਹਾਂ। ਕਹਿੰਦੇ, ਸਮਝ ਲਓ ਇਹਨੂੰ, ਸਮਝ ਕੇ ਜਿਸ ਕੰਮ ਲਈ ਆਏ ਹੋਂ, ਕਰੋ ਓਸਨੂੰ।

*ਧਾਰਨਾ - ਇਹੋ ਤੇਰੀ ਵਾਰੀ ਹੈ*
*ਗੋਬਿੰਦ ਮਿਲਣੇ ਦੀ।*
*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਅੰਗ - ੧੨*

ਕਹਿੰਦੇ ਜੀ! ਇਹ ਤਾਂ ਅਸੀਂ ਰੋਜ਼ ਪੜ੍ਹਦੇ ਹਾਂ, ਫਿਰ ਤਾਂ amune ਹੋ ਗਿਆ ਤੂੰ। ਕਦੇ ਤੇਰੇ ਅੰਦਰ ਹੌਲ ਨਹੀਂ ਪੈਦਾ, ਕਦੇ ਤੈਨੂੰ ਫਿਕਰ ਨਹੀਂ ਹੁੰਦਾ ਕਿ ਦਿਨ ਤਾਂ ਲੰਘਦੇ ਜਾਂਦੇ ਨੇ।

*ਦਿਨ ਤੇ ਪਹਰ ਪਹਰ ਤੇ ਘਰੀਆਂ*
*ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥ ਅੰਗ - ੬੯੨*

ਉਹ ਤਾਂ ਦਿਨ ਨੇੜੇ ਆ ਗਿਆ ਤੇ ਅਜੇ ਬਣਿਆ ਕੁਛ ਨਹੀਂ ਹੈ। ਕੀ ਕਰੇਂਗਾ, ਫੇਰ ਅਗਲਾ ਜਨਮ ਧਾਰ ਕੇ ਕਰੇਂਗਾ। ਜੇ ਹੁਣ ਨਹੀਂ ਕਰ ਸਕਿਆ ਫੇਰ ਕੀ ਕਰੇਂਗਾ।

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*
*ਅੰਗ - ੧੧੫੯*

ਜਿਹੜਾ ਕੁਛ ਕਰਨਾ ਹੈ ਹੁਣੇ ਕਰ ਲੈ। ਕਹਿੰਦੇ ਜੀ, ਸਮਾਂ ਥੋੜ੍ਹਾ ਰਹਿ ਗਿਆ। ਕਹਿੰਦੇ ਸਮੇਂ ਦੀ ਗੱਲ ਨਹੀਂ ਹੈ ਇਹਦੇ ਵਿੱਚ। ਜੇ ਤੈਨੂੰ ਨਿਹਚਾ ਆ ਜਾਵੇ, ਤੇਰਾ ਮਨ ਮੰਨ ਜਾਵੇ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥*
*ਅੰਗ - ੯੫੪*

ਮਹਾਰਾਜ ਤਾਂ ਕਹਿ ਗਏ, ਤੈਨੂੰ ਨਾਮ 'ਤੇ ਵਿਸ਼ਵਾਸ਼ ਆ ਜਾਏ, ਨਾਮ ਪਰੀਪੂਰਨ ਹੈ, ਨਾਮ ਤੇਰੇ ਅੰਦਰ ਹੈ, ਨਾਮ ਤੇਰੇ ਬਾਹਰ ਹੈ, ਸਭ ਕੁਛ ਨਾਮ ਤੋਂ ਹੀ ਹੋਇਆ, ਜੋ ਕੁਛ ਤੂੰ ਦੇਖਦਾ ਹੈਂ ਓਸ ਨਾਮ ਸ਼ਕਤੀ ਤੋਂ ਹੀ ਹੋਇਆ ਹੈ। ਨਾਮ ਸ਼ਕਤੀ ਪਰੀਪੂਰਨ ਹੈ। ਸ਼ਬਦ ਤਕ ਪਹੁੰਚ ਤੇਰੀ ਲੱਗੀ ਰਹੇ, ਸ਼ਬਦ ਦੇ ਉਪਰਲੇ ਪਾਸੇ ਏਕੰਕਾਰ ਹੈ। ਉਹ ਏਕੰਕਾਰ 'ਤੇ ਨਿਗ੍ਹਾ ਰੱਖ ਕੇ ਬਾਣੀ ਪੜ੍ਹ, ਨਿਗ੍ਹਾ ਰੱਖ ਕੇ ਭਜਨ ਕਰ। ਤੂੰ ਪ੍ਰਮੇਸ਼ਰ ਦਾ ਰੂਪ ਹੈਂ, ਪ੍ਰਮੇਸ਼ਰ 'ਚੋਂ ਆਇਆ ਹੈ, ਪ੍ਰਮੇਸ਼ਰ ਦੇ ਵਿੱਚ ਲੀਨ ਹੋ ਜਾਣਾ ਹੈ, ਵਿਚਾਲੇ-ਵਿਚਾਲੇ ਜਿਹੜਾ ਦੁੱਖ ਪਾਉਣਾ ਹੈ, ਇਹ ਆਪਣੀ ਮਾਇਆ ਦੀ ਮਨੌਤ ਕਰਕੇ ਪਾ ਰਿਹਾ ਹੈਂ।

*ਬਰਨੁ ਚਿਹਨੁ ਨਾਹੀ ਕਿਛੁ ਰਚਨਾ*
*ਮਿਥਿਆ ਸਗਲ ਪਸਾਰਾ ॥ ਅੰਗ- ੯੯੯*

ਮਹਾਰਾਜ ਤਾਂ ਹੁਣ ਭੇਤ ਦੀ ਗੱਲ ਦੱਸ ਰਹੇ ਨੇ। ਕਹਿੰਦੇ ਜਿਹੜਾ ਪਸਾਰਾ ਵਗੈਰਾ ਦੇਖਦਾ ਹੈਂ ਨਾ ਇਹ ਸਾਰਾ ਮਿਥਿਆ ਹੀ ਹੈ, ਹੈ ਨਹੀਂ ਕੁਛ ਵੀ। ਭੁਲੇਖਾ ਹੈ ਇਹ।

*ਭਣਤਿ ਨਾਨਕੁ ਜਬ ਖੇਲੁ ਉਝਾਰੈ*
*ਤਬ ਏਕੈ ਏਕੰਕਾਰਾ ॥ ਅੰਗ - ੯੯੯*

ਜਦੋਂ ਖੇਲ੍ਹ ਬੰਦ ਕਰ ਲਈ ਨਾ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਵਿਚਾਲੇ-ਵਿਚਾਲੇ ਖੇਲ੍ਹਦਾ ਸੀ, ਬੇਅੰਤ ਬ੍ਰਹਿਮੰਡ ਬਣ ਗਏ, ਬੇਅੰਤ ਦੁਨੀਆਂ ਬਣ ਗਈ। ਕੋਈ ਨਰਕ ਨੂੰ ਜਾ ਰਿਹਾ ਹੈ, ਕੋਈ ਸੁਰਗ ਨੂੰ ਜਾ ਰਿਹਾ ਹੈ, ਕਰਮਾਂ ਦਾ ਗੇੜ ਚੱਲ ਪਿਆ। ਕਰਮਾਂ ਦਾ ਬੱਧਾ ਤੁਰਿਆ ਫਿਰਦਾ ਹੈ। ਵਾਸ਼ਨਾ ਮੁੱਕਦੀ ਨਹੀਂ, ਇਹਦਾ ਆਉਣਾ ਜਾਣ ਖਤਮ ਨਹੀਂ ਹੁੰਦਾ। ਇੱਕ ਖੇਲ੍ਹ ਤੋਰ ਦਿੱਤਾ ਗੇਂਦ ਰੋੜ ਦਿੱਤੀ ਉਹ ਹੁਣ ਠਹਿਰਦੀ ਹੀ ਨਹੀਂ ਹੈ। ਐਸੇ ਤਰ੍ਹਾਂ ਜੀਵ ਰੋੜ੍ਹ ਦਿੱਤੇ। ਕਰਮਾਂ ਦੇ ਵਿੱਚ ਪੈ ਗਏ ਆਪੇ ਹੀ। ਜੇ ਹਉਮੈ ਮਰ ਜਾਵੇ, ਕਰਮ ਹੀ ਨਹੀਂ ਹੁੰਦਾ, ਫੇਰ ਓਦੋਂ ਹੀ ਛੁਟਕਾਰਾ ਹੋ ਬੋਲੋ ਭਾਈ।

♠♠♠♠♠

# ਬਿਜੈ ਸਿੰਘ

***ਭਾਈ ਵੀਰ ਸਿੰਘ ਜੀ***

## ਕਾਂਡ ਸਤਾਰਵਾਂ

ਬੇਗਮ ਵਿਚਾਰੀ ਦੇ ਸਿਰ ਹੋਰ ਬਿਪਤਾ ਆ ਪਈ। ਉਸਦੀਆਂ ਉਮੈਦਾ ਦਾ ਨੌ-ਨਿਹਾਲ, ਪੰਜਾਬ ਦਾ ਮਾਲਕ ਤਿੰਨ ਵਰ੍ਹੇ ਦਾ ਨਵਾਬ, ਇਕਲੌਤਾ ਬਚੜਾ 'ਅਮੀਨੁਦੀਨ' ਸੀਤਲਾ ਦੇ ਰੋਗ ਨਾਲ ਲੁੱਛ ਲੁੱਛ ਕੇ ਇਸ ਸੰਸਾਰ ਤੋਂ ਤੁਰਦਾ ਹੋਇਆ। ਵਿਚਾਰੀ ਦੇ ਭਾ ਦੀ ਅਪਦਾ ਆ ਪਈ; ਸਾਰਾ ਸੰਸਾਰ ਅੱਖਾਂ ਅੱਗੇ ਹਨ੍ਹੇਰਾ ਹੋ ਗਿਆ। ਪਤੀ ਮੋਇਆ ਸੀ ਤਾਂ ਰਾਜ ਭਾਗ ਤਾਂ ਨਹੀਂ ਸੀ ਗਿਆ, ਉਹ ਇਸ ਬੱਚੇ ਦੇ ਬਹਾਨੇ ਬਚ ਗਿਆ ਸੀ, ਪਰ ਸ਼ੋਗ! ਇਸ ਲਾਡਲੇ ਦੀ ਮੌਤ ਨਾਲ ਤਾਂ ਸਭ ਕੁਝ ਉਡ ਗਿਆ ਦਿੱਸਦਾ ਹੈ। ਪਰ ਸ਼ੀਲ ਕੌਰ ਦੀ ਨੇਕ ਸਲਾਹ ਨੇ ਬੇਗਮ ਨੂੰ ਗਮ ਵਿਚ ਵੀ ਉਤਮ ਸਹਾਰਾ ਦਿੱਤਾ। ਰਾਤ ਨੂੰ ਬੇਗਮ ਬਿਜੈ ਸਿੰਘ ਦੇ ਪਾਸ ਸਲਾਹ ਲੈਣ ਲਈ ਪਹੁੰਚੀ। ਸਿੰਘ ਦਾ ਸੁੰਦਰ ਚਿਹਰਾ ਬੇਗਮ ਦੇ ਦਿਲ ਵਿਚ ਕੁਛ ਘਰ ਕਰ ਗਿਆ ਹੋਇਆ ਸੀ। ਕਾਹਨੂੰ ਵਿਚਾਰੀ ਨੇ ਕਦੀ ਕਿਸੇ ਸੁਡੌਲ ਸੁਹਣੇ ਸਿੰਘ ਦਾ ਦਰਸ਼ਨ ਕੀਤਾ ਸੀ, ਇਸ ਪਰ ਜਦ ਸਿੰਘ ਹੁਰਾਂ ਨਾਲ ਗੱਲਾਂ ਕੀਤੀਆਂ ਤੇ ਸਲਾਹਵਾਂ ਮਸ਼ਵਰੇ ਪੁਛੇ ਤਦ ਉਸਦੀ ਮਿੱਠੀ ਆਵਾਜ਼ ਤੇ ਲੁਕਮਾਨ ਵਾਲੀ ਦੂਰੰਦੇਸ਼ੀ ਦੀ ਅਕਲ ਦੇਖ ਕੇ ਬੇਗਮ ਦੇ ਜੀ ਵਿਚ ਬੜਾ ਗੁਣੀ ਤੇ ਆਦਰ ਦੇਣ ਜੋਗ ਦਾਨਾ ਭਾਸਣ ਲੱਗ ਪਿਆ। ਬਿਜੈ ਸਿੰਘ ਨੇ ਉਸ ਨੂੰ ਸਮਝਾਇਆ ਕਿ ਦਰਬਾਰੀਆਂ ਨੂੰ ਮੁੱਠ ਵਿੱਚ ਲੈ ਕੇ ਤੇ ਅੱਗੇ ਵਾਂਗੂੰ ਨਵਾਬੀ ਆਪਣੇ ਨਾਮ ਕਰਵਾ ਲਵੇ। ਦੋਵੇਂ ਧਿਰਾਂ ਤੇਰੇ ਪ੍ਰਬੰਧ ਨਾਲ ਖੁਸ਼ ਹਨ। ਇਧਰ ਸਿੱਖਾਂ ਨਾਲ ਲੜਨ ਦੀ ਥਾਵੇਂ ਕੋਈ ਸੁਲਹ ਦਾ ਕਦਮ ਚਾ ਲਓ, ਪਿਆਰ ਨਾਲ ਸੁਖ ਵਰਤ ਜਾਏਗਾ। ਸਵੇਰੇ ਹੀ ਬੇਗਮ ਨੇ ਦਰਬਾਰੀਆਂ ਨੂੰ ਸੱਦ ਕੇ ਐਸੀ ਗੱਲਬਾਤ ਕੀਤੀ ਕਿ ਸਭ ਨੂੰ ਮੁੱਠ ਵਿੱਚ ਲੈ ਲਿਆ ਅਰ ਹਕੂਮਤ ਆਪ ਸੰਭਾਲ ਲਈ। ਮਾਤਬਰ ਆਦਮੀ ਦਿੱਲੀ ਤੇ ਕਾਬਲ ਬੀ ਭੇਜ ਦਿੱਤੇ। ਹੁਣ ਬੇਗਮ ਦੇ ਨਾਮ ਦੁਹਾਂ ਪਾਸਿਆਂ ਤੋਂ ਨਵਾਬੀ ਦੇ ਪ੍ਰਵਾਨੇ ਆ ਗਏ ਅਰ ਮੁਰਾਦ ਬੇਗਮ ਸਾਰੇ ਪੰਜਾਬ ਦੀ ਰਾਣੀ ਬਣ ਗਈ। ਥੋੜ੍ਹੇ ਦਿਨਾਂ ਵਿਚ ਹੀ ਬੇਗਮ ਨੇ ਆਪਣਾ ਤਹਿਤ ਜਮ੍ਹਾ ਲਿਆ ਅਰ ਤ੍ਰੀਮਤ ਦਾ ਡੰਕਾ ਬਹਾਦਰਾਂ ਦੇ ਦੇਸ਼ ਵਿਚ ਵੱਜਣ ਲੱਗ ਪਿਆ। ਪਰ ਸਿੱਖਾਂ ਨੂੰ ਮਿਲਣ ਦੀ ਸਲਾਹ ਦਰਬਾਰੀਆਂ ਨੇ ਨਾ ਦਿੱਤੀ। ਸਿੰਘ ਹੁਣ ਕਿਤੇ ਕਿਤੇ ਸਿਰ ਚੁਕਦੇ, ਪਰ ਫੇਰ ਵੀ ਮੋਮਨ ਖਾਂ ਦੀ ਗਸ਼ਤੀ ਫੌਜ ਉਨ੍ਹਾਂ ਨੂੰ ਲੁਕਣ ਪਰ ਮਜ਼ਬੂਰ ਕਰ ਦਿੰਦੀ। ਇਕ ਦਿਨ ਸਿੰਘਾਂ ਨੇ ਕਿਹਾ, ਬਈ ਕੋਈ ਮੋਮਨ ਖਾਂ ਦਾ ਸਿਰ ਵੱਢ ਕੇ ਲਿਆਵੇ ਇਹ ਅਲਖ ਤਾਂ ਮੁੱਕੇ। ਭਾਈ ਮਨੀ ਸਿੰਘ ਜੀ ਦੇ ਭਤੀਜੇ ਅਘੜ ਸਿੰਘ ਜੀ ਨੇ ਭੇਸ ਵਟਾ ਕੇ ਲਾਹੌਰ ਨੂੰ ਕੂਚ ਕੀਤਾ ਅਰ ਦਾਉ ਪਾ ਕੇ ਮੋਮਨ ਖਾਂ ਨੂੰ, ਜਦ ਉਹ ਦਰਿਆ ਦੇ ਕਿਨਾਰੇ ਬੈਠਾ ਸੀ, ਜਾ ਵੰਗਾਰਿਆ ਤੇ ਆਖਿਆ; ਖਾਂ ਜੀ! ਕਾਹਨੂੰ ਲੋਕਾਂ ਤੋਂ ਬੇਗੁਨਾਹਾਂ ਨੂੰ ਮਰਵਾਓਂਦੇ ਹੋ, ਆਓ ਮਰਦ ਬਣੋ ਦੋ ਦੋ ਹੱਥ ਕਰੀਏ, ਦੇਖੀਏ ਤੁਸਾਂ ਵਿਚ ਕਿੰਨੀ ਕੁ ਮਰਦਾਨਗੀ ਹੈ। ਮੋਮਨ ਖਾਂ ਘਬਰਾ ਉਠਿਆ, ਤਲਵਾਰ ਤੇ ਢਾਲ ਸੰਭਾਲੀ। ਚੰਗਾ ਟਾਕਰਾ ਕੀਤਾ, ਪਰ ਬੜੇ ਸੰਗਰਾਮ ਮਗਰੋਂ ਸਿੰਘ ਜੀ ਨੇ ਮੋਮਨ ਖਾਂ ਦਾ ਸਿਰ ਲਾਹ ਲਿਆ ਅਰ ਉਸੇ ਦੀ ਘੋੜੀ ਤੇ ਚੜ੍ਹ ਕੇ ਐਸਾ ਹਵਾ ਹੋਇਆ ਕਿ ਕਿਤੇ ਤੁਰਕਾਂ ਦੇ ਹੱਥ ਨਾ ਆਯਾ ਤੇ ਸਿਰ ਜਾ ਖਾਲਸੇ ਦੇ ਦੀਵਾਨ ਵਿਚ ਪੁਚਾਇਆ। ਸਰਕਾਰ ਪੰਜਾਬ ਵਿੱਚ ਹੁਣ ਕੋਈ ਹੋਰ ਐਸਾ ਬਲੀ ਸਰਦਾਰ ਨਾ ਸੀ, ਜੋ ਉਨ੍ਹਾਂ ਦਾ ਪਿੱਛਾ ਉਸ ਵਾਂਗੂੰ ਡੱਟ ਕੇ ਕਰਦਾ, ਸਗੋਂ ਵਿਚ ਵਿਚ ਬੇਗਮ ਦੇ ਟਾਵੇਂ ਟਾਵੇਂ ਦਰਬਾਰੀ ਹੀ ਸਿੱਖਾਂ ਨੂੰ ਉਸ਼ਕਲਾਂ ਦੇਣ ਲੱਗੇ ਕਿ ਤੁਸੀਂ ਫਸਾਦ ਕਰੋ ਅਰ ਰੌਲਾ ਪਾਓ, ਜੋ ਬੇਗਮ ਸਾਡੀ ਕਦਰ ਕਰੇ। ਇਸ ਦਾ ਕਾਰਨ ਇਹ ਸੀ ਕਿ ਸਾਰੇ ਦਰਬਾਰੀ ਬੇਗਮ ਨਾਲ ਅੰਦਰੋਂ ਅੰਦਰ ਵਿਗੜੇ ਰਹੇ ਸਨ, ਕਿਉਂਕਿ ਬੇਗਮ ਨੇ ਰਾਜ ਭਾਗ ਨੂੰ ਪਾ ਕੇ ਹੁਣ ਹੈਂਕੜ ਵਧਾ ਲਈ ਸੀ। ਪੰਜਾਬ ਨੂੰ ਆਪਣੇ ਚਰਨਾਂ ਵਿਚ ਵੇਖ ਕੇ ਅਬਲਾ ਤ੍ਰੀਮਤ ਦੀ ਨਜ਼ਰ ਪਾਟ ਗਈ ਸੀ। ਉਹ ਚਾਹੁੰਦੀ ਸੀ ਕਿ ਕੋਈ ਮੇਰੇ ਹੁਕਮ ਅੱਗੇ ਹੁਤ ਨਾ ਕਰੇ, ਕੋਈ ਕਹਿਆ ਨਾ ਮੋੜੇ। ਲੱਖਾਂ ਕਰੋੜਾਂ ਰੁਪਏ ਬੇਗਮ ਦੇ ਹੱਥਾਂ ਵਿੱਚ, ਅਵਸਥਾ ਖਾਣੇ ਦੀ ਤੇ ਮੌਜਾਂ ਦੀ, ਮੁਫਤ-ਖੋਰੇ ਕੁਸਾਮਤੀ ਚਾਰ ਚੁਫੇਰੇ, ਫੁਲਾਹੁਣੀਆਂ ਦੇ ਦੇ ਲੁੱਟਣ ਵਾਲੇ, ਖਾਨਾ ਖਰਾਬ ਮੁਸਾਹਿਬ ਦੁਆਲੇ ਸਨ। ਸ਼ਾਲਾਮਾਰ ਵਰਗੇ ਸੁਹਣੇ ਬਾਗ ਸੈਲਾਂ ਕਰਨ ਨੂੰ, ਸੁੰਦਰ ਜੁਆਨ ਸਖੀਆਂ ਭੈੜੇ ਪਾਸੇ ਲਾਉਣ ਵਾਲੀਆਂ ਖਾਣ ਪੀਣ ਪਹਿਨਣ ਸੁਖ ਦੇ ਸਾਰੇ ਸਾਧਨ ਕੋਲ, ਭਲਾ ਜੇ ਐਸ ਵੇਲੇ ਮਾਨ, ਹੰਕਾਰ ਤੇ ਸਭ ਨੂੰ ਤੁਛ ਜਾਨਣ ਦਾ ਕੀੜਾ ਸਿਰ ਵਿਚ ਨਾ ਵੜੇ ਤਾਂ ਕਿਹੜੇ ਵੇਲੇ ਵੜੇ? ਬੇਗਮ ਸਭ ਨਾਲ ਆਕੜ ਕੇ ਵਰਤਣ ਲਗ ਪਈ। ਦਰਬਾਰੀ ਤੇ ਉਮਰਾਵਾਂ ਦੇ ਵਸੀਕਾਰ ਘਟਾਉਣੇ ਸ਼ੁਰੂ ਕਰ ਦਿੱਤੇ, ਜੋ ਕਰੇ ਸੋ ਆਪ, ਜੋ ਹੁਕਮ ਦੇਵੇ ਸੋ ਆਪ। ਇਸ ਪਰ ਇਕ ਭੁੱਲ ਇਹ ਹੋ ਗਈ ਕਿ ਬੇਗਮ ਨੇ ਭਿਖਾਰੀ ਖਾਂ ਦਾ ਮਨਸਬ ਬਹੁਤ ਵਧਾਇਆ ਤੇ ਦਿਲੋਂ ਉਸ ਦੀ ਸੁੰਦਰ ਸ਼ਕਲ ਪਰ ਮਸਤ ਹੋ ਗਈ। ਭਾਵੇਂ ਇਕ ਵਾਰ ਸ਼ੀਲ ਕੌਰ ਦੇ ਕਹੇ ਟਲ ਗਈ ਸੀ, ਪਰ ਇਹ ਅੱਗ ਅੰਦਰ ਧੁਖਦੀ ਰਹੀ। ਇਸ ਅਮੀਰੀ ਦੇ ਠਾਠ ਵਿਚ ਜ਼ਹਿਰ ਦਾ ਬੀਜ ਪੁੰਗਰ ਕੇ ਬ੍ਰਿਛ ਹੋ ਗਿਆ ਅਰ ਫੁਲ ਪੈ ਕੇ ਇਹ ਫਲ ਲਗਾ ਕਿ ਬੇਗਮ ਨੇ ਇਕ ਦਿਨ ਪੂਰਨ ਦੀ ਮਾਤਾ ਵਾਂਗੂੰ ਅਕਲ ਦੇ ਕੋਟ ਵਜ਼ੀਰ ਨੂੰ ਮਹਿਲਾਂ ਵਿਚ ਸੱਦ ਕੇ ਪੱਲਿਓਂ ਫੜ ਲਿਆ। ਉਸ ਦੇ ਪਤੀ ਦੇ ਲੂਣ ਦੇ ਪੱਲੇ ਨੇਕ ਵਜ਼ੀਰ ਨੇ ਹੱਥ ਜੋੜੇ, ਪਰ ਵਿਅਰਥ। ਬੇਗਮ ਨੇ ਬੜੇ ਹੀਲੇ ਕੀਤੇ, ਵਾਸਤੇ ਪਾਏ, ਹਥ ਜੋੜੇ, ਪਰ ਵਿਅਰਥ। ਲਾਲਚ ਦਿਖਾਇਆ, ਦਾਬੇ ਧੌਂਸੇ ਦਿਤੇ ਪਰ ਵਜ਼ੀਰ ਨੇ ਇਕ ਨਾ ਮੰਨੀ। ਹੁਕਮ ਮੋੜਨ ਨੂੰ ਬੇਗਮ ਨੇ ਆਪਣੀ ਹੱਤਕ ਸਮਝਿਆ। ਉਸੇ ਵੇਲੇ ਗੋਲਿਆ ਨੂੰ ਸੱਦ ਕੇ ਵਜ਼ੀਰ ਹਲਾਵੇ ਕੀਤਾ ਗਿਆ ਅਰ ਤੜਾ ਤੜ ਜੁੱਤੀਆਂ ਦੀ ਮਾਰ ਸ਼ੁਰੂ ਹੋ ਗਈ। ਵਿਚਾਰੇ ਦਾ ਜੁੱਤੀਆਂ ਨਾਲ ਸਿਰ ਖੁੱਲ੍ਹ ਗਿਆ, ਪਿੰਡੇ ਦੀ ਖੱਲ ਉਧੜ ਪਈ ਅਰ ਜਿੰਦ ਸਿਸਕ ਸਿਸਕ ਕੇ ਸੁਹਣੀ ਦੇਹ ਨੂੰ ਛੱਡ ਗਈ। ਇਹ ਕਾਰਾ

ਹੋਇਆ ਤਾਂ ਮਹਿਲਾਂ ਵਿਚ ਸੀ, ਪਰ ਇਸ ਭਿਆਨਕ ਜ਼ੁਲਮ ਦੀ ਖਬਰ ਦਰਬਾਰੀਆਂ ਤੀਕਰ ਪਹੁੰਚ ਗਈ। ਸਾਰੇ ਘਰ ਬੈਠ ਗਏ, ਦਰਬਾਰ ਵਿੱਚ ਆਉਣਾ ਛੱਡ ਦਿਤਾ, ਅਰ ਅੰਦਰੋਂ ਅੰਦਰ ਸਿੰਘਾਂ ਨੂੰ ਕਹਿ ਦਿੱਤਾ ਕਿ ਮਨ-ਭਾਉਂਦੀਆਂ ਮੌਜਾਂ ਕਰੋ, ਕੋਈ ਭੜੂਆ ਰੋਕਣ ਵਾਲਾ ਨਹੀਂ ਹੈ, ਓਧਰ ਮਤੇ ਏਹ ਮਤਾਏ ਕਿ ਸਾਰਾ ਹਾਲ ਦਿੱਲੀ ਲਿਖ ਘੱਲੀਏ।

ਬਾਹਰ ਤਾਂ ਬੇਗਮ ਦਾ ਇਹ ਸ਼ੁਕਰਤ ਨਾਵਾਂ ਘੁਲਿਆ ਤੇ ਅੰਦਰ ਉਸ ਨੂੰ ਸਹਾਰਾ ਦੇਣ ਵਾਲੀ ਸ਼ੀਲ ਕੌਰ ਨਾਲ ਵਿਗੜ ਗਈ। ਉਸਦਾ ਸਬੱਬ ਇਹ ਹੋਇਆ ਕਿ ਬਿਜੈ ਸਿੰਘ ਸਮਾਣ ਬੁਰਜ ਦੇ ਸੁੱਖਾਂ ਨੂੰ ਛੱਡ ਕੇ ਆਪਣੇ ਭਰਾਵਾਂ ਵਿਚ ਪਹੁੰਚਿਆ ਚਾਹੁੰਦਾ ਸੀ ਤੇ ਬੇਗਮ ਨੂੰ ਬਿਜੈ ਸਿੰਘ ਦਾ ਜਾਣਾ ਐਉਂ ਭਾਸਦਾ ਸੀ, ਜਿਕੁਰ ਸ਼ੀਸ਼ੇ ਵਿਚੋਂ ਕਿਸੇ ਜੜੀ ਹੋਈ ਸੁੰਦਰ ਮੂਰਤ ਨੂੰ ਕੱਢਣਾ ਹੁੰਦਾ ਹੈ। ਜਿਉਂ-ਜਿਉਂ ਸਿੰਘ ਟਬਰ ਤੁਰਨੇ ਨੂੰ ਤਿਆਰ ਹੋਵੇ, ਤਿਉਂ-ਤਿਉਂ ਬੇਗਮ ਦੀਆਂ ਮਿਹਰਬਾਨੀਆਂ ਵਧਣ ਲੱਗੀਆਂ। ਰੁਪਿਆ ਪੈਸਾ ਹਾਜ਼ਰ, ਬੱਤੀਆਂ ਦੰਦਾਂ ਵਿਚੋਂ ਜੋ ਨਿਕਲੇ ਸੋ ਹਾਜ਼ਰ, ਇਥੋਂ ਤੀਕ ਕਿ ਬੇਗਮ ਸਿੰਘ ਜੀ ਦੇ ਚਿਹਰੇ ਤੋਂ ਪਛਾਣੇ ਕਿ ਇਸ ਦੇ ਚਿੱਤ ਵਿਚ ਕੀ ਹੈ ਤੇ ਉਹ ਝੱਟ ਪੂਰਾ ਕਰ ਦੇਵੇ। ਬੇਗਮ ਦੇ ਦਿਲ ਦੀ ਲਗਨ ਬਿਜੈ ਸਿੰਘ ਹੁਰਾਂ ਵਲ ਉਲਟ ਰਹੀ ਸੀ, ਸੋ ਇਥੋਂ ਤੀਕ ਵਧੀ ਕਿ ਬੇਗਮ ਨੂੰ ਕਿਸੇ ਦੀ ਸੁਹਬਤ ਨਾ ਭਾਵੇ, ਜਦ ਸਿੰਘ ਹੁਰਾਂ ਪਾਸ ਬੈਠੇ ਤਦ ਜੀ ਲੱਗਾ ਰਹੇ। ਕਈ ਵੇਰ ਅੱਧੀ-ਅੱਧੀ ਰਾਤ ਤੱਕ ਬੈਠਿਆਂ ਰਾਜਸੀ ਚਰਚਾਂ ਹੁੰਦੀਆਂ ਰਹਿੰਦੀਆਂ। ਪਰ ਸਵੱਛ ਮਨ ਵਾਲੇ ਸਿੰਘ ਜੀ ਨੂੰ ਕਿਲੇ ਦਾ ਰਹਿਣਾ ਐਉਂ ਬੁਰਾ ਲੱਗੇ ਜਿਕੁਰ ਕਿਸੇ ਬੁਲਬੁਲ ਨੂੰ ਹੀਰਿਆਂ ਦਾ ਜੜ੍ਹਤ ਪਿੰਜਰਾ। ਜਦ ਸਭ ਹੀਲੇ ਰਹਿ ਚੁੱਕੇ ਤਾਂ ਇਕ ਦਿਨ ਮੁਨ੍ਹੇਰੇ ਸਿੰਘ ਹੁਰੀਂ ਟੱਬਰ ਸਣੇ ਚੁਪ ਕੀਤੇ ਉਡ ਤੁਰੇ। ਜਦ ਬੂਹੇ ਕੋਲ ਪਹੁੰਚੇ ਤਦ ਪਹਿਰੇਦਾਰਾਂ ਨੇ ਰੋਕਿਆ ਕਿ ਆਪ ਨੂੰ ਬਾਹਰ ਜਾਣੇ ਦੀ ਆਗਿਆ ਨਹੀਂ ਅਰ ਝੱਟ ਬੇਗਮ ਨੂੰ ਖਬਰ ਪਹੁੰਚੀ ਬੇਗਮ ਆਪ ਆ ਕੇ ਮੋੜ ਕੇ ਲੈ ਗਈ, ਵੱਖਰਿਆਂ ਬਿਠਾ ਕੇ ਮਿੰਨਤਾਂ ਨਾਲ ਸਮਝਾਇਆ। ਹੁਣ ਸਿੰਘ ਜੀ ਦੁਥੇੜ ਫਸੇ ਸੱਪ ਦੇ ਮੂੰਹ ਛਛੂੰਧਰ, ਖਾਏ ਤੇ ਕੋਹੜਾ, ਛੱਡੇ ਤਾਂ ਅੰਨ੍ਹਾਂ, ਕਰਤਾਰ ਦਾ ਭਾਣਾ ਜਾਣ ਕੇ ਚਾਰ ਦਿਨ ਸਸਤਾ ਕੇ ਨਿਕਲਣੇ ਦਾ ਸੰਕਲਪ ਕਰਕੇ ਟਿਕ ਗਏ।

ਸਿੰਘ ਨੂੰ ਤਾਂ ਕੋਈ ਹੋਰ ਸੰਸਾ ਨਾ ਫੁਰਿਆ, ਉਹ ਰਾਜਸੀ ਮੁਸ਼ਕਲਾਂ ਨੂੰ ਹੀ ਬੇਗਮ ਦੇ ਅਟਕਾਉਣ ਦਾ ਕਾਰਨ ਸਮਝਦੇ ਰਹੇ, ਪਰ ਸੀਲ ਕੌਰ; ਜੋ ਸਾਰੇ ਰੰਗ ਢੰਗ ਨੂੰ ਡੂੰਘੀ ਨਜ਼ਰ ਨਾਲ ਦੇਖਦੀ ਸੀ, ਅੰਦਰੋਂ ਅੰਦਰ ਡੁੱਬਣ ਲੱਗ ਗਈ ਕਿ ਕਿਤੇ ਮੇਰੇ ਪਤੀ ਦੀ ਦਸ਼ਾ ਵੀ ਭਿਖਾਰੀ ਖਾਂ ਵਾਲੀ ਨਾ ਹੋਵੇ। ਉਹ ਵਿਚਾਰੀ ਨਾ ਤਾਂ ਡਰਦੀ ਕੁਛ ਬੇਗਮ ਨੂੰ ਕਹਿ ਸਕੇ ਤੇ ਨਾ ਹੀ ਨਿਕਲ ਚੱਲਣੇ ਦਾ ਉਪਾਉ ਦਿਸ ਆਵੇ। ਕਈ ਦਿਨ ਸੋਚਾਂ ਵਿਚ ਰਹੀ, ਛੇਕੜ ਪਤੀ ਅੱਗੇ ਰੋਣਾ ਰੋਈ।

ਸਿੰਘ ਜੀ ਨੇ ਸੁਣ ਕੇ ਤੀਉੜੀ ਪਾਈ, ਚੁੱਪ ਹੋ ਗਏ, ਫੇਰ ਦੰਦਾਂ ਵਿਚ ਬੁੱਲ੍ਹ ਘਟੇ, ਫੇਰ ਸਹਿਜੇ ਸਹਿਜੇ ਸਿਰ ਹਿਲਾ ਕੇ ਬੋਲੇ – ਮੈਂ ਭੀ ਸੋਚਦਾ ਸੀ ਪਰ ਮੈਂ ਇਸ ਸੋਚ ਨੂੰ ਅਪਵਿਤਰ ਜਾਣ ਕੇ ਆਪਣੇ ਦਿਲ ਵਿਚ ਥਾਂ ਨਹੀਂ ਫੜਨ ਦਿੰਦਾ ਸੀ। ਉਂਞ ਮੈਂ ਇਸੇ ਜਤਨ ਵਿੱਚ ਰਿਹਾ ਹਾਂ ਕਿ ਕਿਵੇਂ ਇਥੋਂ ਨਿਕਲ ਚੱਲੀਏ, ਏਥੇ ਰਹਿਣਾ ਠੀਕ ਨਹੀਂ, ਭਰਾਵਾਂ ਵਿੱਚ ਅੱਪੜੀਏ; ਸੇਵਾ ਦਾ ਸਮ੍ਹਾਂ ਫੇਰ ਆ ਰਿਹਾ ਹੈ ਪਰ ਇਸ ਪਾਸੇ ਮੈਂ ਸੋਚਾਂ ਨੂੰ ਵਕਤ ਨਹੀਂ ਦਿੱਤਾ। ਮੇਰਾ ਜੀ ਕਹੇ ਕਿ ਕਿਸੇ ਨੂੰ ਦੋਸ਼ ਦੇਣਾ ਠੀਕ ਨਹੀਂ, ਕਿਸੇ ਦੇ ਦਿਲ ਦਾ ਕੀ ਪਤਾ ਹੈ, ਮੈਂ ਜੇ ਉਸ ਦੇ ਦਿਲ ਨੂੰ ਖੋਟਾ ਸਮਝਾ ਅਰ ਬੁਰੇ ਸੰਕਲਪ ਵਾਲਾ ਜਾਣਾ ਤਦ ਆਪਣੇ ਮਨ ਨੂੰ ਬਿਨਾਂ ਪੱਕੇ ਸਬੂਤ ਦੇ ਬਦੀ ਦੇ ਬਗੀਚੇ ਦੀ ਸੈਰ ਦਾ ਸਮਾਂ ਦਿੰਦਾ ਹਾਂ, ਇਸ ਕਰਕੇ ਇਸ ਖਿਆਲ ਨੂੰ ਮਨ ਦੀਆਂ ਦਲੀਜਾਂ ਦੇ ਅੰਦਰ ਪੈਰ ਨਹੀਂ ਧਰਨ ਦਿੱਤਾ। ਅੱਜ ਤੁਹਾਡੇ ਕਹਿਣ ਪਰ ਮੈਨੂੰ ਬੀ ਸੰਸਾ ਹੋ ਗਿਆ ਹੈ ਕਿ ਬੇਗਮ ਦਾ ਖਿਆਂਲ ਇਸ ਤਰ੍ਹਾਂ ਦਾ ਹੈ। ਤੁਹਾਡੀ ਦਲੀਲ ਠੀਕ ਹੈ ਅਰ ਤੁਹਾਡੇ ਸਬੂਤ ਭਰੋਸਾ ਕਰਨੇ ਯੋਗ ਹਨ, ਪਰ ਮੈਂ ਕੀ ਕਰਾਂ? ਬਹੁਤ ਸੋਚਿਆ ਹੈ, ਰਸਤਾ ਨਹੀਂ ਨਿਕਲਦਾ। ਹਾਂ, ਇਕ ਵਿਉਂਤ ਹੈ ਕਿ ਰੱਬ ਦੇ ਆਸਰੇ ਉੱਤਰ ਚੜ੍ਹਦੇ ਪਾਸੇ ਵੱਲੋਂ ਕਿਲ੍ਹੇ ਦੀ ਬਾਰੀ ਟੱਪ ਚਲੀਏ, ਭਲਾ ਜੇ ਸਾਬਤ ਨਿਕਲ ਚੱਲੀਏ। ਸ਼ੀਲ ਕੌਰ ਬੋਲੀ ਕਿ ਸਲਾਹ ਭਲੀ ਹੈ, ਪਰ ਕੋਈ ਉਤਰਨੇ ਦੀ ਹੋਰ ਡੌਲ ਕਰੋ। ਬਿਜੈ ਸਿੰਘ ਬੋਲਿਆ – ਮੈਂ ਵਿਉਂਤ ਕੀਤੀ ਤਾਂ ਹੈ ਪਰ ਜੇ ਨਿਭ ਜਾਵੇ ਤਾਂ। ਉਹ ਇਉਂ ਹੈ ਕਿ ਇਕ ਰੱਸੇ ਜਾਂ ਇਕ ਸਾਫੇ ਦੇ ਥਾਨ ਨਾਲ ਤੁਹਾਨੂੰ ਬੰਨ੍ਹ ਕੇ ਮੈਂ ਵਾਰੋ ਵਾਰੀ ਹੇਠਾਂ ਲਮਕਾ ਦਿਆਂਗਾ। ਥੋੜ੍ਹੀ ਵਿੱਥ ਪੁਰ ਇਕ ਉੱਚਾ ਪਿੱਪਲ ਹੈ, ਤੁਸੀਂ ਉਸ ਪੁਰ ਚੜ੍ਹ ਕੇ ਦੂਸਰਾ ਸਿਰਾ ਕੱਸ ਕੇ ਪਿੱਪਲ ਦੇ ਉਪਰਲੇ ਡਾਲ ਨਾਲ ਬੰਨ੍ਹ ਦੇਣਾ, ਜੋ ਸਿਰਾ ਮੇਰੇ ਹੱਥ ਵਿੱਚ ਹੋਵੇਗਾ ਉਸ ਦੇ ਆਸਰੇ ਫੇਰ ਮੈਂ ਭੀ ਪਲਮ ਪਵਾਂਗਾ।

ਵਹੁਟੀ ਗੱਭਰੂ ਨੇ ਇਹ ਗੋਂਦ ਗੁੰਦੀ ਰਾਤ ਨੂੰ ਬਿਜੈ ਸਿੰਘ ਸਮਾਂ ਤਾੜਨ ਲੱਗਾ ਪਰ ਪੇਸ਼ ਨਾ ਗਈ, ਦੂਜੀ ਰਾਤ ਪਹਿਰੇਦਾਰਾਂ ਦੀ ਨਜ਼ਰੋਂ ਨਾ ਬਚ ਸਕੇ, ਤੀਜੇ ਦਿਨ ਸੋਚਿਆ ਕਿ ਪਿਛਲੀ ਰਾਤ ਨਾਲੋਂ ਪਹਿਲੀ ਰਾਤ ਚੰਗੀ ਸੀ, ਕਿਉਂਕਿ ਇਧਰ ਪਹਿਲੇ ਪਹਿਰ ਤੋਂ ਮਗਰੋਂ ਪਹਿਰਾ ਲਗਦਾ ਹੈ ਸੋ ਉਸ ਤੋਂ ਪਹਿਲੇ ਹੀ ਨਿਕਲ ਚੱਲੀਏ। ਗੱਲ ਕੀ ਇਸੇ ਤਰ੍ਹਾਂ ਕੀਤਾ, ਜਦ ਉਥੇ ਪਹੁੰਚੇ ਤਦ ਆਪਣੇ ਆਹਰ ਵਿੱਚ ਲੱਗੇ। ਪਹਿਲੇ ਸ਼ੀਲ ਕੌਰ ਦੇ ਲੱਕ ਨਾਲ ਕਪੜਾ ਬੱਧਾ, ਤੇ ਉਸੇ ਨੂੰ ਉਸ ਨੇ ਹੱਥ ਪਾ ਲਿਆ ਅਰ ਬਾਹੀ ਪਰ ਚੜ੍ਹ ਗਈ। ਬਿਜੈ ਸਿੰਘ ਕੰਧ ਨੂੰ ਪੈਰ ਦਾ ਅੜਿਕਾ ਦੇ ਕੇ ਖੜ੍ਹਾ ਹੋ ਗਿਆ ਅਰ ਸ਼ੀਲ ਕੌਰ ਪਲਮਣੇ ਹੀ ਲੱਗੀ ਸੀ ਕਿ ਕਿਸੇ ਹੱਥ ਨੇ ਅਚਾਨਕ ਆ ਬਾਂਹ ਫੜੀ, ਤੇ ਕਿਹਾ ਭੈਣ ਜੀ! ਐਸ ਤਰ੍ਹਾਂ ਛੱਡ ਕੇ ਨੱਸ ਤੁਰੀਦਾ ਹੈ? ਤਿੰਨੇ ਵਿਚਾਰੇ ਹੱਕੇ ਬੱਕੇ ਹੋ ਗਏ, ਸਾਰੀ ਸਲਾਹ ਉਥੇ ਦੀ ਉਥੇ ਹੀ ਰਹਿ ਗਈ, ਸ਼ਰਮਿੰਦੇ ਹੋ ਕੇ ਮੁੜ ਤੁਰੇ ਅਰ ਫੇਰ ਆਪਣੇ ਦਲਾਨ ਵਿਚ ਆ ਬੈਠੇ।

ਬੇਗਮ – ਹੁਣ ਬੋਲੋ ਤਾਂ ਸਹੀ, ਚੁੱਪ ਕਿਉਂ ਹੋ ਗਏ? ਮੈਂ ਤੁਹਾਡੇ ਨਾਲ ਗੁੱਸੇ ਤਾਂ ਨਹੀਂ। ਮੈਂ ਜਾਣਦੀ ਹਾਂ, ਤੁਸੀਂ ਪੱਲਾ ਛੁਡਾਉਂਦੇ ਹੋ, ਮੈਂ ਤਾਂ ਆਸਰਾ ਪਰ ਨਾ ਤੁਹਾਨੂੰ ਜਾਤਾ ਹੋਇਆ ਹੈ ਤੇ ਤੁਸੀਂ ਐਉਂ ਖਹਿੜਾ ਛੁਡਾਉਂਦੇ ਹੋ ਸੱਚ ਹੈ – ਲੋੜ ਵੇਲੇ

ਦਾ ਕੋਈ ਬੇਲੀ ਨਹੀਂ ਬਣਦਾ।

ਸ਼ੀਲ ਕੌਰ - ਤੁਸੀਂ ਕਹਿੰਦੇ ਤਾਂ ਠੀਕ ਹੋ, ਪਰ ਅਸੀਂ ਤਾਂ ਆਪ ਦੇ ਪਾਸੋਂ ਕੰਨੀਂ ਨਹੀਂ ਕਤਰਾਉਂਦੇ, ਤੁਸੀ ਸਾਨੂੰ ਆਪ ਕੱਢਦੇ ਹੋ।

ਬੇਗਮ - ਉਹ ਕਿੱਕੁਰ?

ਸ਼ੀਲ ਕੌਰ - ਇਹ ਪਤੀ ਜੀ ਦੱਸਣਗੇ।

ਬੇਗਮ - ਕਿਉਂ ਮਹਾਰਾਜ (ਠੰਢਾ ਸਾਹ ਭਰ ਕੇ) ਕਦੀ ਹੋ ਸਕਦਾ ਹੈ ਕਿ ਕੋਈ ਆਪਣੀ ਜਿੰਦ ਨੂੰ ਆਪਣੇ ਤੋਂ ਦੂਰ ਕਰੇ?

ਬਿਜੈ ਸਿੰਘ - ਸੱਚ ਹੈ, ਪਰ ਕਈ ਹਫਮਾਂ ਖਾ ਹੀ ਲੈਂਦੇ ਹਨ ਨਾ!

ਬੇਗਮ - ਅਕਲ ਵੇਲੇ ਨਹੀਂ, ਨਿਰਾਸਤਾ ਵਿਚ, ਪਰ ਹਾਂ, (ਲੰਮਾ ਸਾਹ ਲੈ ਕੇ) ਕਿਵੇਂ?

ਬਿਜੈ ਸਿੰਘ - ਆਪ ਜੋ ਸਲਾਹ ਸਾਥੋਂ ਲੈਂਦੇ ਹੋ ਮੰਨਦੇ ਨਹੀਂ, ਆਪਣੀ ਕੀਤੀ ਕਰਦੇ ਹੋ। ਅਸੀਂ ਚਾਹੁੰਦੇ ਹੋ ਕਿ ਆਪ ਭਲੇ ਪੁਰਖਾਂ ਨੂੰ ਪਾਸ ਰੱਖੋ, ਆਪਣੇ ਧਰਮ ਦੇ ਕੰਮ ਪੂਰੇ ਕਰੋ, ਵਜ਼ੀਰਾਂ ਤੇ ਉਮਰਾਵਾਂ ਨਾਲ ਨਾ ਵਿਗਾੜੋ; ਤੁਸੀਂ ਨਹੀਂ ਮੰਨਦੇ, ਨਾ ਮੰਨਣ ਦਾ ਫਲ ਮਾੜਾ ਲੱਗਣਾ ਹੈ, ਇਸ ਕਰਕੇ ਫੇਰ ਕਿਨਾਰਾ ਹੀ ਚੰਗਾ।

ਬੇਗਮ - ਹਾਂ.........ਹੈ..........ਹਾਂ, ਪਰ ਹੁਣ ਜੋ ਕਹੋਗੇ ਹੋਵੇਗਾ। ਕੋਈ ਹੋਰ ਕਾਰਨ ਤਾਂ ਨਹੀਂ?

ਬਿਜੈ ਸਿੰਘ - ਹੋਰ ਭੀ ਹਨ, ਅਸੀਂ ਨਜ਼ਰਬੰਦ ਹੋ ਕੇ ਨਹੀਂ ਰਹਿਣਾ ਚਾਹੁੰਦੇ, ਅਸੀਂ ਚਾਹੁੰਦੇ ਹਾਂ ਕਿ ਅਸੀਂ ਆਪਣੇ ਦਲ ਵਿਚ ਚਲੇ ਜਾਈਏ, ਜਦ ਕਦੇ ਤੁਸੀਂ ਚਾਹੋ ਆਪ ਨੂੰ ਮਿਲਦੇ ਗਿਲਦੇ ਰਹੀਏ, ਜੇ ਆਪ ਨੂੰ ਸਾਡੀ ਮਦਦ ਦੀ ਕੋਈ ਮੁਨਾਸਿਬ ਲੋੜ ਪਵੇ ਉਹ ਪੂਰੀ ਕਰੀਏ ਪਰ ਤਾਂ ਜੇ ਤੁਸੀਂ ਸਿੱਖਾਂ ਨਾਲ ਬੀ ਸੰਵਾਰੋ।

ਬੇਗਮ - ਮੈਂ ਆਪ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ ਤੇ ਦਲਾਂ ਵਿੱਚ ਕਿੱਥੋਂ ਤੋਰਾਂ? ਨ੍ਹਾਵਣ ਗਏ ਨਾ ਬਾਹੁੜੇ ਜੋਗੀ ਕਿਸ ਦੇ ਮਿੱਤ, ਕਿਆ ਅੱਛਾ ਹੋਵੇ ਕਿ ਆਪ ਸਿੱਖਾਂ ਦਾ ਖਿਆਲ ਛੱਡ ਕੇ ਮੇਰੇ ਨਾਲ ਇਕੋ ਮਿੱਕੋ ਹੋ ਜਾਵੋ, ਤੁਸੀਂ ਬੜੇ ਚੰਗੇ ਵਜ਼ੀਰ ਬਣ ਸਕੋਗੇ, ਫੇਰ ਜੋ ਕਰੋ ਸੋ ਤੁਸੀਂ ਕਰੋ, ਮੈਂ ਹੁਕਮ ਵੀ ਨਾ ਦਿਆਂਗੀ, ਪਰ ਮੁਸਲਮਾਨ ਹੋਏ ਬਾਝ ਇਹ ਗੱਲ ਕਠਨ ਹੈ ਕਿਉਂਕਿ ਸਿਰ ਤੇ ਦੁਰਾਨੀ ਦਾ ਡੰਡਾ ਹੈ ਤੇ ਦਿੱਲੀ ਦੀ ਝਿੜਕ ਹੈ।

ਬਿਜੈ ਸਿੰਘ - ਵਾਹ ਵਾਹ! ਤੁਸੀਂ ਸਾਨੂੰ ਮੁਸਲਮਾਨ ਕਰਦੇ ਹੋ। ਆਪ ਤਾਂ ਕਦੇ ਨਿਮਾਜ਼ ਨਹੀਂ ਪੜ੍ਹੀ ਰੋਜ਼ਾ ਨਹੀਂ ਰੱਖਿਆ, ਸਾਨੂੰ ਕਿਵੇਂ ਬਣਾਓਗੇ ਦੂਸਰੇ ਜੇ ਆਪ ਦੀ ਇਹੀ ਮਰਜ਼ੀ ਹੈ, ਤਦ ਸਾਨੂੰ ਬਹੁਤ ਛੇਤੀ ਆਪਣੀਆਂ ਜਿੰਦਾਂ ਪੁਰ ਖੇਡਣਾ ਪਵੇਗਾ।

ਬੇਗਮ - ਤੋਬਾ ਤੋਬਾ! ਭਲੀ ਅਵਾਜ਼ ਕੱਢੋ। ਮੈਂ ਤਾਂ ਸਹਿਜ ਸੁਭਾਅ ਦੀ ਗੱਲ ਕੀਤੀ ਹੈ, ਤੁਸੀਂ ਕਿਉਂ ਗੁੱਸਾ ਕਰ ਲਿਆਂ? ਜੋ ਆਪ ਨੂੰ ਗੱਲ ਨਾ ਭਾਂਵੇ ਮੈਂ ਕਦੀ ਨਹੀਂ ਕਰਾਂਗੀ।

ਬਿਜੈ ਸਿੰਘ - ਕੀ ਆਪ ਇਹ ਇਕਰਾਰ ਕਰਦੇ ਹੋ?

ਬੇਗਮ - ਹਾਂ, ਮੈਂ ਇਕਰਾਰ ਕਰਦੀ ਹਾਂ ਜੋ ਤੁਹਾਨੂੰ ਨਾ ਭਾਵੇ ਮੈਂ ਨਹੀਂ ਕਰਾਂਗੀ।

ਬਿਜੈ ਸਿੰਘ - ਬਹੁਤ ਚੰਗਾ।

ਬੇਗਮ - ਪਰ ਤੁਸੀਂ ਭੀ ਇਕਰਾਰ ਕਰੋ ਕਿ ਜਾਵੋਗੇ ਨਹੀਂ?

ਬਿਜੈ ਸਿੰਘ - ਮੈਂ ਨੇਮ ਕਰਦਾ ਹਾਂ ਕਿ ਜਦ ਤਕ ਤੁਸੀਂ ਨੇਮ ਨਿਬਾਹੋਗੇ ਮੈਂ ਨਿਬਾਹਾਂਗਾ, ਪਰ ਜਦ ਤੁਸੀਂ ਨੇਮ ਤੋੜੋਗੇ ਮੈਂ ਫੇਰ ਨੇਮ ਵਿਚ ਬੱਧਾ ਨਹੀਂ ਰਹਾਂਗਾ।

ਬੇਗਮ - ਬਹੁਤ ਅੱਛਾ! ਤੁਸੀਂ ਫਿਕਰ ਨਾ ਕਰੋ, ਮੈਂ ਤਾਂ ਹਰ ਵੇਲੇ ਏਸੇ ਫਿਕਰ ਵਿੱਚ ਹਾਂ ਕਿ ਆਪ ਕਈ ਸਾਰੇ ਸੁਖ ਇਕੱਠੇ ਕਰਦੀ ਰਹਾਂ। ਆਪ ਦੇ ਦਿਲ ਨੂੰ ਰਤਾ ਠੁਹਕਰ ਲੱਗੇ ਤਾਂ ਮੇਰਾ ਦਿਲ ਸ਼ੀਸੇ ਵਾਂਗ ਚੂਰ ਹੋ ਜਾਂਦਾ ਹੈ। ਇਸ ਵੇਲੇ ਤੁਹਾਡੇ ਬਾਝ ਮੇਰਾ ਹੋਰ ਕੌਣ ਹੈ? ਸਭਨੀ ਥੋਹੀਂ ਤੁਸੀਂ ਹੀ ਹੋ। ਤੁਹਾਨੂੰ ਲੜ ਛੁਡਾ ਕੇ ਖਿਸਕਦੇ ਦੇਖ ਕੇ ਮੇਰਾ ਮਨ ਦੁਖੀ ਹੋ ਗਿਆ ਹੈ, ਪਰ ਹੁਣ ਆਪ ਦੇ ਕੌਲ ਦੇਣ ਨਾਲ ਦਿਲ ਸੁਖੀ ਹੋ ਗਿਆ ਹੈ।

ਇਹ ਕਹਿ ਕੇ ਸ਼ੀਲਾ ਦੇ ਗਲ ਮਿਲੀ। ਭੁਜੰਗੀ ਨੂੰ ਗਲ ਲਾਇਆ ਤੇ ਉਸ ਦਾ ਮੂੰਹ ਚੁੰਮ ਕੇ ਸਿੰਘ ਜੀ ਦੇ ਮੋਢੇ ਪਰ ਹੱਥ ਧਰ ਕੇ ਉਠੀ ਅਰ ਰੋਟੀ ਖਾਣੇ ਚਲੀ ਗਈ।

ਸ਼ੀਲ ਕੌਰ ਤੇ ਬਿਜੈ ਸਿੰਘ ਕੁਝ ਆਪਣੀ ਮੁਸ਼ਕਲ ਪਰ ਘਬਰਾਏ, ਫੇਰ ਹੱਸੇ ਕਿ ਦੇਖੀਏ ਹੁਣ ਕੀ ਬਣਦਾ ਹੈ? ਸ਼ੀਲ ਕੌਰ ਨੇ ਕਿਹਾ ਕਿ ਆਪ ਨੇ ਜੋ ਨੇਮ ਕੀਤਾ ਹੈ ਸਾਨੂੰ ਫਸਾ ਨਾ ਦੇਵੇ।

ਬਿਜੈ ਸਿੰਘ - ਫਸੇ ਤਾਂ ਪਏ ਹਾਂ ਨਿਕਲਣੇ ਦੀ ਸੂਰਤ ਹੀ ਅਜੇ ਨਹੀਂ ਅਰ ਅੱਜ ਤੋਂ ਬੇਗਮ ਨੇ ਪਹਿਰਾ ਵੀ ਹੋਰ ਤਕੜਾ ਸਾਡੇ ਮਗਰ ਰੱਖਣਾ ਹੈ, ਨੇਮ - ਮੇਰਾ ਨੇਮ......ਕੱਚਾ ਨਹੀਂ, ਕਿਉਂਕਿ ਉਸ ਕੋਲੋਂ ਆਪਣਾ ਨਹੀਂ ਨਿਭਣਾ। ਹਾਰਨਾ ਉਸੇ ਨੇ ਹੈ, ਕਿਉਂਕਿ ਉਹ ਅਕਲ ਦੇ ਘਰ ਵਿਚ ਨਹੀਂ, ਰਾਜ ਮਦ ਸਿਰ ਨੂੰ ਚੜ੍ਹ ਰਿਹਾ ਹੈ। ਪਰ ਸਾਨੂੰ ਸਦਾ ਤਿਆਰ ਰਹਿਣਾ ਚਾਹੀਏ ਝੱਲਣ ਲਈ, ਕਿਉਂਕਿ ਇਨਸਾਨ ਦੇ ਸਿਰ ਤੇ ਅਝੱਲ ਸੱਟਾਂ ਪੈਂਦੀਆਂ ਹਨ। ਝੱਲਣਾ ਤੇ ਨਾ ਡੋਲਣਾ ਹੀ ਇਨਸਾਨੀ ਤਾਕਤ ਹੈ।

## ਕਾਂਡ ਅਠਾਰ੍ਹਵਾਂ

ਇਕ ਦਿਨ ਤੜਕਸਾਰ ਅਜੇ ਚਾਰ ਨਹੀਂ ਵਜੇ ਸਨ, ਭਾਈ ਬਿਜੈ ਸਿੰਘ ਹੁਰੀਂ ਮਹਲਾਂ ਦੇ ਪਿਛਵਾੜੇ ਬਾਗ ਵਿਚ ਬੈਠੇ ਪ੍ਰਮੇਸ਼ੁਰ ਦੇ ਧਿਆਨ ਵਿੱਚ ਮਗਨ ਹੋ ਰਹੇ ਸਨ। ਪਿਛਲੀ ਰਾਤ ਦਾ ਚੰਦ

ਪਿਛਲੀ ਅਵਸਥਾ ਦੇ ਦਾੜ੍ਹੇ ਵਾਂਗੂੰ ਧਰਤੀ ਦੇ ਚਿਹਰੇ ਨੂੰ ਨੂਰ ਦੇ ਰਿਹਾ ਸੀ। ਤਾਰਿਆਂ ਦੀ ਛਟਕੀ ਹੋਈ ਰਾਤ ਹੋਰ ਵੀ ਸੁਹਾਉ ਫੈਲਾ ਰਹੀ ਸੀ, ਭਿੰਨੀ ਠੰਢ ਸਰੀਰ ਨੂੰ ਐਸਾ ਅਨੰਦ ਦੇ ਰਹੀ ਸੀ ਜਿਹਾ ਗੁਲਾਬ ਦੀਆਂ ਖੰਭੜੀਆਂ ਨੂੰ ਤ੍ਰੇਲ।

ਬੇਗਮ ਸਾਰੀ ਰਾਤ ਨਹੀਂ ਸੁੱਤੀ, ਕਦੀ ਕੋਠੇ ਕਦੀ ਹੇਠ, ਕਦੀ ਅੰਦਰ ਕਦੀ ਛੱਜੇ ਤੇ ਮੱਛੀ ਵਾਂਗ ਤੜਫਦੀ ਫਿਰੀ। ਤਪ ਵਾਲੇ ਨੂੰ ਜਿੱਕੁਟ ਠੰਢ ਦਾ ਸੁਆਦ ਨਹੀਂ, ਤਿਵੇਂ ਭਿੰਨ-ਭਿੰਨ ਰਾਤ ਤਪਦੇ ਚਿਤ ਲਈ ਠੰਢ ਨਹੀਂ ਸੀ ਵਰਤਾ ਰਹੀ। ਕਦੀ ਰੋਂਦੀ, ਕਦੀ ਹੱਸਦੀ, ਕਦੀ ਸਮਝ ਕਰਦੀ, ਕਦੀ ਬੇਵੱਸ ਹੋ ਜਾਂਦੀ। ਕਦੀ ਮਨ ਨਾਲ ਗੱਲ ਛਿੜ ਪੈਂਦੀ –

ਹੇ ਮਨ! ਆ ਸਮਝ, ਦੇਖ.....। ਅੱਗੇ ਦੇਸ਼ ਵਿੱਚ ਭਿਖਾਰੀ ਦੀ ਬਾਬਤ ਕੀ ਹਾਸੋਹੀਣੀ ਹੋਈ, ਤ੍ਰੀਮਤ ਦਾ ਕੀ ਹੈ? ਭਾਵੇਂ ਸੌ ਰਾਜ ਗੱਦੀ ਪਰ ਬੈਠੇ ਫੇਰ ਤੀਵੀਂ, ਰਤਾ ਸ਼ੱਕ ਪਿਆ ਨਹੀਂ, ਤੀਵੀਂ ਦਾ ਜਸ ਗਿਆ ਨਹੀਂ। ਵਿਚਾਰੀ ਰਜ਼ੀਆ ਬੇਗਮ ਦਾ ਹਾਲ ਤੈਨੂੰ ਮਾਲੂਮ ਹੀ ਹੈ?

ਦੇਖੋ! ਮੈਂ ਕਿਸ ਸੁਖ ਦੇ ਪਿੱਛੇ ਪਈ ਹਾਂ। ਸਾਰਾ ਪੰਜਾਬ ਮੇਰੇ ਹੁਕਮ ਵਿੱਚ ਤੇ ਮੇਰਾ ਆਪਣਾ ਮਨ ਮੇਰੀਆਂ ਵਾਂਗਾਂ ਤੋਂ ਬਾਹਰ। ਹਾਇ! ਮੇਰੇ ਕਰਤੱਬ ਪੁਸਤਕਾਂ ਵਿੱਚ ਲਿਖੇ ਜਾਣਗੇ, ਸਦੀਆਂ ਬੀਤ ਜਾਣਗੀਆ, ਮੇਰੀਆਂ ਹੱਡੀਆਂ ਭੀ ਕਬਰ ਵਿਚ ਮਿੱਟੀ ਹੋ ਜਾਣਗੀਆਂ, ਪਰ ਮੇਰੇ ਨਾਮ ਤੋਂ ਵਜ਼ੀਰ ਵਾਲਾ ਧੱਬਾ ਨਹੀਂ ਧੁਪੇਗਾ। ਜਦ ਕਿਤੇ ਮੇਰਾ ਨਾਮ ਆਵੇਗਾ, ਇਹ ਜ਼ਿਕਰ ਛਿੜੇਗਾ। ਹੁਣ ਤੱਕੋ! ਬੇਬੱਸ ਸਿੱਖ ਮੇਰੇ ਫੰਧੇ ਵਿਚ ਹੈ, ਉਹ ਨਿਰਦੋਸ਼ ਹੈ, ਉਹ ਇਥੇ ਕੈਦੀ; ਮੇਰੇ ਹੁਕਮ ਦੇ ਫਾਹੇ ਵਿਚ ਹੈ....। ਉਸ ਦਾ ਨਾਮ ਕੀ ਵਿਗੜਨਾ ਹੈ? ਮਰਦ ਸੌ ਬੁਰਿਆਈ ਕਰੇ ਅੰਨ੍ਹੀ ਖਲਕਤ ਕੁਝ ਨਹੀਂ ਕਹਿੰਦੀ, ਤ੍ਰੀਮਤ ਤੇ ਝੂਠਾ ਸ਼ਕ ਭੀ ਪੈ ਜਾਵੇ ਤਾਂ ਤੀਵੀਂ ਦੀ ਮਿੱਟੀ ਉੱਡ ਜਾਂਦੀ ਹੈ। ਤਦੇ ਹੀ ਕਹਿੰਦੇ ਹਨ ਕਿ ਤ੍ਰੀਮਤ ਨੂੰ ਬੜਾ ਜਤ ਸਤ ਸੰਭਾਲਣਾ ਚਾਹੀਏ; ਤੀਵੀਂ ਨੂੰ ਉੱਚੀ ਅੱਖ ਕਿਸੇ ਵੱਲ ਬੀ ਨਹੀਂ ਤੱਕਣਾ ਚਾਹੀਏ। ਪਰ ਇਸ ਗੱਲ ਲਈ ਮਨ ਕਾਬੂ ਲੋੜੀਏ,....ਹੱਛਾ...ਠੀਕ ਹੈ! ਪਰ ਖਬਰੇ ਕੱਲ ਕਿਸ ਦਾ ਹੈ? ਅੱਗਾ ਕਿਨ੍ਹ ਡਿਠਾ ਹੈ? ਮਤਾਂ ਮੈਂ ਮਰ ਹੀ ਜਾਵਾਂ, ਇਹ ਰਾਜ ਭਾਗ ਹੈ, ਪਰ ਇਕੱਲੀ ਹਾਂ ਹੱਛਾ ਚਲੋ, ਸਿੰਘ ਜੀ ਨਾਲ ਗੱਲਬਾਤ ਤਾਂ ਕਰੀਏ। ਉਸ ਭੋਲੇ ਨੂੰ ਤਾਂ ਖਬਰ ਹੀ ਨਹੀਂ। ਕੇਡਾ ਨੇਕ ਹੈ, ਦਾਨਾ ਹੈ, ਬੰਦਗੀ ਵਾਲਾ ਹੈ ਤੇ ਚੰਨ ਹੈ।

ਐਸ ਤਰ੍ਹਾਂ ਦੇ ਖਿਆਲਾਂ ਵਿਚ ਬੇਗਮ ਰਾਤ ਬਿਤਾਵੇ, ਪਰ ਬੀਤੇ ਨਾ, ਛੇਕੜ ਇਕ ਉਬਾਲ ਵਿਚ ਉਠ ਕੇ ਉਧਰ ਗਈ, ਇਧਰ ਸ਼ੀਲ ਜੀ ਸਨ; ਝੀਤਾਂ ਵਿਚੋਂ ਡਿੱਠ ਕਿ ਸ਼ੀਲ ਕੌਰ ਤੇ ਬਾਲਕ ਬੈਠੇ ਪਾਠ ਕਰ ਰਹੇ ਹਨ, ਪਰ ਬਿਜੈ ਸਿੰਘ ਨਹੀਂ ਹੈ। ਹੁਣ ਬੇਗਮ ਪਰਲੇ ਛੱਜੇ ਤੇ ਗਈ, ਬਾਗ ਵੱਲ ਨਜ਼ਰ ਕੀਤੀ ਤਾਂ ਸੰਖਮਰਮਰ ਦੀ ਸ਼ਿਲਾ ਪੁਰ ਚਾਨਣਾ ਚੰਦ ਚਮਕਦਾ ਦਿਸਿਆ। ਬੇਗਮ ਝਟ ਉਥੇ ਪਹੁੰਚੀ। ਜਦ ਬੇਗਮ ਨੇ ਸਿੰਘ ਜੀ ਦੇ ਭਜਨੀਕ ਚਿਹਰੇ ਦਾ ਦਰਸ਼ਨ ਕੀਤਾ ਤਾਂ ਠੰਢ ਕਿਹੀ ਪਈ ਕਿ ਸਭ ਘਬਰਾ ਵਾਲੇ ਖਿਆਲ ਉੱਡ ਗਏ, ਵਾਸ਼ਨਾ ਦੂਰ ਹੋ ਗਈਆਂ ਤੇ ਬੇਵੱਸੇ ਸਿਰ ਨਿਉਂ ਗਿਆ। ਸਿੰਘ ਜੀ ਨੇ ਅੱਖਾਂ ਖੋਲ੍ਹੀਆ ਤੇ ਕਿਹਾ; ਆਪ ਸਿਰ ਨਾ ਝੁਕਾਓ, ਬਹਿ ਜਾਓ।

ਬੇਗਮ – ਤੁਸੀਂ ਮੈਨੂੰ ਐਸ ਵੇਲੇ ਵੇਖ ਕੇ ਹੈਰਾਨ ਹੋ ਗਏ ਹੋਵੋਗੇ, ਪਰ ਜਿੱਕੁਰ ਪਰਮੇਸ਼ੁਰ ਦੇ ਪਿਆਰ ਨੇ ਤੁਹਾਨੂੰ ਸੌਣ ਨਹੀਂ ਦਿੱਤਾ ਤਿਵੇਂ ਤੁਹਾਡਾ ਪਿਆਰ ਨੇ ਮੈਨੂੰ। ਹੁਣ ਇਕ ਅਰਜ਼ ਸੁਣ ਲਵੋ! ਮੇਰੇ ਚਿਤ ਵਿਚ ਤੁਹਾਡਾ ਪਿਆਰ ਪੈ ਗਿਆ ਹੈ, ਮੈਂ ਸਾਰੇ ਓੜ੍ਹ ਪੋੜ੍ਹ ਉਸ ਨੂੰ ਕੱਢਣ ਦੇ ਕੀਤੇ, ਪਰ ਨਹੀਂ ਨਿਕਲਦਾ। ਹੁਣ ਕ੍ਰਿਪਾ ਕਰ ਕੇ ਆਪ ਮੇਰੇ ਨਾਲ ਵਿਆਹ ਕਰ ਲਵੋ, ਤੁਸੀਂ ਮੁਸਲਮਾਨ ਹੋ ਜਾਵੋ ਤਾ ਬੜੀ ਖੁਸ਼ੀ, ਨਹੀਂ ਤਾਂ ਐਵੇਂ ਹੀ ਰਹੋ, ਪਰ ਨਿਕਾਹ ਪੜ੍ਹਾ ਲਓ, ਨਿਕਾਹ....ਪਰ ਜ਼ਰਾ ਲੁਕਵੀਂ ਰਹੇ ਗੱਲ।

ਸਿੰਘ ਜੀ – ਹੇ ਪ੍ਰਜਾ ਮਾਤਾ! ਦੂਰਅੰਦੇਸ਼ੀ ਤੋਂ ਕੰਮ ਲਵੋ। ਮੈਂ ਵਿਆਹਿਆ ਹੋਇਆ ਹਾਂ, ਆਪ ਨੂੰ ਮਾਲੂਮ ਹੈ। ਫੇਰ ਆਪ ਆਪ ਦੇ ਸਿਰ ਤੇ ਸਾਰੇ ਦੇਸ਼ ਦਾ ਬੰਦੋਬਸਤ ਹੈ, ਆਪ ਨੂੰ ਪ੍ਰਜਾ ਦੀ ਰੱਖਿਆ ਦਾ ਧਿਆਨ ਚਾਹੀਏ। ਦੇਸ਼ ਦਾ ਭਾਰ ਆਪ ਦੀ ਗੱਚੀ ਤੇ ਹੈ, ਇਸ ਦੇ ਨਿਬਾਹ ਲਈ ਭਲਿਆਈ ਤੇ ਪ੍ਰਮੇਸ਼ਰ ਦਾ ਭਉ ਚਾਹੀਦਾ ਹੈ ਧਰਮ....ਬੜੀ ਸ਼ੈ ਹੈ।

ਬੇਗਮ – ਸਿੰਘ ਜੀ! ਮੈਂ ਆਪ ਨੂੰ ਕੋਈ ਗੱਲ ਧਰਮ ਦੇ ਵਿਰੁੱਧ ਨਹੀਂ ਕਹੀ। ਮੈਂ ਤਾਂ ਵਿਆਹ ਵਾਸਤੇ ਕਿਹਾ ਹੈ ਵਿਆਹ ਤਾਂ ਪਾਕ ਰਿਸ਼ਤਾ ਹੈ।

ਸਿੰਘ ਜੀ – ਸੱਚ ਹੈ, ਵਿਆਹ ਕੇਵਲ ਮੰਦੀ ਵਾਸ਼ਨਾ ਵਾਸਤੇ ਨਹੀਂ ਹੁੰਦਾ, ਵਿਆਹ ਤਾਂ ਇਸ ਗੱਲ ਦਾ ਨਾਮ ਹੈ ਕਿ ਦੋ ਅਣ-ਵਿਆਹੇ ਜੀਵ ਇਕ ਦੂਜੇ ਦੇ ਦੁਖ ਸੁਖ ਦੇ ਭਾਗੀ ਹੋ ਕੇ ਸੱਚੀ ਮਿੱਤ੍ਰਤਾ ਅਰ ਪ੍ਰੇਮ ਭਾਵਨਾ ਨਾਲ ਸੰਸਾਰ ਦਾ ਪੈਂਡਾ ਮੁਕਾਉਣ ਦਾ ਧਰਮ ਕਰਦੇ ਹਨ, ਪਰ ਮੈਂ ਤਾਂ ਅੱਗੇ ਵਿਆਹਿਆ ਹੋਇਆ ਹਾਂ। ਫੇਰ ਸੋਚੋ ਤਾਂ ਸਹੀ, ਮੇਰੇ ਨਾਲ ਵਿਆਹ ਕਰਕੇ ਤੁਹਾਡਾ ਰਾਜ ਭਾਗ ਬਚ ਸਕਦਾ ਹੈ? ਮੁਸਲਮਾਨ ਮੈਂ ਹੋਣਾ ਨਹੀਂ ਭਾਵੇਂ ਜ਼ਿਮੀਂ ਅਸਮਾਨ ਟਲ ਜਾਏ। ਹੁਣ ਦੱਸੋ ਇਸ ਵਹਿਣ ਵਿਚੋਂ ਕੀ ਗੁਣ ਨਿਕਲੇਗਾ? ਮੇਰੇ ਕਹੇ ਲੱਗੋ ਤਾਂ ਤੁਸੀਂ ਕੁਰਾਨ ਦੇ ਅਰਥ ਸੁਣਿਆਂ ਕਰੋ, ਜੇ ਚਾਹੋ ਤਾਂ ਮੈਂ ਤੁਹਾਨੂੰ ਗੁਰੂ ਜੀ ਦੀ ਬਾਣੀ ਸੁਣਾਇਆ ਕਰਾਂ!

ਬੇਗਮ – ਰਾਜ ਭਾਗ ਦੀ ਪਰਵਾਹ ਨਹੀਂ, ਮੈਂ ਜੋ ਆਪ ਤੁਹਾਨੂੰ ਕਿਹਾ ਹੈ ਪ੍ਰੇਮ ਦੀ ਕੋਈ ਡੂੰਘਾਣ ਮੇਰੇ ਚਿੱਤ ਵਿਚ ਬੀ ਹੋਊ ਨਾ? ਜਿਸ ਨੇ ਮੈਨੂੰ ਐਤਨਾ ਹੌਸਲਾ ਦਿੱਤਾ ਹੈ, ਨਹੀਂ ਤਾਂ ਤ੍ਰੀਮਤ ਮਰ ਜਾਵੇ, ਪਰ ਵਿਆਹ ਲਈ ਬੇਨਤੀ ਕਦੇ ਨਾ ਕਰੇ। ਪਾਕ ਮੁਹੱਬਤ ਤਾਂ ਧਰਮ ਹੈ।

ਸਿੰਘ ਜੀ – ਸ਼ੀਲ ਕੌਰ ਤਾਂ ਤੁਹਾਡੀ ਧਰਮ ਦੀ ਭੈਣ ਹੈ ਕਿਆ ਇਹੀ ਧਰਮ ਹੈ? ਰੱਬ ਤੁਹਾਡਾ ਭਲਾ ਕਰੇ, ਹੇ ਦੇਸ਼ ਦੀ ਰਾਣੀ ਜੀਓ! ਆਪਣੇ ਰਾਜ ਭਾਗ ਦਾ ਫਿਕਰ ਕਰੋ।

ਬੇਗਮ – ਬਹੁਤ ਸੋਚ ਚੁਕੀ, ਮੇਰਾ ਕੋਈ ਕੁਛ ਨਹੀਂ

ਵਿਗਾੜ ਸਕਦਾ। ਦੇਸ਼ ਕਾਬੂ ਰੱਖਣ ਦੇ ਬਥੇਰੇ ਹਥਕੰਡੇ ਜਾਣਦੀ ਹਾਂ। ਇਕ ਤੁਸੀਂ ਕਿਹਾ ਨਾ ਮੋੜੋ।

ਸਿੰਘ ਜੀ - ਮੈਂ ਇਹ ਸੰਜੋਗ ਨਹੀਂ ਕਰ ਸਕਦਾ, ਮੈਂ ਸਿੰਘ ਹਾਂ।

ਬੇਗਮ - ਮੈਂ ਤੁਹਾਡੀ ਆਪਣੀ ਬਣਿਆਂ ਚਾਹੁੰਦੀ ਹਾਂ, ਮੈਂ ਪਰਾਈ ਬਣ ਕੇ ਤਾਂ ਕੁਛ ਨਹੀਂ ਕਿਹਾ। ਤੁਸੀਂ ਕਿਉਂ ਹੋਰ ਧੁਨ ਵਿੱਚ ਚਲੇ ਜਾਂਦੇ ਹੋ? ਮੈਂ ਵਿਆਹ ਦੀ ਚਾਹਵਾਨ ਹਾਂ, ਵਿਆਹ ਪਾਕ ਰਿਸ਼ਤਾ ਹੈ। ਕੇਵਲ ਚੋਰੀ ਰਖਣਾ ਹੈ।

ਸਿੰਘ ਜੀ - ਮੇਰੀ ਇਸਤ੍ਰੀ ਹੈ, ਮੈਂ ਇਕ ਨੂੰ ਆਪਣੀ ਬਣਾ ਚੁੱਕਾ ਹਾਂ।

ਬੇਗਮ - ਸਾਡੇ ਵਿੱਚ ਤਾਂ ਚਾਰ ਤਕ ਦੀ ਆਗਿਆ ਹੈ।

ਸਿੰਘ ਜੀ - ਮੈਂ ਇਕ ਤੋਂ ਵਧੀਕ ਨੂੰ ਆਪਣੇ ਲਈ ਚੰਗਾ ਨਹੀਂ ਜਾਣਦਾ। ਪਿਆਰ ਹੈ ਤੇ ਪਵਿੱਤਰ ਹੈ ਤਾਂ ਤੁਸੀਂ ਮੈਨੂੰ ਪੁੱਤਰ ਸਮਝ ਲਓ। ਪੁੱਤਰ ਬਣਾ ਕੇ ਤੁਸੀਂ ਮੇਰੇ ਨਾਲ ਪਿਆਰ ਕਰ ਸਕਦੇ ਹੋ ਤੇ ਮੈਂ ਤੁਹਾਡੀ ਸੇਵਾ ਕਰ ਸਕਦਾ ਹਾਂ। ਪ੍ਰੇਮ ਤਾਂ ਐਉਂ ਬੀ ਨਿਭ ਸਕਦਾ ਹੈ।

ਬੇਗਮ - ਇਨ੍ਹਾਂ ਟਾਲ੍ਹਿਆਂ ਨਾਲ ਕੁਝ ਨਹੀਂ ਬਣਦਾ। ਮੇਰੇ ਮਨ ਨੇ ਬਹੁਤ ਸੋਚ ਲਿਆ ਹੈ, ਬਹੁਤ ਵਿਚਰ ਲਿਆ ਹੈ, ਹੁਣ ਮਗਜ਼ ਸੋਚ ਦਾ ਹੋਰ ਭਾਰ ਨਹੀਂ ਚੱਕ ਸਕਦਾ।

ਇਹ ਕਹਿੰਦੇ ਹੀ ਬੇਗਮ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਦੇਹ ਕੰਬ ਪਈ। ਬਿਜੈ ਸਿੰਘ ਦਾ ਹੱਥ ਫੜ ਕੇ ਘੁੱਟਿਓ ਸੁ, ਕੁਝ ਬੋਲੀ, ਪਰ ਸੰਘੋਂ ਅਵਾਜ਼ ਨਾ ਨਿਕਲੀ। ਬਿਜੈ ਸਿੰਘ ਨੇ ਸਹਿਜੇ ਹੱਥ ਛੁਡਾਉਣਾ ਚਾਹਿਆ ਪਰ ਹੱਥ ਨਾ ਛੁੱਟ ਸਕਿਆ। ਕੁਝ ਚਿਰ ਸਿੰਘ ਜੀ ਅੱਖਾਂ ਮੀਟ ਕੇ ਬੈਠੇ ਰਹੇ ਪਰ ਫਿਰ ਇਕ ਜੋਸ਼ ਦਾ ਛੜੱਕਾ ਦੇ ਕੇ ਹੱਥ ਛੁਡਾ ਕੇ ਚਲੇ ਗਏ। ਕੁਝ ਚਿਰ ਨੂੰ ਸੂਰਜ ਬੀ ਚੜ੍ਹ ਪਿਆ, ਉਸ ਦੀਆਂ ਕਿਰਨਾਂ ਬੇਗਮ ਦੇ, ਜੋਸ਼ ਲਹਿ ਜਾਣ ਕਰਕੇ, ਪਿੱਲੇ ਤੇ ਨਿਰਬਲ ਹੋਏ ਚਿਹਰੇ ਪਰ ਪੈ ਕੇ ਉਸ ਦੀ ਇਕ ਵਹਿਸ਼ਤ ਦੀ ਸ਼ਕਲ ਬਨਾਉਣ ਲੱਗ ਪਈਆਂ। ਅੰਤਰੰਗ ਸਖੀਆਂ ਜੋ ਬੇਗਮ ਨੂੰ ਅੰਦਰ ਨਾ ਪਾ ਕੇ ਲੱਭ ਰਹੀਆਂ ਸਨ, ਬਾਗ ਵਿੱਚ ਪਹੁੰਚੀਆਂ ਅਰ ਬੜੀ ਫੁਰਤੀ ਨਾਲ ਚੁਕ ਕੇ ਅੰਦਰ ਲੈ ਗਈਆਂ। ਅੰਦਰ ਪਲੰਗ ਤੇ ਲਿਟਾ ਕੇ ਬਾਂਦੀਆਂ ਨੇ ਗੁਲਾਬ ਤੇ ਕਿਉੜੇ ਦੇ ਛੱਟੇ ਮਾਰ ਕੇ ਹੋਸ਼ ਲਿਆਂਦੀ। ਗੋਲੀਆਂ ਨੇ ਫੇਰ ਪਿੰਡੇ ਤੇ ਚੰਦਨ ਤੇ ਫਲੇਲ ਦੀ ਮਾਲਸ਼ ਕਰਕੇ ਸਿਰ ਸਮੇਤ ਠੰਢੇ ਜਲ ਦਾ ਇਸ਼ਨਾਨ ਕਰਵਾਇਆ। ਹਨ੍ਹੇਰੀ ਲੰਘ ਗਈ ਤੇ ਮਗਰੋਂ ਮੀਂਹ ਵੱਸ ਚੁਕਣੇ ਪਰ ਬੀ ਜਿੱਕੁਰ ਕੋਈ ਕੋਈ ਬੁੱਲਾ ਤਿੱਖੀ ਪੌਣ ਦਾ ਆ ਜਾਂਦਾ ਹੈ, ਤਿਵੇਂ ਬੇਗਮ ਠੰਢੇ ਹਾਹੁਕੇ ਕਿਸੇ ਕਿਸੇ ਵੇਲੇ ਲੈਂਦੀ ਰਹੀ ਦਰਬਾਰ ਵਿਚ - ਜਿਥੇ ਪਰਦੇ ਵਿੱਚ ਬੈਠ ਕੇ ਉਮਰਾਵਾਂ ਨੂੰ ਮਿਲਦੀ ਸੀ - ਅੱਜ ਨਹੀਂ ਗਈ। ਮਹਿਲਾਂ ਵਿਚ ਸਿਰ ਦਰਦ ਦੀ ਖਬਰ ਸੁਣੀ ਗਈ। ਹਕੀਮ ਹਾਜ਼ਰ ਹੋਏ, ਕਿਸੇ ਸਿਆਣੇ ਨੂੰ ਪਤਾ ਲੱਗਾ ਕਿ ਬੇਗਮ ਦੇ ਦਿਲ ਨੂੰ ਪੀੜ ਹੈ ਕਿ ਸਿਰ ਨੂੰ। ਕੋਈ ਪਹਿਰ ਦਿਨ ਚੜ੍ਹੇ ਮਗਰੋਂ ਬੇਗਮ ਨੂੰ ਨੀਂਦ ਪੈ ਗਈ। ਸ਼ੁਕਰ ਹੈ ਕਿ ਵਿਚਾਰੀਆਂ ਵਾਸ਼ਨਾ, ਜੋ ਇਸ ਦੇ ਤਪਤ ਹਿਰਦੇ ਵਿੱਚ ਭੱਠ ਦੇ ਦਾਣਿਆਂ ਵਾਂਗ ਤੜਫਣੀਆਂ ਲੈ ਰਹੀਆਂ ਸਨ, ਸ਼ਾਂਤਿ ਹੋਇਆਂ ਅਰ ਉਨ੍ਹਾਂ ਨੂੰ ਚਉ ਕਰਕੇ ਬੈਠਣਾ ਮਿਲਿਆ। ਕੋਈ ਲੋਢੇ ਪਹਿਰ ਜਾਗ ਖੁਲ੍ਹੀ। ਬੇਗਮ ਉਂਵ ਤਾਂ ਵੱਲ ਸੀ, ਪਰ ਕਮਜ਼ੋਰ ਹੋ ਗਈ ਸੀ, ਜਿੱਕਰ ਕੋਈ ਤਾਪ ਦੇ ਰੋਗੋਂ ਉਠਦਾ ਹੈ।

## ਕਾਂਡ ਉਨੀਵਾਂ

ਬੇਗਮ ਨੂੰ ਆਰਾਮ ਦਾ ਸੌਣਾ, ਬੇ-ਫਿਕਰੀ ਦਾ ਖਾਣਾ, ਅਚਿੰਤਤਾਈ ਵਿਚ ਹੱਸਾ ਸਭ ਭੁੱਲ ਗਿਆ। ਦਿਲ ਦੀ ਹੈਂਕੜ ਤੇ ਆਖੜ ਤਾਂ ਭਿਖਾਰੀ ਖਾਂ ਵਾਲਾ ਦੰਡ ਦੇਣ ਨੂੰ ਕਦੇ ਉੱਮਲ ਪੈਂਦੀ, ਪਰ ਇੱਥੇ ਡੂੰਘਾ ਪਿਆਰ ਸੀ, ਸੋ ਉਹ ਜੋਸ਼ ਆਪੇ ਮੋੜਾ ਖਾ ਜਾਂਦਾ। ਨਾਲੇ ਅੱਗੇ ਭਿਖਾਰੀ ਖਾਂ ਨੂੰ ਮਰਵਾ ਦੇਣ ਨਾਲ ਢੇਰ ਬਦਨਾਮੀ ਹੋ ਚੁੱਕੀ ਸੀ, ਇਸ ਗੱਲ ਤੋਂ ਬੀ ਡਰਦੀ ਹੁਣ ਜੋੜਾਂ ਤੋੜਾਂ ਤੇ ਟੇਢੀਆਂ ਚਾਲਾਂ ਦੀ ਸੋਚ ਵਿਚ ਰਹਿੰਦੀ ਸੀ, ਅੰਤ ਬੇਗਮ ਨੇ ਇਹ ਚਾਲ ਚੱਲੀ ਕਿ ਸ਼ੀਲ ਕੌਰ ਨੂੰ ਇਕ ਤੰਗ ਕੋਠੜੀ ਵਿਚ ਚੁਪਾਤੇ ਹੀ ਕੈਦ ਕਰ ਦਿੱਤਾ। ਨਿਆਣਾਂ ਬਾਲਕ, ਮਾਂ ਦਾ ਵੇਲੇ ਕੁਵੇਲੇ ਦਾ ਸਹਾਈ, ਨਾਲ ਕੈਦ ਹੋਇਆ।

ਕੋਠੜੀ ਦੇ ਬਾਹਰ ਪਹਿਰਾ ਰਹਿੰਦਾ ਹੈ। ਇਕ ਦਿਨ ਸਵੇਰੇ ਪਾਠ ਦੇ ਮਗਰੋਂ ਸ਼ੀਲ ਕੌਰ ਦੇ ਕਮਰੇ ਵਿਚ ਇਕ ਗੋਲੀ ਆਈ, ਜਿਸ ਦੇ ਹੱਥ ਵਿੱਚ ਦੋ ਸੁੰਦਰ ਕੌਲ ਸਨ, ਸ਼ੀਲ ਕੌਰ ਦੇ ਅੱਗੇ ਧਰ ਕੇ ਬੋਲੀ ਕਿ ਇਹ ਦੋਵੇਂ ਆਪ ਦੀ ਨਜ਼ਰ ਹਨ, ਇਕ ਆਪ ਪੀ ਲਓ ਤੇ ਇਕ ਬਰਖੁਰਦਾਰ ਨੂੰ ਪਿਲਾ ਦਿਓ।

ਸ਼ੀਲਾ - ਇਸ ਵਿਚ ਕੀਹ ਹੈ?

ਗੋਲੀ - ਹੁਕਮ ਤਾਂ ਨਹੀਂ ਦਸਾਂ ਪਰ ਤੁਹਾਡੇ ਹਸਾਨਾਂ ਦੀ ਲੱਦੀ ਹੋਈ ਸਿਰ ਪੱਟਣ ਜੋਗੀ ਨਹੀਂ, ਦੱਸਦੀ ਹਾਂ ਤੇ ਦੋਸ਼ ਹੈ, ਨਹੀਂ ਦੱਸਦੀ ਤਾਂ ਕ੍ਰਿਤਘਣ ਬਣਦੀ ਹਾਂ। ਹਾਇ! ਮੈਂ ਦੱਸੇ ਬਿਨਾਂ ਰਹਿ ਵੀ ਨਹੀਂ ਸਕਦੀ ਅਰ ਲੁਕੀ ਰਹਿਣੇ ਵਾਲੀ ਗੱਲ ਵੀ ਨਹੀਂ। ਬੀਬੀ ਜੀ! ਇਸ ਵਿਚ ਜ਼ਹੀਰ ਹੈ, ਜੋ ਤੁਹਾਡੇ ਵਾਸਤੇ, ਤੁਹਾਡੇ ਪਤੀ ਨੇ ਘੱਲੀ ਹੈ।

ਸ਼ੀਲਾ - ਕਦੀ ਨਹੀਂ, ਪਿਆਰੇ ਪਤੀ ਜੀ ਵੱਲੋਂ ਜੇ ਇਹ ਨਿਆਮਤ ਹੋਵੇ ਤਾਂ ਮੇਰੇ ਧੰਨ ਭਾਗ! ਪਰ ਪਤੀ ਜੀ ਦੀ ਘੱਲੀ ਹੋਈ ਇਹ ਚੀਜ਼ ਨਹੀਂ ਹੈ। ਮੇਰਾ ਤੇ ਪਤੀ ਦਾ ਆਤਮਕ ਸੰਜੋਗ ਹੈ, ਮੇਰਾ ਪਤੀ ਇਹ ਕਦੇ ਨਹੀਂ ਕਰ ਸਕਦਾ, ਉਹ ਸੱਚਾ ਸਿੰਘ ਹੈ, ਸੱਚੇ ਸਿੰਘ ਸਦੀਵ ਸੱਚੇ ਪਤੀ ਹੋਇਆ ਕਰਦੇ ਹਨ।

ਗੋਲੀ (ਠਿਠਿਰਕੇ) - ਬੀਬੀ ਜੀ! ਤੂੰ ਤਾਂ ਡਾਢੀ ਕੋਈ ਦਿਲਾਂ ਦੀ ਜਾਣਨਹਾਰ ਹੈਂ। ਮੈਂ ਤੈਥੋਂ ਸੱਚ ਨਹੀਂ ਲੁਕਾ ਸਕਦੀ। ਇਹ ਬੇਗਮ ਦੀ ਚਲਾਕੀ ਹੈ, ਤੁਹਾਡੇ ਪਤੀ ਦਾ ਦੋਸ਼ ਨਹੀਂ। ਪਤੀ ਤੁਹਾਡੇ ਨੇ ਅਜੇ ਤੱਕ ਬੇਗਮ ਦਾ ਹੁਕਮ ਨਹੀਂ ਮੰਨਿਆ। ਦੁਨੀਆਂ ਦਾ ਕੋਈ ਲਾਲਚ ਨਹੀਂ ਜੋ ਬੇਗਮ ਨੇ ਉਨ੍ਹਾਂ ਨੂੰ ਨਾ ਦਿਖਾਇਆ ਹੋਵੇ, ਪਰ ਉਨ੍ਹਾਂ ਪੁਰ ਕੁਝ ਅਸਰ ਨਹੀਂ ਹੋਇਆ।

ਜਿਸ ਵੇਲੇ ਬੇਗਮ ਨੇ ਤੁਹਾਥੋਂ ਉਨ੍ਹਾਂ ਨੂੰ ਅੱਡ ਕੀਤਾ ਹੈ, ਉਸ ਦਿਨ ਤੋਂ ਅਨੇਕ ਗੋਲੀਆਂ ਹਰ ਵੇਲੇ ਉਨ੍ਹਾਂ ਦੇ ਉਦਾਲੇ ਰਹਿੰਦੀਆਂ ਅਰ ਉਨ੍ਹਾਂ ਨੂੰ ਸਮਝਾਉਂਦੀਆਂ, ਪਰ ਉਨ੍ਹਾਂ ਨੇ ਬੀ ਮੋਨਧਾਰੀ ਜਾਪਦੀ ਹੈ ਅਰ ਗੰਭੀਰ ਹਾਥੀ ਦੇ ਦੁਆਲੇ ਮੱਖਿਆਂ ਉਡਦੀਆਂ ਵਾਂਗ ਉਨ੍ਹਾਂ ਨੂੰ ਦੇਖਦੇ ਹਨ। ਕੱਲ ਮੈਂ ਉਨ੍ਹਾਂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਹੇ ਬੇਗਮ! ਤੋਂ ਆਪਣਾ ਪ੍ਰਣ ਤੋੜਿਆ ਹੈ, ਹੁਣ ਅਸੀਂ ਵੀ ਚਲੇ ਜਾਵਾਂਗੇ, ਪਰ ਬੇਗਮ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦੀ। ਉਹ ਕਹਿੰਦੀ ਹੈ ਕਿ ਤੇਰਾ ਪਿਤਾ ਚੂਹੜ ਮੱਲ ਤੇਰੀ ਵਹੁਟੀ ਨੂੰ ਲੈ ਗਿਆ ਹੈ, ਪਰ ਓਹ ਅਮੰਨਾਂ ਨਹੀਂ ਕਰਦੇ।

ਸ਼ੀਲਾ - ਹੱਛਾ, ਜੋ ਕਰਤਾਰ ਨੂੰ ਭਾਵੇ। ਅਕਾਲ ਪੁਰਖ ਉਨ੍ਹਾਂ ਨੂੰ ਤੱਤੀ ਵਾ ਨਾ ਲੱਗਣ ਦੇਵੇ, ਮੈਂ ਤਾਂ ਉਹ ਜਾਣੇ ਸਦਕੇ ਕੀਤੀ ਉਨ੍ਹਾਂ ਦੇ ਚਰਨਾਂ ਉਤੋਂ।

ਗੋਲੀ - ਸ਼ਾਬਾਸ਼ ਤੁਹਾਡੇ ਜਨਮ ਦੇ ਅਰ ਤੁਹਾਡੇ ਧਰਮ ਦੇ, ਪਤਿਬਰਤਾ ਹੋਣ ਦੇ। ਤੁਸੀਂ ਤਾਂ ਕੋਈ ਦੇਵਤੇ ਹੋ। ਮੂਰਖ ਬੇਗਮ ਤੁਹਾਡੇ ਅਸਲ ਨੂੰ ਨਹੀਂ ਸਮਝਦੀ।

ਭੁਜੰਗੀ - ਭਲਾ ਜੇ ਅਸੀਂ ਨਾ ਪੀਵੀਏ ਤਾਂ!

ਗੋਲੀ - ਫੇਰ ਕਤਲ ਕੀਤੇ ਜਾਓਗੇ। ਇਹ ਬੇਗਮ ਫੈਸਲਾ ਕਰ ਚੁਕੀ ਹੈ।

ਸ਼ੀਲਾ - ਸਤਿ ਬਚਨ (ਪੁੱਤਰ ਵਲ) ਬਰਖੁਰਦਾਰ! ਇਕ ਦਿਨ ਮਰਨਾ ਹੈ ਅਰ ਮੇਰਾ ਤੇਰਾ ਸਿੰਘ ਹੁਰਾਂ ਦੇ ਨਾਲ ਇਸ ਕਿਲੇ ਵਿਚੋਂ ਜੀਉਂਦੇ ਜੀ ਨਿਕਲਣਾ ਅਣਹੋਣੀ ਗੱਲ ਹੈ। ਤੇਰੇ ਪਿਤਾ ਦਾ ਇਕੱਲਿਆਂ ਨਿਕਲ ਜਾਣਾ ਕੁਛ ਸੌਖਾ ਹੈ। ਉਹ ਸਿੰਘ ਹਨ, ਕਿਲ੍ਹੇ ਦੇ ਉਸ ਦਿਨ ਵਾਲੀ ਬਾਹੀ ਤੋਂ ਟੱਪ ਕੇ ਬੀ ਜਾ ਸ਼ਕਦੇ ਹਨ, ਪਰ ਮੈਂ ਤੀਵੀਂ ਤੂੰ ਬਾਲਕ, ਸਾਡਾ ਨਿਕਲਣਾ ਔਖਾ ਹੈ। ਦੂਸਰੀ ਗੱਲ ਇਹ ਹੈ ਕਿ 'ਤੇਰਾ ਪਿਤਾ ਧਰਮਹਾਰ' ਇਹ ਬੀ ਹੋਣ ਵਾਲੀ ਗੱਲ ਨਹੀਂ ਹੈ। ਕੋਈ ਐਸੀ ਪ੍ਰੇਰਨਾ ਨਹੀਂ ਹੈ ਜੋ ਉਨ੍ਹਾਂ ਦੇ ਹਿਰਦੇ ਨੂੰ ਪ੍ਰੇਰ ਸਕੇ। ਉਨ੍ਹਾਂ ਨੂੰ ਜੇ ਕੇਵਲ ਆਪਣਾ ਹੀ ਫਿਕਰ ਹੋਵੇ ਤਦ ਜਿੰਦ ਅਰ ਧਰਮ ਦੁਹਾਂ ਦਾ ਬਚਾ ਲੈਣਾ ਉਨ੍ਹਾਂ ਲਈ ਸੌਖੇਰਾ ਹੈ, ਪਰ ਮੇਰਾ ਨਾਲ ਹੋਣਾ ਉਨ੍ਹਾਂ ਦੀ ਜਿੰਦ ਨੂੰ ਜ਼ਰੂਰ ਲੈ ਗਲੇਗਾ, ਤਾਂ ਤੇ ਭਲਾ ਹੈ ਕਿ ਮੈਂ ਮਰ ਜਾਵਾਂ ਤੇ ਸੁਆਮੀ ਜੀ ਸੁਤੰਤਰ ਹੋ ਕੇ ਆਪਣਾ ਆਪ ਬਚਾ ਲੈਣ। ਤੇਰੇ ਲਈ, ਮੈਂ ਆਂਦਰਾਂ ਵੱਲ ਦੇਖਾਂ ਥਾਂ ਜੀਉਣਾ ਹੀ ਭਲਾ ਹੈ, ਪਰ ਜੇ ਅਕਲ ਦੀ ਗੱਲ ਮੰਨਾਂ ਤਾਂ ਤੇਰਾ ਮੇਰੇ ਨਾਲ, ਮੇਰੇ ਬੱਚੜੇ! ਚਲਣਾ ਹੀ ਚੰਗਾ ਹੈ। ਕਿਉਂਕਿ ਜਦ ਮੈਂ ਮਰ ਗਈ ਤੇਰੇ ਪਿਤਾ ਪਾਸ ਤੈਨੂੰ ਇਨ੍ਹਾਂ ਨੇ ਅੱਪੜਨ ਨਹੀਂ ਦੇਣਾ, ਅਰ ਕਈ ਤਰ੍ਹਾਂ ਦੇ ਦਾਹਵੇ ਤੇ ਲਾਲਚ ਤੈਨੂੰ ਦੇਣਗੇ; ਤੇਰੀ ਉਮਰ ਛੋਟੀ ਹੈ, ਮਤਾਂ ਤੇਰਾ ਚਿੱਤ ਡੋਲ ਜਾਵੇ, ਤੂੰ ਕੁਝ ਭੁੱਲ ਕਰ ਬੈਠੇਂ ਤੋ ਖਾਲਸਾ ਸੁਣੇ, ਤਦ ਮੇਰੀ ਕੁੱਖ ਨੂੰ ਸਾਰਾ ਪੰਥ ਧਿਰਕਾਰ ਦੇਵੇ ਤੇ ਤੇਰੀ ਆਤਮਾ ਸਾਥੋਂ ਵਿਛੁੜ ਜਾਵੇ। ਭਾਵੇਂ ਮੈਂ ਜਾਣਦੀ ਹਾਂ ਕਿ ਤੂੰ ਸ਼ੇਰ ਬੱਚਾ ਡੋਲਣੇ ਵਾਲਾ ਨਹੀਂ, ਤੇਰਾ ਲਹੂ ਪਵਿੱਤਰ ਤੇ ਦਿਲ ਬਲ ਵਾਲਾ ਹੈ ਪਰ ਅਵਸਥਾ ਛੋਟੀ ਹੋਣ ਕਰਕੇ ਦਿਲ ਤਸੱਲੀ ਨਹੀਂ ਫੜਦਾ। ਇਸ ਲਈ ਪਿਆਰੇ ਲਾਲ! ਚੱਲ ਹੁਣ ਕਰਤਾਰ ਦੇ ਚਰਨਾਂ ਕਵਲਾਂ ਵਿਚ ਪਹੁੰਚੀਏ। ਦੁਨੀਆਂ ਦੇਖ ਲਈ ਗੰਢੇ ਦੇ ਛਿੱਲ ਵਾਂਗ ਇਸ ਦੇ ਅੰਦਰ ਕੁਝ ਨਹੀਂ ਹੈ।

ਮਾਂ ਦਾ ਉਪਦੇਸ਼ ਬੱਚੇ ਦੇ ਦਿਲ ਵਿਚ ਘਰ ਕਰ ਗਿਆ। ਗੋਲੀ ਪਾਸ ਬੈਠੀ ਬਿਟਰ ਬਿਟਰ ਤੱਕ ਰਹੀ ਹੈ। ਮਾਂ ਪੁੱਤਰ ਨੇ ਗਟ-ਗਟ ਕਰਕੇ ਪਿਆਲੇ ਪੀ ਲਏ, ਗੋਲੀ ਦੀ ਚਰਨੀਂ ਹੱਥ ਲਾ ਕੇ ਕਿਹਾ ਕਿ ਪਤੀ ਜੀ ਨੂੰ ਕਿਸੇ ਤਰ੍ਹਾਂ ਸੁਨੇਹਾ ਪੁਚਾ ਦੇਈਂ ਕਿ ਅਸੀਂ ਹੁਣ ਸੰਸਾਰ ਪਰ ਨਹੀਂ ਹਾਂ ਤੇ ਤੁਸੀਂ ਆਪਣਾ ਆਪ ਲੈ ਕੇ ਤਿਲਕ ਜਾਓ! ਗੋਲੀ ਹੱਕੀ ਬੱਕੀ ਪੱਥਰ ਮੂਰਤੀ ਹੋਈ ਦੁਹਾਂ ਦੇ ਚਰਨਾਂ ਉਤੇ ਮੱਥਾ ਟੇਕ ਕੇ ਵਿਦਾ ਹੋਈ ਤੇ ਮਾਂ ਪੁੱਤ ਪਾਠ ਕਰਨੇ ਲੱਗ ਪਏ।

ਪਲ ਕੇ ਮਗਰੋਂ ਬੇਗਮ ਆ ਪਹੁੰਚੀ। ਸ਼ੀਲਾ ਨੇ ਇਕ ਤੀਲਾ ਅੱਗੇ ਕਰਕੇ ਕਿਹਾ - ਭੈਣ ਜੀ! ਇਥੇ ਹੋਰ ਕੁਝ ਨਹੀਂ ਜੋ ਆਪ ਨੂੰ ਬੈਠਣ ਵਾਸਤੇ ਦੇਵਾਂ। ਬੈਠੀਏ, ਜੀ ਆਇਆਂ ਨੂੰ ਮੇਰੇ ਸਿਰ ਮੱਥੇ ਤੇ, ਧੰਨ ਭਾਗ ਤੁਸਾਂ ਦਰਸ਼ਨ ਦਿੱਤੇ।

ਬੇਗਮ-ਸ਼ੀਲ ਕੌਰ! ਤੂੰ ਡਾਢਾ ਠੰਢਾ ਘੜਾ ਹੈ, ਮੈਂ ਸੁਣਿਆ ਹੈ ਕਿ ਤੇਰੇ ਪਤੀ ਨੇ ਤੈਨੂੰ ਜ਼ਹਿਰ ਦੇ ਦਿਤੀ ਹੈ, ਮੇਰੇ ਤੇ ਹੱਥਾਂ ਦੇ ਤੋਤੇ ਉੱਡ ਗਏ ਹਨ। ਦੌੜੀ ਆਈ ਹਾਂ, ਕਿਸ ਗੱਲੇ ਤੇਰੇ ਨਾਲ ਧ੍ਰੋਹ ਕੀਤਾ ਸੁ ਮੈਨੂੰ ਤਾਂ ਤੇਰੀ ਕੈਦ ਦਾ ਪਤਾ ਬੀ ਹੁਣੇ ਲੱਗਾ ਹੈ, ਮੇਰੇ ਅੱਗੇ ਬਿਜੈ ਸਿੰਘ ਟਾਲੇ ਕਰਦਾ ਰਿਹਾ ਹੈ, ਮੈਂ ਪੁਛਾਂ ਕਿੱਥੇ ਹੈ ਤਦ ਕਹਿ ਛੱਡੇ ਕਿ ਸ਼ਹਿਰ ਵਿਚ ਗਈ ਹੈ। ਮੈਂ ਭੋਲੀ ਕੀ ਜਾਣਾ? ਅੱਜ ਪਤਾ ਲੱਗਾ ਜੋ ਉਸ ਦਾ ਦਿਲ ਇਕ ਗੋਲੀ ਨੇ ਭਰਮਾ ਲਿਆ ਹੈ ਤੇ ਉਸ ਬਦਲੇ ਤੁਹਾਨੂੰ ਮਾਰਦਾ ਹੈ। ਪਰ ਤੂੰ ਘਾਬਰ ਨਹੀਂ, ਮੈਂ ਹਕੀਮ ਨੂੰ ਸੱਦਿਆ ਹੈ; ਹੁਣੇ ਤੁਹਾਡਾ ਇਲਾਜ ਕਰਦਾ ਹੈ। (ਅੱਖਾਂ ਵਿੱਚ ਹੰਝੂ) ਪਿਆਰੀ ਭੈਣ! ਤੂੰ ਚਿੰਤਾ ਨਾ ਕਰ, ਮੈਂ ਤੇਰਾ ਵਾਲ ਵਿੰਗਾ ਨਹੀਂ ਹੋਣ ਦੇਣਾ।

ਸ਼ੀਲ ਕੌਰ - ਭੈਣ ਜੀ! ਹਕੀਮਾਂ ਦੀ ਲੋੜ ਨਹੀਂ, ਨਾ ਹੀ ਪਤੀ ਜੀ ਨੇ ਮੈਨੂੰ ਜ਼ਹਿਰ ਦਿੱਤੀ ਹੈ, ਇਹ ਫਲ ਤਾਂ ਮੇਰੇ ਹੀ ਖੋਟੇ ਕਰਮਾਂ ਦਾ ਹੈ। ਇਹ ਪ੍ਰਭੂ ਦਾ ਭਾਣਾ ਹੈ ਜੋ ਖੁਸੀ ਨਾਲ ਝੱਲਣਾ ਹੈ। ਤੁਹਾਨੂੰ ਮੈਂ ਭੈਣ ਕਿਹਾ ਸੀ; ਸੋ ਸ਼ੁਕਰ ਹੈ ਕਿ ਅੰਤ ਤਕ ਮੇਰੀ ਵਲੋਂ ਨਿਭ ਗਿਆ ਹੈ। ਜੇ ਕੋਈ ਮੇਰੀ ਭੁੱਲ ਚੁਕ ਹੋਵੇ ਤਾਂ ਬਖਸ਼ਣੀ॥

ਬੇਗਮ - ਭੈਣ ਜੀ! ਮੇਰਾ ਕੌਣ ਹੈ (ਅੱਖਾਂ ਵਿਚ ਹੰਝੂ) ਤੂੰ ਮੇਰੀ ਧਿਰ ਮੈਂ, ਤੂੰ ਮਰ ਗਈਓਂ ਤਾਂ ਮੈਂ ਕੀ ਕਰਾਂਗੀ? ਮੇਰੀ ਮਾਂ ਤੂੰ ਸੈਂ ਭੈਣ ਤੂੰ ਸੈਂ, ਦੁੱਖਾਂ ਦੀ ਦਰਦਣ ਤੂੰ ਸੈਂ, ਗਮਾਂ ਦੀ ਵੰਡਣ ਵਾਲੀ ਤੂੰ ਸੈਂ। (ਹੱਥ ਜੋੜ ਕੇ) ਭੈਣ! ਮੈਨੂੰ ਵਾਹ ਲਾ ਲੈਣ ਦੇ, ਇਲਾਜ ਕਰਾ ਲੈਣ ਦੇਹ।

ਸ਼ੀਲਾ - ਭੈਣ ਜੀ! ਤੁਸੀਂ ਆਰਾਮ ਕਰੋ। ਮੇਰਾ ਜੀ ਘਾਬਰਦਾ ਹੈ, ਹੁਣੇ ਜਿੰਦ-ਟੁੱਟਣੀ ਲੱਗਣ ਵਾਲਾ ਹੈ, ਤੁਸੀਂ ਦੇਖ ਕੇ ਘਾਬਰੋਗੇ, ਮੇਰਾ ਗਿਲਾ ਆਪ ਤੇ ਨਹੀਂ, ਮੇਰੀ ਵਲ ਚਿਤ ਨੂੰ ਠੰਡਿਆਂ ਰਖੋ, ਕਿਸੇ ਪ੍ਰਕਾਰ ਦਾ ਰੰਜ ਮੇਰੇ ਚਿੱਤ ਵਿਚ ਨਹੀਂ,

ਜੇ ਹੁੰਦਾ ਬੀ ਤਾਂ ਮੈਂ ਬਖਸ਼ਦੀ। ਤੁਸੀਂ ਜਾਓ, ਮੇਰੇ ਪਤੀ ਤੇ ਕ੍ਰਿਪਾ ਕਰਨੀ ਤੂੰ ਉਸ ਨੂੰ ਇਸ ਕਿਲੇ ਵਿਚੋਂ ਛੁਟਕਾਰਾ ਬਖਸ਼ ਦੇਣਾ, ਬਸ! ਇੰਨੀ ਵਾਸ਼ਨਾ ਹੈ ਜੇ ਆਪ ਪੂਰਨ ਕਰੋ ਤਾਂ ਚੰਗਾ।

ਇਸ ਵੇਲੇ ਇਕ ਸਿਖਾਈ ਹੋਈ ਗੋਲੀ ਦੌੜੀ ਦੌੜੀ ਆਈ ਅਰ ਘਾਬਰੀ ਹੋਈ ਬੋਲੀ –

ਬੇਗਮ ਜੀ! ਹਨ੍ਹੇਰ ਹੋ ਗਿਆ। ਇਹ ਸੁਣ ਕੇ ਬੇਗਮ ਹਫਲਾਤਫਲੀ ਦੀ ਮਾਰੀ ਚਲੀ ਗਈ। ਉਧਰ ਮਾਂ ਪੁੱਤਰ ਨੂੰ ਜ਼ੋਰ ਨਾਲ ਉੱਪਰ-ਛਲਾਂ ਸ਼ੁਰੂ ਹੋ ਗਈਆਂ। ਆਂਦਰਾਂ ਤੋੜ ਤੋੜ ਕੇ ਓਝਰੀ ਨੂੰ ਪੁੱਠੇ ਕਰ ਦੇਣ ਵਾਲੀਆਂ ਕੈਆਂ ਨੇ ਜ਼ਹਿਰ ਦੀ ਬਹੁਤ ਸਾਰੀ ਅੰਸ਼ ਕੱਢ ਦਿੱਤੀ ਪਰ ਕਮਜ਼ੋਰੀ ਅਰ ਬੇਹੋਸ਼ੀ ਨੇ ਦੁਹਾਂ ਨੂੰ ਐਸਾ ਕਰ ਦਿੱਤਾ ਕਿ ਜਿੱਕੁਰ ਕੋਈ ਜੀਉਂਦਾ ਨਹੀਂ ਹੈ। ਸਾਰਾ ਦਿਨ ਬੇਸੁੱਧ ਪਿਆਂ ਬੀਤ ਗਿਆ, ਸੰਝ ਹੋਈ ਤਾਂ ਬੇਗਮ ਦੇ ਹੁਕਮ ਨਾਲ ਲੋਥਾਂ ਦਰਿਆ ਵਿੱਚ ਸੁੱਟਣੇ ਲਈ ਘੱਲੀਆਂ ਗਈਆਂ। ਪਰ ਸੁੱਟਣੇ ਵਾਲਿਆਂ ਨੇ ਕੁਛ ਦੂਰੋਂ ਰੌਲਾ ਸੁਣ ਕੇ ਤੇ ਡਰ ਕੇ ਕਿ ਮਤੇ ਕੋਈ ਸਿੱਖ ਦਸਤਾ ਨਾ ਆ ਰਿਹਾ ਹੋਵੇ, ਛੇਤੀ ਨਾਲ ਕਿਲ੍ਹੇ ਦੇ ਬਾਹਰ ਉਪਰਲੇ ਪਾਸੇ ਉਜਾੜ ਵਿਚ ਪਵਿੱਤਰ ਦੇਹੀਆਂ ਮਲਕੜੇ ਰਖ ਦਿੱਤੀਆਂ ਤੇ ਆਪ ਭੱਜ ਆਏ। ਬੇਗਮ ਦੇ ਭਾਣੇ ਉਹ ਮਰ ਚੁੱਕੇ ਸਨ ਅਰ ਚੁੱਕਣ ਵਾਲਿਆਂ ਨੇ ਬੀ ਧਿਆਨ ਨਹੀਂ ਦਿੱਤਾ ਸੀ। ਬੇ-ਖਿਆਲੇ ਉਸ ਹਨ੍ਹੇਰੀ ਰਾਤ ਵਿੱਚ ਲੋਥਾਂ ਸਮਝ ਕੇ ਉਜਾੜ ਵਿਚ ਧਰ ਆਏ, ਜਿੱਥੇ ਉਹ ਪਈਆਂ ਅੰਤ ਵਿਚ ਮਾਨੋ ਅੰਤ ਹੋ ਰਹੀਆਂ ਸਨ। ਮਖਮਲੀ ਸੇਜਾਂ ਉੱਤੇ ਲੇਟਣ ਵਾਲੇ ਪਿੰਡੇ ਕਰੜੀ ਜ਼ਮੀਨ ਤੇ ਪਏ ਹੋਦੇ ਸਨ। ਟੱਬਰਾਂ ਤੋਂ ਵਿਛੁੜੇ ਹੋਏ ਧਰਮੀ ਇਕ ਇਕੱਲੇ ਬਨ ਪਸ਼ੂਆਂ ਦੀਆਂ ਲੋਥਾਂ ਵਾਂਗ ਧਰੇ ਪਏ ਹਨ। ਆਕਾਸ਼ ਵਿਚ ਤਾਰਾ ਮੰਡਲ ਡੂੰਘੀ ਨਜ਼ਰ ਲਾ ਕੇ ਸੱਚੇ ਧਰਮੀਆਂ ਵੱਲ ਤੱਕ ਰਿਹਾ ਹੈ ਕਿ ਮਤੇ ਸਾਡੀ ਜਿੰਦ ਬਖਸ਼ਣ ਵਾਲੀਆਂ ਕਿਰਨਾਂ ਨਾਲ ਜਿੰਦੜੀ ਦੀਆਂ ਤੰਦੀਆਂ ਬੋਲ ਉਠਣ। ਮੱਧਮ ਮੱਧਮ ਪੌਣ ਇਨ੍ਹਾਂ ਦੇ ਸਰੀਰਾਂ ਪੁਰ ਸਾਰੰਗੀ ਦੇ ਰਾਜ ਵਾਂਙ ਫਿਰ ਰਹੀ ਹੈ ਕਿ ਮਤਾਂ ਜੀਵਨ ਦੀਆਂ ਤਾਰਾਂ ਕਿਸੇ ਹੀ ਰਗੜ ਨਾਲ ਆਪਣੀ ਸਰਗਮ ਅਲਾਪਣ ਲਗ ਜਾਣ। ਕੁਦਰਤ ਧਰਮੀਆਂ ਨਾਲ ਦਰਦ ਵੰਡ ਰਹੀ ਹੈ, ਪਰ ਕੋਈ ਜੀਉਂਦਾ ਬੰਦਾ ਰੱਬ ਦਾ ਤਰਸ ਖਾ ਕੇ ਵਿਸਾਹ ਦੀ ਜਗਵੇਦੀ ਪੁਰ ਘਾਤ ਹੋਏ ਜੀਵਾਂ ਦੀ ਬਹੁੜੀ ਨਹੀਂ ਕਰ ਰਿਹਾ।

ਕਿਲ੍ਹੇ ਦੇ ਅੰਦਰ ਵੇਖੋ ਤਾਂ ਭਾਵੀ ਹੋਰ ਹੀ ਖੇਲ੍ਹ ਰਚਾਈ ਬੈਠੀ ਹੈ ਇਕ ਸਜੇ ਹੋਏ ਕਮਰੇ ਵਿੱਚ ਮੋਰ ਪੰਖ ਦੀ ਉਣਤ ਦੇ ਪਲੰਘ ਪੁਰ ਬਿਜੈ ਸਿੰਘ ਜੀ ਬਿਰਾਜਮਾਨ ਸੁੰਦਰ ਗੋਲੀਆਂ ਦੇ ਝੁੰਡ ਵਿੱਚ ਬੈਠੇ ਐਉਂ ਸਜ ਰਹੇ ਹਨ, ਜਿਵੇਂ ਗਿੱਟੀਆਂ ਵਿਚ ਕੋਈ ਤਾਰਾ। ਇਹ ਬੇਗਮ ਦੀਆਂ ਅੰਤਰੰਗ ਸਖੀਆਂ ਹਨ, ਜੋ ਬਿਜੈ ਸਿੰਘ ਨੂੰ ਸਮਝਾ ਰਹੀਆਂ ਹਨ, ਪਰ ਸਭ ਦੀਆਂ ਸਿੱਖਿਆ ਥਿੰਧੇ ਘੜੇ ਪੁਰ ਪਾਣੀ ਵਰਗਾ ਅਸਰ ਕਰ ਰਹੀਆਂ ਹਨ। ਕੋਈ ਰਾਤ ਦੇ ਸਵਾ ਪਹਿਰ ਬੀਤੇ ਤਕ ਸਮਝਾ ਬੁਝਾ ਕੇ ਸਖੀਆਂ ਵਿਦਾ ਹੋਈਆਂ। ਹੁਣ ਬੇਗਮ ਆਪ ਆਈ – 'ਸਿੰਘ ਜੀ ਹੁਣ ਤਾਂ ਦਿਲ ਦੀਆਂ ਵਾਗਾਂ ਨੂੰ ਮੋੜੋ। ਜੇਕਰ ਮੁਸਲਮਾਨ ਹੋ ਜਾਓ ਤਾਂ ਤੁਹਾਨੂੰ ਪੰਜਾਬ ਦਾ ਹਾਕਮ ਬਣਾ ਦਿਆਂ, ਇਹ ਮੇਰੇ ਖੱਬੇ ਹੱਥ ਦਾ ਕਰਤਬ ਹੈ। ਆਪਣੇ ਤੇ ਤਰਸ ਕਰੋ, ਇਹ ਸੁੰਦਰਤਾ ਬਨ ਦੇ ਫੁੱਲਾਂ ਵਾਂਙ ਐਵੇਂ ਨਾ ਸੜ ਜਾਵੇ। ਰਚਣਹਾਰ ਨੇ ਕਿਨ੍ਹਾਂ ਸੁਲੱਖਣੇ ਹੱਥਾਂ ਨਾਲ ਤੇਰੇ ਸਰੀਰ ਦੀ ਰਚਨਾ ਰਚੀ ਹੈ, ਮੇਰੇ ਭਾਣੇ ਜਬ ਤੋਂ ਸੰਸਾਰ ਰਚਿਆ ਜਾਣ ਲੱਗਾ ਹੈ, ਤਦ ਤੋਂ ਜੋ ਜੋ ਸੂਰਤ ਰਚਣਹਾਰੇ ਨੇ ਰਚੀ, ਉਸ ਦੀ ਸੁੰਦਰਤਾ ਦੀ ਰਤਾ ਰਤਾ ਵੰਨਗੀ ਵੱਖਰੀ ਰੱਖਦਾ ਰਿਹਾ ਹੈ, ਉਸ ਸਾਰੀਆਂ ਸਾਂਭ ਕੇ ਰੱਖੀਆਂ ਸੁੰਦਰਤਾ ਦੀਆਂ ਵੰਨਗੀਆਂ ਨੂੰ ਇਕੱਠਾ ਕਰਕੇ ਉਸ ਨੇ ਇੱਕ ਪੁਤਲੀ ਬਣਾ ਕੇ ਬਿਜੈ ਸਿੰਘ ਨਾਮ ਧਰ ਕੇ ਸੰਸਾਰ ਵਿਚ ਘੱਲ ਦਿਤਾ ਹੈ। ਹੇ ਆਪਣਾ ਬੁਰਾ ਕਰਨ ਵਾਲੇ ਪੱਥਰ ਚਿਤ ਸ਼ਾਹਜ਼ਾਦੇ! ਕੁਛ ਬੋਲੋ ਤਾਂ ਸਹੀ?"

ਸਿੰਘ ਜੀ – ਹੇ ਪ੍ਰਜਾ ਦੀ ਮਾਤਾ! ਤੇਰੇ ਸੰਕਲਪ ਮ੍ਰਿਗ ਤ੍ਰਿਸ਼ਨਾ ਦੇ ਜਲ ਵਾਂਙੂੰ, ਜਿਥੋਂ ਕੁਝ ਨਹੀਂ ਬਣਨਾ, ਉਥੋਂ ਸੁਖਾਂ ਦੀ ਆਸ ਕਰ ਰਹੇ ਹਨ, ਤੂੰ ਜਿਨ੍ਹਾਂ ਗੱਲਾਂ ਨੂੰ ਸੁਖ ਰੂਪ ਜਾਣਦੀ ਹੈਂ; ਇਹ ਸਭ ਦੁੱਖ ਰੂਪ ਹਨ। ਜਿਹੜਾ ਇਸ ਵੇਲੇ ਮਨ ਨੂੰ ਮੋੜਨਾ ਹੈ ਸੋ ਬੜਾ ਔਖਾ ਤਾਂ ਹੈ ਪਰ ਫਲ ਬਹੁਤ ਮਿੱਠਾ ਰਖਦਾ ਹੈ ਤੇ ਜਿਹੜਾ ਮਨ ਦੇ ਮਗਰ ਲੱਗਣਾ ਹੈ ਇਹ ਅਨੇਕਾਂ ਕਸ਼ਟਾਂ ਵਿਚ ਪਾ ਦੇਵੇਗਾ।

***ਸੁਖੁ ਮਾਂਗਤ ਦੁਖੁ ਆਗੈ ਆਵੈ॥***
***ਸੋ ਸੁਖੁ ਹਮਹੁ ਨ ਮਾਂਗਿਆ ਭਾਵੈ॥***

ਧਤੂਰੇ ਦਾ ਇਕ ਬੀਜ ਬੀਜੀਏ ਤਾਂ ਕੈਸਾ ਸੁੰਦਰ ਬੂਟਾ ਉਗਦਾ ਹੈ, ਕੈਸੇ ਸੁਹਣੇ ਫੁੱਲ ਲਗਦੇ ਹਨ। ਪਰ ਹਾਇ! ਕਿਤਨੇ ਅਣਗਿਣਤ ਜ਼ਹਿਰ ਦੇ ਬੀਜ ਉਸ ਨੂੰ ਪੈਂਦੇ ਹਨ ਅਰ ਕਿਹੀ ਕਰੜੀ ਵਿਹੁ ਉਸ ਵਿਚੋਂ ਫੈਲਦੀ ਹੈ। ਜੜ੍ਹਾਂ, ਪੱਤੇ ਟਾਹਣੀਆਂ ਫੁੱਲ ਸਭਾ ਵਿਚ ਵਿਹੁ ਦੇ ਫਲ ਲਗਦੇ ਹਨ, ਮਾਨੋਂ ਉਸ ਬੂਟੇ ਦਾ ਇਕ ਸੋਮਾਂ ਬਣ ਜਾਂਦਾ ਹੈ; ਜਿਸ ਵਿਚੋਂ ਸਦਾ ਵਿਹੁ ਦੀ ਨਦੀ ਵਗਦੀ ਰਹਿੰਦੀ ਹੈ।

ਭੈੜੀਆਂ ਵਾਸ਼ਨਾ ਦਾ ਰੂਪ ਮੋਹ ਨਾਲੋਂ ਸੁਹਣਾ ਲੱਗਦਾ ਹੈ, ਪਰ ਉਨ੍ਹਾਂ ਤੇ ਅਮਲ ਕਰਨਾ ਸੱਪ ਦਾ ਵਿਹੁ ਹੁੰਦਾ ਹੈ। ਭੰਬਟ ਦੀਵੇ ਦੀ ਸੁੰਦਰਤਾ ਪੁਰ ਮੋਹਿਤ ਹੋ ਜਾਂਦਾ ਹੈ, ਦੂਰ ਰਹੇ ਤਾਂ ਖੈਰ, ਜਦ ਵਾਸ਼ਨਾ ਅਧੀਨ ਹੋ ਨੇੜੇ ਢੁੱਕਦਾ ਹੈ ਤਾਂ ਖੰਭ ਸੜਵਾ ਕੇ ਡਿੱਗਦਾ ਹੈ ਤੇ ਤੜਫ ਮਰਦਾ ਹੈ। ਬੇਗਮ! ਇਸ ਵਾਸ਼ਨਾ ਅਧੀਨ ਹੋ ਕੇ ਟੁਰਨ ਨੇ ਬੜੇ ਬੜੇ ਰਿਸ਼ੀ, ਮੁਨੀ, ਪੀਰ, ਔਲੀਏ ਡੇਗੇ, ਰਾਜਿਆਂ ਦੇ ਰਾਜ ਗੁਆਏ ਹਨ, ਫਕੀਰਾਂ ਦੀਆਂ ਫਕੀਰੀਆਂ ਮਿੱਟੀ ਵਿਚ ਮਿਲਾਈਆਂ, ਤੇਜੱਸਵੀਆਂ ਦੇ ਤੇਜ ਇਸ ਨੇ ਗੁਆਏ ਹਨ, ਰਾਜ ਭਾਗ ਨੂੰ ਪਾ ਕੇ ਆਪਣੇ ਪੈਰਾਂ ਤੇ ਮਜ਼ਬੂਤ ਹੋ ਕੇ ਖੜੋਵੇ। ਭਿਖਾਰੀ ਖਾਂ ਵਾਲਾ ਤਜਰਬਾ ਉਸਤਾਦ ਬਣਨਾ ਚਾਹੀਏ।

ਬੇਗਮ – ਹੇ ਕੋਰੜ ਮੋਠ! ਅਭਿੱਜ ਪੱਥਰ! ਮੁਲਾਣਿਆਂ ਵਾਂਗ ਵਾਇਜ਼ਾ ਨਾ ਸੁਣਾ; ਏਹ ਦਿਨ ਮੁੜ ਨਹੀਂ ਆਉਣੇ। ਪਿਛੋਂ ਇਹ ਪਛਤਾਵਾ ਪੱਲੇ ਰਹਿ ਜਾਂਦਾ ਹੈ ਕਿ ਜ਼ਿੰਦਗੀ ਦੇ ਸੁਹਣੇ ਸੁਹਣੇ ਦਿਨ ਧਰਮ ਦੇ ਡਰ ਕਰ ਕੇ ਗੁਆ ਲਏ।

ਸਿੰਘ - ਹੇ ਪ੍ਰਜਾ ਦੀ ਮਾਤਾ! ਕਾਲ ਬਤੀਤ ਹੋ ਰਿਹਾ ਹੇ, ਜੇ ਧਰਮ ਵਿਚ ਬਿਤੇ ਤਦ ਬੀ, ਜੇ ਅਧਰਮ ਵਿਚ ਬਿਤੇ ਤਦ ਬੀ; ਮਨ ਦੀਆਂ ਮੌਜਾਂ ਮਾਣਨ ਵਿਚ ਬਿਤੇ ਤਦ ਬੀ, ਨਾ ਮਾਣਨ ਵਿਚ ਬਿਤੇ ਤਦ ਬੀ; ਹਾਂ, ਕਾਲ ਨੇ ਬੇਪਰਵਾਹ ਆਪਣੇ ਨਿਯਮਾਂ ਵਿਚ ਤੁਰੇ ਜਾਣਾ ਹੈ। ਪਿੱਛੇ ਤਾਂ ਭਲੇ ਕਰਮਾਂ ਦੀ ਖੁਸ਼ੀ ਤੇ ਬਲ ਪੱਲੇ ਰਹਿ ਜਾਂਦਾ ਹੈ ਜਾਂ ਮਾੜਿਆਂ ਦਾ ਪਛਤਾਵਾ ਤੇ ਕਮਜ਼ੋਰੀ। ਕਾਲ ਦੇ ਰਥ ਨੂੰ ਭਲਾ ਬੁਰਾ ਦੋ ਪਿੰਜ ਹਨ। ਇਨ੍ਹਾਂ ਪਿੰਜਾਂ ਦੀਆਂ ਦੋ ਲੀਹਾਂ ਪੈਂਦੀਆਂ ਜਾਂਦੀਆਂ ਹਨ, ਇਕ ਪਛਤਾਵਾ ਇਕ ਪ੍ਰਸੰਨਤਾਈ। ਰਥ ਪਹੀਆਂ ਸਮੇਤ ਲੰਘ ਜਾਂਦਾ ਹੈ, ਪਰ ਲੀਹਾਂ ਰਹਿ ਜਾਂਦੀਆਂ ਹਨ। ਤੁਸੀਂ ਉੱਚੇ ਘਰਾਣੇ ਦੇ ਹੋ, ਮੁਸਲਮਾਨ ਘਰਾਂ ਦਾ ਮੈਨੂੰ ਠੀਕ ਥਹੁ ਪਤਾ ਨਹੀਂ, ਪਰ ਹਿੰਦੂ ਘਰਾਂ ਵਿੱਚ ਜਿਨ੍ਹਾਂ ਇਸਤਰੀਆਂ ਨੂੰ ਰੰਡੇਪੇ ਦਾ ਦੁਖ ਪੈ ਜਾਂਦਾ ਹੈ ਉਹ ਸਤਿ ਧਰਮ ਵਿਚ ਰਹਿ ਕੇ ਉਮਰ ਕੱਟ ਲੈਂਦੀਆਂ ਹਨ। ਉਨ੍ਹਾਂ ਨੂੰ ਬੇਬੇ ਜੀ ਕਰ ਕੇ ਸੱਦਦੇ ਹਨ ਅਰ ਚੰਗਾ ਸਤਿਕਾਰ ਕਰਦੇ ਹਨ, ਪਰ ਜੋ ਇਸਤ੍ਰੀਆਂ ਮਨ ਦੀਆਂ ਖੋਟੀਆਂ ਵਾਸ਼ਨਾ ਦੇ ਮਗਰ ਲੱਗ ਕੇ ਅੱਗੇ ਪਿੱਛੇ ਦੀ ਸੋਚ ਛੱਡ ਦਿੰਦੀਆਂ ਹਨ ਉਨ੍ਹਾਂ ਨੂੰ ਕੋਈ ਮੱਥੇ ਨਹੀਂ ਲਾਉਂਦਾ। ਜਿਨ੍ਹਾਂ ਪਾਪੀਆਂ ਨੂੰ ਉਹ ਭੁਲੇਖੇ ਵਿੱਚ ਫਸ ਕੇ ਸੱਜਣ ਜਾਣ ਬੈਠੀਆਂ ਸਨ ਉਹ ਨਾਲ ਨਹੀਂ ਨਿਭਦੇ। ਉਸ ਸਮੇਂ ਉਨ੍ਹਾਂ ਵਿਚਾਰੀਆਂ ਨੂੰ ਪਤਾ ਲਗਦਾ ਹੈ ਕਿ ਅਸਾਂ ਭੁੱਲ ਕੀਤੀ ਤੇ ਸਿਆਣੀਆਂ ਦੀ ਸਿਖਿਆ ਨਾ ਮੰਨੀ ਤੇ ਮਨ ਦੇ ਵੇਗ ਦੇ ਮਗਰ ਲੱਗੀਆਂ ਪਰ ਫਿਰ ਪਛੁਤਾਏ ਕਿਆ ਹੋਇ ਜਬ ਚਿੜੀਆਂ ਚੁਗ ਗਈਂ ਖੇਤ।' ਸਿਆਣੇ ਦੇ ਕਹੇ ਤੇ ਅਉਲੇ ਦੇ ਖਾਧੇ ਦਾ ਸੁਆਦ ਪਿਛੋਂ ਮਲੂਮ ਹੁੰਦਾ ਹੈ। ਜੇ ਕੋਈ ਅੱਕ ਦੇ ਫਲ ਨੂੰ ਅੰਬ ਸਮਝੇ ਤੇ ਸਿਆਣੇ ਦਾ ਕਿਹਾ ਨਾ ਮੰਨੇ ਤਾਂ ਕੀ ਹੁੰਦਾ ਹੈ?

ਬੇਗਮ (ਜ਼ਰਾ ਤਿਣਕ ਕੇ) - ਸਿੰਘ ਜੀ! ਸਿਖਿਆ ਠੀਕ ਹਨ। ......ਦੇਣੀਆਂ ਸੁਖਾਲੀਆਂ ਹਨ ਪਰ ਮੈਂ ਕੋਈ ਬਦੀ ਦੀ ਗੱਲ ਨਹੀਂ ਕੀਤੀ, ਕੀਹ ਤੁਸਾਂ ਵਿੱਚ ਵਿਵਾਹ ਤੇ ਵਿਧਵਾ ਵਿਵਾਹ ਮਨ੍ਹੇ ਹੈਨ?

ਸਿੰਘ ਜੀ - ਸਿੱਖਾਂ ਵਿਚ ਵਿਵਾਹ ਤੇ ਵਿਧਵਾ ਵਿਵਾਹ ਦੀ ਤਾਂ ਖੁੱਲ੍ਹ ਹੈ, ਪਰ ਵਿਵਾਹ ਹੋਵੇ ਤਾਂ। ਵਿਵਾਹ ਇਕ ਪਵਿੱਤਰ ਸਬੰਧ ਹੈ ਜੋ ਪਵਿੱਤਰ ਨਿਯਮ ਨਾਲ ਜਾਇਜ਼ ਹੈ, ਪਰ ਮੈਂ ਤਾਂ ਵਿਵਾਹਿਤ ਹਾਂ।

ਬੇਗਮ - ਇਸਤਰੀ ਤਾਂ ਆਪ ਦੀ ਮਰ ਚੁੱਕੀ ਹੈ; (ਹੰਝੂ ਭਰ ਕੇ) ਪਿਆਰੀ ਸੀਲ ਕੂਚ ਕਰ ਗਈ।

ਸਿੰਘ ਜੀ - ਅਸੰਭਵ।

ਬੇਗਮ - ਨਹੀਂ, ਸੱਚ! ਚੂੜ੍ਹਮਲ ਆਪ ਦਾ ਪਿਤਾ ਉਸ ਨੂੰ ਲੈ ਗਿਆ ਸੀ, ਮੈਂ ਹੀ ਉਸ ਨਾਲ ਤੋਰਨੋਂ ਨਾਂਹ ਨਹੀਂ ਕੀਤੀ ਸੀ, ਤੁਹਾਡੀ ਮਾਤਾ ਬਹੁਤ ਰੋਂਦੀ ਸੀ ਇਸ ਕਰਕੇ ਟੋਰਨਾ ਪਿਆ ਸੀ, ਤੁਹਾਨੂੰ ਮੈਂ ਅੱਗੇ ਬੀ ਦੱਸ ਚੁੱਕੀ ਹਾਂ, ਪਰ ਹੁਣ ਪੱਕੀ ਖਬਰ ਆਈ ਹੈ ਕਿ ਰਾਤ ਛੱਤ ਡਿੱਗ ਪੈਣ ਕਰ ਕੇ ਤੁਹਾਡੀ ਵਹੁਟੀ ਤੇ ਪੁੱਤਰ ਹੇਠ ਦੱਬੇ ਗਏ ਹਨ ਅਰ ਤੁਹਾਡੇ ਭਰਾ ਨੇ ਬੜੀ ਛੇਤੀ ਉਨ੍ਹਾਂ ਦਾ ਦਾਹ ਬੀ ਕਰਵਾ ਦਿੱਤਾ ਹੈ। ਕਾਰਨ ਦਾ ਪਤਾ ਨਹੀਂ, ਪਰ ਇਕ ਮੁਖਬਰ ਨੇ ਖਬਰ ਦਿੱਤੀ ਹੈ ਕਿ ਤੁਹਾਡੇ ਭਰਾ ਨੇ ਉਨ੍ਹਾਂ ਨੂੰ ਮਰਵਾਇਆ ਹੈ, ਛੱਤ ਡਿਗਣੀ ਬਹਾਨਾ ਹੈ। ਉਸ ਦੀ ਨੀਯਤ ਇਹ ਹੈ ਕਿ ਕੋਈ ਵਾਰਸ ਹੋਰ ਨਾ ਬਾਕੀ ਰਹੇ, ਸਾਰਾ ਧਨ ਮੈਂ ਸ਼ਾਂਭਾਂ।

ਸਿੰਘ ਜੀ - ਮੈਂ ਨਹੀਂ ਮੰਨਦਾ।

ਬੇਗਮ - ਮੈਂ ਕਸਮ ਖਾ ਕੇ ਕਹਿੰਦੀ ਹਾਂ ਕਿ ਸੱਚ ਹੈ, ਮੈਂ ਤੁਹਾਡੇ ਭਰਾ ਦੀ ਗ੍ਰਿਫਤਾਰੀ (ਫੜਨ) ਦਾ ਹੁਕਮ ਬੀ ਦੇ ਆਈ ਹਾਂ।

ਸਿੰਘ ਜੀ ਨੇ ਅੱਖਾਂ ਮੀਟ ਲਈਆਂ, ਪਿਆਰਿਆਂ ਦੇ ਵਿਯੋਗ ਕਰਕੇ ਹਿਰਦੇ ਵਿਚ ਖੋਹ ਪਈ, ਪਰ ਨਿਸ਼ਚੇਵਾਨ ਹਿਰਦੇ ਵਿਚ ਸਤਿਗੁਰਾਂ ਦੀ ਮੂਰਤਿ ਆ ਖੜੋਤੀ ਅਰ ਸਿੰਘ ਜੀ ਦੇ ਗਿਆਨਵਾਨ ਹਿਰਦੇ ਵਿਚ ਆਤਮਾ ਦੇ ਨਿੱਤ ਤੇ ਅਮਰ ਹੋਣ ਦਾ ਨਕਸ਼ਾ ਬੱਝ ਗਿਆ ਅਰ ਕਰਮਾਂ ਦੀ ਪ੍ਰਬਲਤਾ ਤੇ ਕਰਤਾਰ ਦੀ ਕ੍ਰਿਪਾ ਨੂੰ ਸੋਚ ਕੇ ਆਤਮਾਂ ਨੂੰ ਪ੍ਰਸੰਨ ਕਰਨੇ ਵਾਲਾ ਸ਼ਾਂਤੀ ਦਾ ਸੋਮਾਂ ਫੁੱਟ ਪਿਆ। ਦਸ ਕੁ ਮਿੰਟ ਮਗਰੋਂ ਅੱਖਾਂ ਖੁੱਲ੍ਹੀਆਂ, ਦੋ ਕੁ ਟੇਪੇ ਡਿੱਗੇ ਅਰ ਸਿੰਘ ਦੇ ਮੂੰਹੋਂ ਸ਼ੁਕਰ ਦਾ ਸ਼ਬਦ ਤਿੰਨ ਵਾਰੀ ਨਿਕਲਿਆ। ਬਿਜੈ ਸਿੰਘ ਨੂੰ ਬੇਗਮ ਪਰ ਪਤੀਆਂ ਤਾਂ ਨਹੀਂ ਆਯਾ, ਪਰ ਉਸ ਨੇ ਇਹ ਜਾਣ ਲਿਆ ਕਿ ਮੇਰੇ ਉਜ਼ਰ ਭੰਨਣ ਲਈ ਦੁਇ ਮਰਵਾ ਦਿਤੇ ਗਏ ਹੋਣ ਤਾਂ ਅਸਚਰਜ ਨਹੀਂ। ਸੇ ਭਾਣਾ ਜਾਣ ਕੇ ਰਜ਼ਾ ਸਿਰ ਤੇ ਧਰ ਲਈ।

ਬੇਗਮ - ਹੁਣ ਦੱਸੋ?

ਸਿੰਘ ਜੀ - ਕੀ ਦੱਸਾਂ? ਮੇਰਾ ਜਨਮ ਇਸ ਲਈ ਨਹੀਂ ਕਿ ਇਕ ਅਮੀਰਜ਼ਾਦੀ ਨਾਲ ਵਿਆਹ ਕਰਕੇ ਆਪਣੇ ਸੁੱਖਾਂ ਵਿੱਚ ਪੈ ਜਾਵਾਂ, ਮੈਂ ਤਾਂ ਧਰਮ ਤੇ ਪਰਜਾ ਦੀ ਸੇਵਾ ਲਈ ਜਨਮਿਆਂ ਹਾਂ। ਸੁੰਦਰ ਪਲੰਘ ਮੇਰੇ ਲਈ ਸੂਲਾਂ ਦੀ ਸੇਜਾਂ ਹਨ ਬਨਾਂ ਵਿੱਚ ਕੰਡਿਆਂ ਪੁਰ ਭਰਾਵਾਂ ਨਾਲ ਸੌਣਾ ਮੇਰੇ ਲਈ ਮਖਮਲ ਨਾਲੋਂ ਭਲਾ ਹੈ, ਵੀਰ ਨਾਲ ਵਣ ਦੇ ਪੱਤੇ ਖਾ ਕੇ ਗੁਜ਼ਾਰਾ ਕਰਨ ਨੂੰ ਮੈਂ ਪਰਮ ਪ੍ਰਸੰਨਤਾ ਸਮਝਦਾ ਹਾਂ। ਉਹ ਧਰਮ ਹੈ, ਆਪਣੀਆਂ ਮੌਜ ਬਹਾਰਾਂ ਐਸ਼ਾਂ ਅਧਰਮ ਹਨ। ਆਤਮਾਂ ਨਿੱਤ ਹੈ ਸਰੀਰ ਅਨਿੱਤ ਅਨਿੱਤ ਦੇ ਦੁੱਖਾਂ ਦੀ ਪਰਵਾਹ ਨਹੀਂ, ਕਿਉਂ? ਝਬਦੇ ਮੁੱਕ ਜਾਂਦੇ ਹਨ, ਨਿਤ ਦੇ ਸੁਖ ਸਦਾ ਰਹਿੰਦੇ ਹਨ, ਉਨ੍ਹਾਂ ਦੀ ਪਰਵਾਹ ਕਰਨੀ ਚਾਹੀਏ। ਫਿਰ ਹੋਰ ਸੋਚੋ....ਜੋ ਪੁਰਖ ਜਿਸ ਕੰਮ ਲਈ ਜੰਮਿਆਂ ਹੋਵੇ, ਉਸ ਨੂੰ ਉਹੋ ਕਰਨਾ ਹੀ ਸੁਹਣਾ ਹੈ, ਨਹੀਂ ਤਾਂ ਫੇਰ ਇਉਂ ਦੇ ਉਲਾਂਭੇ ਮਿਲਦੇ ਹਨ - 'ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥'

ਬੇਗਮ - ਮੈਂ ਕਦੇ ਕਿਸੇ ਅੱਗੇ ਨਹੀਂ ਨਿਵੀਂ, ਏਥੇ ਨਿਵੀਂ ਜਾਂ ਨਿਵੀਂ ਦੀ ਲਾਜ ਰੱਖੋ, ਕਿਹਾ ਮੰਨੋ। ਕੁਛ ਦੇਰ ਗੁਪਤ ਰਹੋ, ਫੇਰ ਮੈਂ ਤੇਰੇ ਲਈ ਕਾਬਲ ਤੋਂ ਫੁਰਮਾਨ ਸ਼ਾਹੀ ਮੰਗਾ ਦਿਆਂਗੀ। ਦਿੱਲੀ ਵਾਲੇ ਆਪ ਮੋਏ ਪਏ ਹਨ, ਕੋਈ ਤੇਰੀ ਵਾ ਵਲ ਨਹੀਂ ਤੱਕੇਗਾ, ਬਿਨਾਂ ਯਤਨ ਪਾਤਸ਼ਾਹ ਬਣ ਜਾਹ। ਤੇਰਾ ਫਰਜ਼ ਬੀ ਪੂਰਾ ਹੋ ਜਾਏਗਾ। ਹੁਣ ਤਾਂ ਸਿੱਖਾਂ ਵਿਚ ਰਹਿ ਕੇ ਕਿਤੇ ਮਰ ਜਾਏਂਗਾ ਅਰ ਰਾਜਾ ਬਣਨ ਦਾ ਵੇਲਾ ਸਿੱਖਾਂ ਲਈ ਦੂਰ ਹੈ। ਜੇ ਕੋਈ ਜ਼ਾਲਮ ਨਵਾਬ ਆ ਗਿਆ ਤਾਂ ਖਬਰੇ ਸਿੱਖਾਂ ਦਾ ਖੁਰਾ ਕੋਜ

ਹੀ ਮਿਟ ਜਾਵੇ। ਇਸ ਵੇਲੇ ਨੂੰ ਹੱਥੋਂ ਨਾ ਜਾਣ ਦੇਹ। ਪੱਕੀ ਪਕਾਈ ਮਿਲਦੀ ਹੈ, ਬਿਨਾਂ ਲਹੂ ਵੀਟੇ ਹੀ ਰਾਜ ਬੱਝਦਾ ਹੈ।

ਸਿੰਘ ਜੀ – ਪ੍ਰਜਾ ਦੀ ਮਾਤਾ ਆਪ ਦੇ ਰਾਜ-ਭਾਗ ਦੇਣ ਦਾ ਸ਼ੁਕਰੀਆ ਹੈ ਪਰ ਮੈਂ ਉਸ ਕੌਮ ਵਿਚੋਂ ਹਾਂ ਜੋ ਆਪਣੇ ਡੌਲਿਆਂ ਪਰ ਬੜਾ ਭਰੋਸਾ ਰੱਖਦੀ ਹੈ। ਉਨ੍ਹਾਂ ਕਦੇ ਨਹੀਂ ਮੰਨਣਾ ਕਿ ਐਉਂ ਰਾਜ ਲਵੀਏ, ਜਦ ਰਾਜ ਲਵਾਂਗੇ ਤਲਵਾਰ ਦੀ ਧਾਰ ਨਾਲ ਲਵਾਂਗੇ। ਦੂਸਰੇ-ਅਬਦਾਲੀ ਐਸਾ ਬੁੱਧੂ ਨਹੀਂ ਜੈਸਾ ਤੁਸੀਂ ਸਮਝਦੇ ਹੋ। ਇਧਰੋਂ ਤੁਸਾਂ ਮੇਰੇ ਨਾਲ ਵਿਆਹ ਕੀਤਾ ਉਧਰੋਂ ਕੁਫਰ ਦਾ ਫਤਵਾ ਤੁਹਾਡੇ ਤੇ ਲੱਗੇਗਾ ਅਰ ਇਕ ਦਮ ਤਖਤੋਂ ਉਤਾਰੇ ਜਾਓਗੇ। ਅਬਦਾਲੀ ਤਾਂ ਆਉਂਦਾ ਕੁਝ ਚਿਰ ਲਾਊ, ਆਪ ਦੇ ਉਮਰਾਉ ਹੀ ਕੰਮ ਬਰਾਬਰ ਕਰ ਦੇਣਗੇ। ਕੋਈ ਮੁਸਲਮਾਨ ਇਹ ਗੱਲ ਨਹੀਂ ਸਹੇਗਾ ਕਿ ਤੁਸੀਂ ਇਕ ਨਾ-ਮੁਸਲਿਮ ਨਾਲ ਵਿਆਹ ਕਰੋ। ਹਾਂ ਮੈਂ ਮੁਸਲਮਾਨ ਹੋ ਜਾਵਾਂ ਤਾਂ............ਪਰ ਇਹ ਅਸੰਭਵ ਹੈ। ਮੈਂ ਚੌਦਾਂ ਲੋਕਾਂ ਦੀ ਪਾਤਸ਼ਾਹੀ ਨੂੰ ਸਿੱਖ ਧਰਮ ਤੋਂ ਵਾਰ ਕੇ ਸੁੱਟ ਦਿਆਂ, ਜੇ ਕਹੇਂ ਕਿ ਤੇਰੇ ਸਿਖ ਹੋ ਜਾਣ ਨਾਲ ਸਿੱਖ ਰਾਜ ਹੋ ਜਾਏਗਾ, ਤਾਂ ਮੈਂ ਇੰਨੀ ਰਾਜ ਨੀਤੀ ਜਾਣਦਾ ਹਾਂ ਕਿ ਇਹ ਹੋਣ ਨਹੀਂ ਲੱਗਾ। ਤੀਸਰੇ ਦਿੱਲੀ ਵਾਲੇ ਭਾਵੇਂ ਕੁਝ ਨਹੀਂ ਰਹੇ, ਪਰ ਪੰਜਾਬ ਲਈ ਅਜੇ ਕੁਛ ਬਲ ਹੈ ਨੇ। ਗਾਜ਼ੀਉਂਦੀਨ ਵਜ਼ੀਰ ਦੀ ਅੱਖ ਤੁਸਾਂ ਦੀ ਕਾਕੀ ਪਰ ਹੈ। ਉਸ ਨੇ ਵਿਆਹ ਪਰ ਜ਼ੋਰ ਦੇਣਾ ਹੈ ਤੇ ਆਪ ਦੇ ਸਿਰ ਤੇ ਕੁੰਡਾ ਰੱਖਣਾ ਹੈ, ਸੋ ਇਹ ਸਾਰੇ ਖਿਆਲ ਨੀਤੀ ਵਿਰੁੱਧ ਹਨ।

ਬੇਗਮ – ਕਿਸੇ ਭੁੱਖੇ ਨੂੰ ਰੋਟੀ ਮਿਲੇ ਤਾਂ ਨਾਂਹ ਕਰਦਾ ਹੈ? ਸਿੱਖਾਂ ਨੂੰ ਪੁੱਛ ਤਾਂ ਵੇਖੋ।

ਸਿੰਘ ਜੀ – ਸਿੰਘਾਂ ਦੀ ਸੂਰਬੀਰਤਾ........ਅਣਖ, ਹਾਂ...., ਤਾਬੇਦਾਰੀ ਅਰ ਛਲ ਨੂੰ ਉਹ ਬਹੁਤ ਬੁਰਾ ਜਾਣਦੇ ਹਨ। ਰਾਜੇ ਬਣ ਕੇ ਭਾਵੇਂ ਕੁਝ ਕਰਨ, ਪਰ ਐਹ ਵੇਲਾ ਤਾਂ ਧਰਮ ਅਰ ਬਹਾਦਰੀ ਦਾ ਹੈ। ਜਦੋਂ ਨਵਾਬੀ ਦਾ ਖਿਤਾਬ ਸਿੱਖਾਂ ਨੂੰ ਘੱਲਿਆ ਗਿਆ ਸੀ ਤਦੋਂ ਕਿੱਦਾਂ ਨੱਕ ਵੱਟ ਕੇ ਨਾਂਹ ਸਾਰਿਆ ਨੇ ਕੀਤੀ ਸੀ। ਜਦ ਬਹੁਤ ਕਿਹਾ ਤਦ ਪੱਖਾ ਝਲਦੇ ਸੇਵਕ ਵੱਲ ਸੈਨਤ ਕੀਤੀ ਕਿ ਇਸ ਨੂੰ ਦੇ ਦਿਉ ਕਿ ਤੁਸੀਂ ਪ੍ਰਤੱਖ ਨਹੀਂ ਦੇਖਦੇ ਕਿ ਜਦ ਅਬਦਾਲੀ ਆਉਂਦਾ ਹੈ ਤਾਂ ਸਿੱਖ ਸਭ ਆਪਣੇ ਇਲਾਕੇ ਛੱਡ ਕੇ ਨੱਸ ਜਾਂਦੇ ਹਨ, ਮਿਹਨਤਾਂ ਨਾਲ ਪ੍ਰਾਪਤ ਕੀਤੇ ਇਲਾਕੇ ਸਰਪ ਕੁੰਜ ਵਾਂਗ ਤਿਆਗ ਜਾਂਦੇ ਹਨ, ਪਰ ਅਬਦਾਲੀ ਨੂੰ ਨਜ਼ਰਾਨੇ ਲੈ ਕੇ ਮਿਲ ਪੈਣ ਅਰ ਤਾਬੇਦਾਰੀ ਕਰ ਲੈਣ, ਇਸ ਗੱਲ ਤੋਂ ਬੜੀ ਸੂਗ ਕਰਦੇ ਹਨ, ਅਰ ਆਪਣੀ ਬਹਾਦਰੀ ਨੂੰ ਕਲੰਕ ਸਮਝਦੇ ਹਨ। ਫਿਰ ਦੇਖੋ ਜਾਂਦੇ ਆਉਂਦੇ ਅਬਦਾਲੀ ਦਾ ਪਿੱਛਾ ਕਰਕੇ ਉਸ ਦੀ ਨੱਕ ਜਿੰਦ ਕਰ ਦਿੰਦੇ ਹਨ। ਜਦੋਂ ਕਿ ਉਹ ਦਿੱਲੀ ਵਲ ਅੱਗੇ ਵਲ ਵਧਦਾ ਹੈ, ਇਹ ਪੰਜਾਬ ਵਿਚ ਰੌਲਾ ਪਾ ਦਿੰਦੇ ਹਨ, ਉਹ ਝੱਟ ਪਿੱਛੇ ਮੁੜਦਾ ਹੈ ਤਾਂ ਇਹ ਛੁਪ ਜਾਂਦੇ ਹਨ। ਜਦ ਓਹ ਕਾਬਲ ਨੂੰ ਟੁਰਦਾ ਹੈ ਤਾਂ ਉਸ ਦਾ ਛੁਪ ਛੁਪ ਕੇ ਪਿੱਛਾ ਕਰਦੇ ਹਨ ਅਤੇ ਕਾਬਲ ਗਏ ਨੂੰ ਇਨ੍ਹਾਂ ਦੇ ਕਾਰਨਾਮਿਆਂ ਦੀਆਂ ਖਬਰਾਂ ਚਉ ਨਹੀਂ ਲੈਣ ਦਿੰਦੀਆਂ। ਅਬਦਾਲੀ ਨੂੰ ਸਿੱਖ ਨਿਸਚਿੰਤ ਨਹੀਂ ਹੋਣ ਦਿੰਦੇ ਕਿ ਉਹ ਹਿੰਦ ਵਿਚ ਪਠਾਣੀ ਸਲਤਨਤ ਮੁੜ ਕਾਇਮ ਕਰ ਲਵੇ। ਐਸੇ ਉੱਚੀ ਮਤ ਵਾਲੇ ਇਹ ਬਹਾਦਰ ਜੋਧੇ ਪਸੰਦ ਨਹੀਂ ਕਰਨਗੇ ਕਿ ਜੋ ਕੁਛ ਤੁਸੀਂ ਕਹਿੰਦੇ ਹੋ ਉਹ ਕੁਛ ਮੰਨ ਲੈਣ। ਇਸ ਲਈ ਮੈਂ ਆਪ ਦਾ ਸ਼ੁਕਰ ਕਰਦਾ ਹੋਇਆ ਆਪ ਦੀਆਂ ਸਾਰੀਆਂ ਗੱਲਾਂ ਤਾਂ ਨਾਂਹ ਕਰਦਾ ਹਾਂ। ਮੈਂ ਇੱਕ ਬਨ ਦਾ ਪੰਛੀ ਹਾਂ, ਸੋਨੇ ਦੇ ਪਿੰਜਰਿਆਂ ਵਿਚ ਰਹਿ ਕੇ ਮੋਤੀ ਚੁਗਣ ਨਾਲੋਂ ਮੈਨੂੰ ਸੁਤੰਤਰਤਾ ਵਿਚ ਰਹਿ ਕੇ ਬਨ ਦੇ ਕੰਕਰਾਂ ਪੁਰ ਗੁਜ਼ਾਰਾ ਕਰਨਾ ਵਧੇਰੇ ਭਾਉਂਦਾ ਹੈ। ...ਛੁੱ..ਟੀ...।

ਸਿੰਘ ਜੀ ਦੀ ਧਰਮ ਅਰ ਸੁਤੰਤਰਤਾ ਦੀ ਸੋਚ ਵਲ ਧਿਆਨ ਕੀਤਿਆਂ ਸ਼ਾਬਾਸ਼ ਹੀ ਮੂੰਹੋਂ ਨਿਕਲਦੀ ਹੈ। ਐਤਨੀ ਭਾਰੀ ਲਾਲਚ ਦੀ ਦਸ਼ਾ ਵਿਚ ਦ੍ਰਿੜ੍ਹ ਖੜ੍ਹੇ ਹਨ ਤੇ ਮੱਤ ਉੱਜਲ ਰੱਖੀ ਹੋਈ ਹੈ। ਨਾ ਡੋਲਦੇ ਹਨ, ਨਾ ਬੁੱਧੀ ਦੀਆਂ ਅੱਖਾਂ ਮੀਟਦੇ ਹਨ। ਅੱਜਕੱਲ੍ਹ ਸੁਹਣੀ ਸੂਰਤ ਵੇਖ ਕੇ ਹੀ ਲੋਕੀਂ ਧਰਮ ਹਾਰ ਰਹੇ ਹਨ। ਵਲੈਤ (ਇੰਗਲੈਂਡ) ਦੀ ਸੈਰ ਕਰਨ ਗਏ ਗੋਰੀਆਂ ਨਾਲ ਚਮੇੜ ਲਿਆਉਂਦੇ ਹਨ, ਘਰ ਦੀਆਂ ਪਈਆਂ ਪਿੱਟਦੀਆਂ ਹਨ। ਲਾਲਚ ਤੇ ਡਿੱਗਣਾ ਕੀ? ਨੀਯਤ ਭੁੱਖੇ ਬਾਲਕ ਵਾਂਗ, ਚਿੱਟੇ ਚਮੜੇ ਪੁਰ ਹੀ ਭਿਬਕੇ ਫਿਰਦੇ ਹਨ। ਸ਼ਾਹੂਕਾਰਾਂ ਸਰਦਾਰਾਂ ਵਲ ਦੇਖੋ ਤਾਂ ਕਮਾਈ ਦਾ ਸਾਰਾ ਹਿੱਸਾ ਮਾੜੇ ਥਾਂ ਤੇ ਐਸ਼ਾ ਪਰ ਖਰਚ ਕਰਕੇ ਗਰੀਬ ਹੁੰਦੇ ਜਾਂਦੇ ਹਨ ਤੇ ਸਰਦਾਰਾਂ ਤੋਂ ਕਾਮੇ ਬਣ ਰਹੇ ਹਨ। ਇਸੇ ਕਰਕੇ ਸਿੱਖਾਂ ਵਿਚ ਦਿਨੋ ਦਿਨ ਸਰਦਾਰ ਘੱਟ ਦਿਸਦੇ ਹਨ। ਕੁਝ ਮਰ ਗਏ ਕੁਝ ਮਾੜੇ ਕੰਮਾਂ ਦੇ ਸ਼ਿਕਾਰ ਹੋ ਗਏ। ਕਈ ਘਰਾਂ ਵਿਚ ਦੇਖੋਲ ਸੁੱਖ ਹੈ ਹੀ ਨਹੀਂ। ਉਸ ਦਾ ਕਾਰਣ ਬੀ ਇਹੋ ਹੈ ਕਿ ਪਤੀ ਪਤਨੀ ਦਾ ਪਿਆਰ ਨਹੀਂ, ਘਰ ਦਾ ਸੁੱਖ ਉਡ ਕੇ ਦਰਿਆ ਦੇ ਪੱਥਰਾਂ ਵਾਂਗ ਨਿਤ ਦੀ ਰਗੜ ਤੁਰੀ ਚਲਦੀ ਹੈ। ਜਿਸ ਦਰੋਪਤੀ ਦਾ ਪਿਆਰ ਨਾ ਹੋਵੇ ਉਨ੍ਹਾਂ ਦੀ ਸੰਤਾਨ ਮਾਤਾ ਪਿਤਾ ਦਾ ਆਦਰ ਕਰਨੇ ਵਾਲੀ ਬਹੁਤ ਘੱਟ ਹੋਇਆ ਕਰਦੀ ਹੈ। ਘਰ ਪਰਮੇਸ਼ਰ ਨੇ ਸੁਰਗ ਬਣਾਇਆ ਹੈ, ਪਰ ਮਾੜਿਆਂ ਨੇ ਘਰ ਨੂੰ ਨਰਕ। ਜਿਸ ਪ੍ਰਕਾਰ ਪਤਿਬ੍ਰਤਾ ਇਸਤਰੀ ਕੁਲ ਦਾ ਚਾਨਣ ਹੁੰਦੀ ਹੈ ਉਸੇ ਤਰ੍ਹਾਂ ਸਤੀਬ੍ਰਤ ਪੁਰਖ ਕੁਲ ਦਾ ਦੀਪਕ ਹੁੰਦਾ ਹੈ। ਜੈਸੇ ਇਸਤਰੀ ਲਈ ਪਤੀਬ੍ਰਤ ਵੈਸੇ ਪੁਰਖ ਲਈ ਸਤੀਬ੍ਰਤ ਧਰਮ ਜ਼ਰੂਰੀ ਹੈ। ਦੋਹਾਂ ਨੂੰ ਆਪ ਆਪਣਾ ਧਰਮ ਪਾਲਿਆਂ ਸਾਂਝਾ ਸੁਖ ਵਧਦਾ ਹੈ। ਦੋਵੇਂ ਧਰਮ ਪਾਲਣ ਤਾਂ ਦੋਵੇਂ ਸੁਖੀ, ਘਰ ਸਵਰਗ ਤੇ ਬੱਚੇ ਚੰਗੇ ਉਠਦੇ ਹਨ। ਵਿਚਾਰ ਦਾ ਹੀ ਤਾਂ ਮਨੁੱਖ ਵਿੱਚ ਪਸ਼ੂਆਂ ਵਾਧਾ ਹੈ। ਜਿਨ੍ਹਾਂ ਨੇ ਧਰਮ ਦੀ ਵਿਚਾਰ ਛੱਡੀ ਹੈ ਉਨ੍ਹਾਂ ਨੇ ਮਨੁੱਖ-ਪੁਣੇ ਨੂੰ ਤਿਆਗਿਆ ਹੈ।

ਹੇ ਖਾਲਸਾ ਜੀ! ਆਪਣੇ ਵੱਡਿਆਂ ਦੇ ਉੱਤਮ ਜੀਵਨਾਂ ਵੱਲ ਦੇਖ ਕੇ ਉਨ੍ਹਾ ਦੇ ਪੂਰਨਿਆਂ ਪਰ ਤੁਰੋ। ਧਰਮ ਪਾਲਣ ਨਾਲ ਹੀ ਸੰਸਾਰ ਦਾ ਸੁਖ ਪ੍ਰਾਪਤ ਹੁੰਦਾ ਹੈ। ਧਰਮ ਨਾਲ ਹੀ ਪਰਲੋਕ ਦਾ ਸੁਖ ਹੈ। ਦੇਖੋ ਗੁਰੂ ਮਹਾਰਾਜ ਜੀ ਨੇ ਕੈਸੇ ਕੈਸੇ ਉੱਤਮ ਉਪਦੇਸ਼ ਪਤੀਬ੍ਰਤ ਧਰਮ ਲਈ ਕਹੇ ਹਨ –

***ਪਲਟ ਦ੍ਰਿਸਟਿ ਦੇਖਿ ਭੂਲੋ ਆ ਕੇ ਨੀਮ ਕੋ ਭੂੰਮਰੁ॥***
***ਜੈਸਾ ਸੰਗੁ ਬਿਸੀਅਰ ਸਿਉ ਹੈ ਰੇ***
***ਤੈਸੋ ਹੀ ਇਹੁ ਪਰ ਗ੍ਰਿਹੁ॥***

♠ ♠ ♠ ♠ ♠

# ਮਾਰਗ ਚੋਣ
# (Choosing A Path)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ ਛੇਵਾਂ
## ਅਨੁਸ਼ਾਸਨ ਤੇ ਚਿੰਤਨ ਮਾਰਗ

ਰਾਜ ਯੋਗ ਭਾਵ ਰਾਜਸੀ ਮਾਰਗ ਇੱਕ ਅਤਿ ਵਿਗਿਆਨਕ ਤੇ ਕਰਮਬੱਧ ਨਿਯਮਤ ਮਾਰਗ ਹੈ ਇਹ ਮਾਰਗ ਬਿਲਕੁਲ ਵਿਹਾਰ ਵਿੱਚ ਲਿਆਂਦਾ ਜਾਣ ਵਾਲਾ ਅਰਥਾਤ ਪ੍ਰੈਕਟੀਕਲ ਮਾਰਗ ਹੈ ਇਸ ਮਾਰਗ ਨੂੰ ਹਜ਼ਾਰਾਂ ਵਰ੍ਹੇ ਪਹਿਲਾਂ ਨਿਯਮਬੱਧ ਕੀਤਾ ਗਿਆ ਸੀ। ਨਿਯਮਬੱਧ ਕਰਨ ਵਾਲੇ ਪਤਾਂਜਲੀ ਜੋ ਕਿ ਬਹੁਤ ਹੀ ਉੱਘੇ ਰਿਸ਼ੀ ਮੁਨੀ ਹੋਏ ਸਨ, ਉਨ੍ਹਾਂ ਨੇ ਕੀਤਾ ਸੀ। ਇਸ ਮਾਰਗ ਤੇ ਚੱਲ ਕੇ ਤੁਸੀਂ ਆਪਣੀ ਸਾਰੀ ਸ਼ਕਤੀ ਤੇ ਕਾਬੂ ਪਾ ਲੈਂਦੇ ਹੋ ਤੇ ਉਸ ਨੂੰ ਦਿਸ਼ਾ ਦੇ ਸਕਦੇ ਹੋ, ਆਪਣੀਆਂ ਇਛਾਵਾਂ, ਸੰਵੇਗਾਂ ਤੇ ਵਿਚਾਰਾਂ ਨੂੰ ਚੇਤਨਾ ਕੇਂਦਰ ਤੇ ਲਿਆ ਕੇ ਸਮਾਧੀ ਸਥਿਤ ਹੋ ਸਕਦੇ ਹੋ। ਇਸ ਮਾਰਗ ਦਾ ਉਦੇਸ਼ ਸਮਾਧੀ ਅਵਸਥਾ ਤੇ ਪਹੁੰਚਣ ਦਾ ਹੀ ਹੈ। ਸਮਾਧੀ ਅਵਸਥਾ ਪ੍ਰਾਪਤ ਕਰਕੇ ਹੀ ਤੁਸੀਂ ਵਿਸ਼ਵ ਸਤਿ ਤਕ ਪਹੁੰਚ ਸਕਦੇ ਹੋ। ਰਾਜ ਯੋਗ ਦੀਆਂ ਅੱਠ ਪੌੜੀਆਂ ਹਨ, ਜਿਨ੍ਹਾਂ ਨੂੰ ਵਿਧੀਪੂਰਵਕ ਚੜ੍ਹ ਕੇ ਹੀ ਤੁਸੀਂ ਸਮਾਧੀ ਅਵਸਥਾ ਤਕ ਪਹੁੰਚ ਸਕਦੇ ਹੋ। ਰਾਜ ਯੋਗ ਦਾ ਅਭਿਆਸ ਪੌੜੀਆਂ ਚੜ੍ਹਨਾ ਹੈ, ਨਿਯਮਤ ਰੂਪ ਵਿੱਚ ਪੌੜੀਆਂ ਚੜ੍ਹਨਾ। ਜਦੋਂ ਜਗਿਆਸੂ ਇੱਕ ਪੌੜੀ ਚੜ੍ਹ ਲੈਂਦਾ ਹੈ, ਉਸ ਨੂੰ ਦੂਸਰੀ ਪੌੜੀ ਦਾ ਗਿਆਨ ਹੋ ਜਾਂਦਾ ਹੈ। ਇਸ ਮਾਰਗ ਦਾ ਉਦੇਸ਼ ਮਨੁੱਖ ਦੀ ਆਤਮਾ ਦਾ ਮੇਲ ਪ੍ਰਮਾਤਮਾ ਨਾਲ ਕਰਨਾ ਦਾ ਹੈ। ਇਸੇ ਮੇਲ ਨੂੰ ਸਮਾਧੀ ਕਿਹਾ ਜਾਂਦਾ ਹੈ। ਇਸ ਅਵਸਥਾ ਤੇ ਪਹੁੰਚ ਕੇ ਹੀ ਮਨੁੱਖ ਦੇ ਸਾਰੇ ਕਿੰਤੂ ਪ੍ਰੰਤੂ ਖਤਮ ਹੋ ਜਾਂਦੇ ਹਨ ਭਾਵ ਸਾਰਿਆਂ ਪ੍ਰਸ਼ਨਾਂ ਦਾ ਉੱਤਰ ਮਿਲ ਜਾਂਦਾ ਹੈ ਕਿਉਂਕਿ ਉਹ ਉਸ ਅੰਤਮ ਸਤਿ ਨਾਲ ਜੁੜ ਗਿਆ ਹੈ ਇੱਕ ਹੋ ਗਿਆ ਹੈ। ਜਿਹੜਾ ਸਮਾਧੀ ਸਥਿਤ ਹੋ ਜਾਂਦਾ ਹੈ ਉਹ ਸੰਪੂਰਨ ਹੋ ਜਾਂਦਾ ਹੈ, ਪੂਰਨ ਹੋ ਜਾਂਦਾ ਹੈ।

ਰਾਜ ਯੋਗ ਦੀ ਸਿਖਿਆ, ਦੂਸਰੇ ਹੋਰ ਮਾਰਗਾਂ ਦੀ ਸਿਖਿਆ ਵੀ ਜੋੜੀ ਗਈ ਹੈ, ਲਈ ਗਈ ਹੈ ਇਹ ਸਾਰੇ ਮਾਰਗ ਕੋਈ ਬਿਲਕੁਲ ਵੱਖਰੇ-ਵੱਖਰੇ ਨਹੀਂ ਹਨ, ਅਲੱਗ ਥਲੱਗ ਨਹੀਂ ਹਨ। ਰਾਜ ਯੋਗ ਅੰਦਰ ਬਹੁਤ ਸਾਰੇ ਵੱਖ-ਵੱਖ ਤਰੀਕੇ ਦਿੱਤੇ ਗਏ ਹਨ, ਲੋਕ ਉਨ੍ਹਾਂ ਵੱਖਰੇ-ਵੱਖਰੇ ਤਰੀਕਿਆਂ ਦਾ ਅਭਿਆਸ ਕਰ ਸਕਦੇ ਹਨ ਆਪਣੇ-ਆਪਣੇ ਸੁਭਾਅ ਅਨੁਸਾਰ ਅਭਿਆਸ ਕਰ ਸਕਦੇ ਹਨ। ਰਾਜ ਯੋਗ ਤਿੰਨ ਪੱਧਰਾਂ ਤੇ ਪ੍ਰੈਕਟੀਕਲ ਸਿੱਖਿਆ ਦਿੰਦਾ ਹੈ। ਸਰੀਰਕ ਪੱਧਰ, ਮਾਨਸਿਕ ਪੱਧਰ ਤੇ ਅਧਿਆਤਮਕ ਪੱਧਰ ਤੇ। ਇਸ ਦੇ ਪ੍ਰੈਕਟੀਕਲ ਹੋਣ ਕਾਰਨ ਤੁਸੀਂ ਛੇਤੀ ਹੀ ਇਸ ਦੇ ਮਾਹਰ ਹੋ ਜਾਂਦੇ ਹੋ, ਮਾਹਰ ਹੋਣ ਨਾਲ ਆਤਮ ਸਿੱਧੀ ਪ੍ਰਾਪਤ ਕਰ ਲੈਂਦੇ ਹੋ। ਇਹ ਇਕ ਨਿਯਮਬੱਧ ਅਨੁਸਾਸ਼ਨ ਹੈ ਇਹ ਕੋਈ ਕਿਸੇ ਤਰ੍ਹਾਂ ਦਾ ਵੀ ਅੰਧ ਵਿਸ਼ਵਾਸ਼ ਨਹੀਂ ਹੈ, ਇਹ ਹਰ ਪ੍ਰਸ਼ਨ ਦਾ ਉੱਤਰ ਦੇਣ ਵਾਲਾ ਤਰੀਕਾ ਹੈ, ਇਹ ਹਰ ਸਮੇਂ ਤੁਹਾਡੀ ਵਿਵੇਕ ਬੁੱਧੀ ਨੂੰ ਬਲ ਦਿੰਦਾ ਹੈ। ਰਾਜ ਯੋਗ ਦੇ ਹਰ ਅਭਿਆਸ ਨਾਲ ਵਿਆਖਿਆ ਦਿੱਤੀ ਜਾਂਦੀ ਹੈ ਉਸ ਦੇ ਉਪਯੋਗ ਦੱਸੇ ਜਾਂਦੇ ਹਨ ਤਾਂ ਜੋ ਰਾਜ ਯੋਗ ਵਿਗਿਆਨਕ ਪਰਖ ਕੇ ਸਮੇਂ-ਸਮੇਂ ਸਿਰ ਪੂਰਾ ਉਤਰ ਸਕੇ। ਇਸ ਮਾਰਗ ਤੇ ਚਲਣ ਵਾਲਾ ਜਗਿਆਸੂ ਹਰ ਤਰੀਕੇ ਨੂੰ ਇੱਕ ਕਲਪਤ ਵਿਚਾਰ ਮੰਨ ਕੇ ਚਲਦਾ ਹੈ ਫੇਰ ਆਪਣੇ ਅਭਿਆਸ ਨਾਲ ਉਸ ਨੂੰ ਪਰਤਾਉਂਦਾ ਹੈ, ਦੇਖਦਾ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਅੱਜ ਦੇ ਸਮੇਂ ਲਈ ਅੱਜ ਦੇ ਜਗਿਆਸੂ ਲਈ ਰਾਜ ਯੋਗ ਅਤਿ ਢੁਕਵਾਂ ਹੈ, ਕਿਰਿਆਂਤਮਕ ਹੈ ਕਿਉਂਕਿ ਅੱਜ ਦੇ ਜਗਿਆਸੂ ਲਈ ਤਾਂ ਸ਼ੰਕਾ ਤੇ ਅਸ਼ਰਧਾ ਹੀ ਇੱਕ ਮਜ਼ਹਬ ਬਣ ਗਿਆ ਹੈ।

ਇਸ ਮਾਰਗ ਨੂੰ ਅਸ਼ਟਾਂਗ ਮਾਰਗ ਵੀ ਕਹਿੰਦੇ ਹਨ, ਭਾਵ ਅੱਠ ਅੰਗ ਵਾਲਾ ਯੋਗ ਇਸ ਮਾਰਗ ਨੂੰ ਰਾਜ ਯੋਗ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਦਾ ਅਭਿਆਸ ਬਹੁਤ ਹੀ ਸ਼ਾਹੀ ਤਰੀਕੇ ਦਾ ਹੈ, ਬਹੁਤ ਹੀ ਬਹੁਮੁੱਲਾ ਹੈ। ਬਾਕੀ ਸਾਰੇ ਮਾਰਗਾਂ ਦੀਆਂ ਹਦਾਇਤਾਂ ਬਹੁਤ ਹੀ ਅਸਪਸ਼ਟ ਹਨ, ਬਹੁਤ ਹੀ ਦਾਰਸ਼ਨਕ ਹਨ, ਉਸ ਵਿੱਚ ਬਹੁਤ ਘੱਟ ਪ੍ਰੈਕਟੀਕਲ ਸਿਖਿਆ ਦਿੱਤੀ ਗਈ ਹੈ। ਉਨ੍ਹਾਂ ਵਿੱਚ ਕੋਈ ਇਹੋ ਜਿਹਾ ਤਰੀਕਾ ਨਹੀਂ ਦੱਸਿਆ ਗਿਆ ਜਿਸ ਨਾਲ ਆਪਣੀ ਤਰੱਕੀ ਆਪਣਾ ਅਭਿਆਸ ਦੇਖਿਆ ਜਾ ਸਕੇ, ਜਾਣਿਆ ਜਾ ਸਕੇ। ਇਸ ਮਾਰਗ ਤੇ ਜਗਿਆਸੂ ਆਪਣੀ ਤਰੱਕੀ, ਆਪਣਾ ਕੀਤਾ ਅਭਿਆਸ ਜਾਂਚ ਸਕਦਾ ਹੈ, ਜਾਣ ਸਕਦਾ ਹੈ। ਰਾਜ ਯੋਗ ਦੇ ਮਾਰਗ ਤੇ ਫਿਲੌਸਫੀ ਅਤੇ ਅਭਿਆਸ ਇਕੱਠੇ ਜੁੜੇ ਹੋਏ ਹਨ, ਬਾਕੀ ਦੇ ਮਾਰਗਾਂ ਤੇ ਕਿਹਾ ਜਾਂਦਾ ਹੈ, ਇਹ ਕਰੋ, ਇਹ ਨਾ ਕਰੋ, ਇਸ ਮਾਰਗ ਤੇ ਤੁਹਾਨੂੰ ਦੱਸਿਆ ਜਾਂਦਾ ਹੈ, ਤੁਸੀਂ ਕੀ ਕਰੋ ਤੇ ਕਿਵੇਂ ਕਰੋ। ਤੁਹਾਡਾ ਆਪਣਾ ਪ੍ਰਤੱਖ ਅਨੁਭਵ ਹੀ ਤੁਹਾਡਾ ਆਗੂ ਹੈ।

ਇਸ ਮਾਰਗ ਦਾ ਪਿਛੋਕੜ 'ਸ਼ਾਂਖਿਆਨ ਫਿਲੌਸਫੀ ਹੈ' ਇਹ ਫਿਲੌਸਫੀ ਹੀ ਇਸ ਮਾਰਗ ਦਾ ਵਿਗਿਆਨਕ ਆਧਾਰ ਹੈ। ਸਾਂਖਿਆਨ ਫਿਲੌਸਫੀ ਸੰਸਾਰ ਦੀ ਸਭ ਤੋਂ ਵੱਧ ਪੁਰਾਤਨ ਫਿਲੌਸਫੀ ਹੈ, 'ਸ਼ਾਂਖਿਆਤੇ' Samyak akhpate ਦਾ ਅਰਥ ਹੈ ਉਹ ਸਿਧਾਂਤ ਜਿਹੜਾ ਸਭ ਕੁਝ ਪੂਰੀ ਤਰ੍ਹਾਂ, ਚੰਗੀ ਤਰ੍ਹਾਂ ਨਾਲ ਖੋਲ੍ਹ ਕੇ ਦਸਦਾ ਹੋਵੇ। ਵਾਸਤਵ ਵਿੱਚ ਸਾਂਖਿਆਨ ਫਿਲੌਸਫੀ ਹੀ ਸਾਰੇ ਵਿਗਿਆਨ ਦੀ ਜੜ੍ਹ ਹੈ, ਜਨਮਦਾਤਾ ਹੈ। ਇਸੇ ਨੇ ਹਿਸਾਬ ਨੂੰ ਜਨਮ ਦਿੱਤਾ, ਵਿਗਿਆਨ ਦੀਆਂ ਸਾਰੀਆਂ ਸ਼ਾਖਾਵਾਂ ਦੀ ਜਨਮ ਦਾਤੀ ਇਹੋ ਹੀ ਹੈ ਸਾਰੇ ਵਿਗਿਆਨ ਦਾ ਆਧਾਰ ਹਿਸਾਬ ਹੈ, ਗਣਿਤ ਹੈ। ਭਗਵਤ ਗੀਤਾ ਦਸਦੀ ਹੈ, ਗਿਆਨੀ ਪੜ੍ਹੇ ਲਿਖੇ ਲੋਕ ਸਾਂਖਿਆਨ ਨੂੰ ਯੋਗ ਤੋਂ ਵੱਖ ਨਹੀਂ ਦੇਖਦੇ, ਨਾ ਹੀ ਯੋਗ ਤੋਂ ਵੱਖ ਕਰ ਸਕਦੇ ਹਨ, Samkhya Yoga prathok ਤਰਕਵਾਦੀ ਇਹ ਫਿਲੋਸਫੀ ਬਿਲਕੁਲ ਸਿੱਧੀ ਤੇ ਸਪਸ਼ਟ ਹੈ, ਵਰਤੋਂ ਵਿੱਚ ਲਿਆਉਣ ਵਾਲੀ ਹੈ। ਇਹ ਫਿਲੋਸਫੀ ਇਸ ਗੱਲ ਨੂੰ ਮੰਨਦੀ ਹੈ ਕਿ ਮਾਨਵਤਾ ਦੁਖੀ ਹੈ, ਸੰਤਾਪ ਵਿੱਚ ਹੈ, ਇਹ ਵੀ ਮੰਨਦੀ ਹੈ ਕਿ ਦੁਖ ਸੰਤਾਪ ਦਾ ਕਾਰਣ ਹੈ ਅਤੇ ਇਸ ਦੁਖ ਸੰਤਾਪ ਤੋਂ

ਛੁਟਣ ਦਾ ਰਾਹ ਵੀ ਹੈ। ਅੰਤ ਵਿੱਚ ਇਹ ਫਿਲੋਸਫੀ ਇਹ ਫਲਸਫਾ ਇਸ ਗੱਲ ਨੂੰ ਮੰਨਦਾ ਹੈ ਕਿ ਸਮਾਧੀ ਸਥਿਤ ਹੋ ਕੇ ਹੀ ਛੁਟਕਾਰਾ ਹੋ ਸਕਦਾ ਹੈ। ਸਮਾਧੀ ਤਕ ਪਹੁੰਚਣ ਲਈ ਬੰਧਨਾਂ ਤੋਂ ਛੁਟਣ ਲਈ ਯੋਗ ਵਿਗਿਆਨ ਦੀ ਅਵਸ਼ਕਤਾ ਹੈ, ਯੋਗ ਦੇ ਬਹੁਤ ਸਾਰੇ ਤਰੀਕੇ ਹਨ ਨਿਸ਼ਚਿਤ ਸਪਸ਼ਟ ਮਾਰਗ ਹਨ।

ਯੋਗਾ ਵਾਸਤਵ ਵਿੱਚ ਬਹੁਤ ਸੁਨਿਸ਼ਚਿਤ ਸਹੀ ਵਿਗਿਆਨ ਹੈ, ਇਸ ਵਿਗਿਆਨ ਰਾਹੀਂ ਤੁਸੀਂ ਆਪਣਾ ਅੰਤਰ ਜਾਣ ਸਕਦੇ ਹੋ। ਇਸ ਵਿਗਿਆਨ ਦੀ ਵਰਤੋਂ ਕਰਕੇ ਤੁਸੀਂ ਆਪਣੇ ਅੰਦਰ ਨੂੰ ਪ੍ਰਗਟ ਕਰਕੇ ਉਸ ਤੇ ਕਾਬੂ ਪਾ ਸਕਦੇ ਹੋ, ਆਪਣੀਆਂ ਇੰਦਰੀਆਂ ਨੂੰ ਕਾਬੂ ਕਰ ਸਕਦੇ ਹੋ, ਆਪਣੇ ਸੂਖਮ ਮਨ ਨੂੰ ਕਾਬੂ ਕਰ ਸਕਦੇ ਹੋ ਫੇਰ ਇਸ ਦੀ ਸਹਾਇਤਾ ਨੂੰ ਚੇਤਨਾ ਦੇ ਬਿੰਦੂ ਤੇ ਪਹੁੰਚ ਕੇ ਆਤਮਾ ਨਾਲ ਮਿਲ ਸਕਦੇ ਹੋ। ਯੋਗ ਦੀ ਇਹ ਵਿਧੀ, ਇਹ ਅਨੁਸ਼ਾਸਨ ਦੀਆਂ ਅੱਠ ਪੌੜੀਆਂ ਹਨ ਇਹ ਅੱਠ ਪੌੜੀਆਂ ਇਸ ਤਰ੍ਹਾਂ ਹਨ - ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤੀਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਪਹਿਲੀਆਂ ਚਾਰ ਪੌੜੀਆਂ ਭਾਵ - ਯਮ, ਨਿਯਮ, ਆਸਨ ਅਤੇ ਪ੍ਰਾਣਾਯਾਮ ਇਹ ਹੱਠ ਯੋਗ ਦਾ ਭਾਗ ਹਨ ਜਿਹੜਾ ਕਿ ਇੱਕ ਮੁੱਢ ਹੀ ਨਹੀਂ ਇਹ ਆਪਣੇ ਆਪ ਵਿੱਚ ਅਤਿ ਉਪਯੋਗੀ ਹਨ, ਅੱਗੇ ਜਾਣ ਲਈ ਬਹੁਤ ਹੀ ਸਹਾਇਕ ਹਨ, ਰਾਜ ਯੋਗ ਦੀਆਂ ਅਗਲੀਆਂ ਪੌੜੀਆਂ ਚੜ੍ਹਨ ਲਈ ਅਤੀ ਸਹਾਇਕ ਹਨ। ਯਮ, ਨਿਯਮ, ਯੋਗ ਵਿਗਿਆਨ ਦੀਆਂ ਦਸ ਪ੍ਰਤੀਬੱਧਤਾ ਇਹ ਯੋਗ ਵਿਗਿਆਨ ਦੇ ਮਾਰਗ ਦੋ ਡੰਡੇ ਹਨ, ਰਾਜ ਯੋਗ ਦੇ ਦੋ ਡੰਡੇ ਹਨ। ਪੰਜ ਯਮ ਹਨ - ਅਹਿੰਸਾ, ਸਤਿ, ਚੋਰੀ ਨਹੀਂ ਕਰਨੀ, ਸੰਜਮ ਰੱਖਣਾ, ਜਤ, ਸਤ ਤੇ ਕਿਸੇ ਵੀ ਚੀਜ਼ ਤੇ ਆਪਣਾ ਅਧਿਕਾਰ ਨਾ ਰਖਣਾ। ਇਨ੍ਹਾਂ ਨਿਯਮਾਂ ਦਾ ਅਭਿਆਸ ਮਨੁੱਖ ਦੇ ਰੋਜ਼ ਦੇ ਆਚਾਰ ਵਿਹਾਰ ਵਿੱਚ ਸੋਧ ਲੈ ਆਉਂਦਾ ਹੈ ਜਾਂ ਇਹ ਕਹਿ ਲਵੋ ਇਨ੍ਹਾਂ ਦਾ ਅਭਿਆਸ ਕਰਦਿਆਂ ਆਚਾਰ ਵਿਹਾਰ ਸੋਧਿਆ ਜਾਂਦਾ ਹੈ। ਹੌਲੀ-ਹੌਲੀ ਸਾਰੀਆਂ ਕਮੀਆਂ, ਸਾਰੀਆਂ ਤਰੁੱਟੀਆਂ ਆਪਣੇ ਆਪ ਹੀ ਗੁਣ ਬਣ ਜਾਂਦੇ ਹਨ। ਪੰਜ ਨਿਯਮ ਹਨ - ਸਫਾਈ, ਸੁੱਚ, ਸੰਤੋਖ, ਸਬਰ, ਉਹ ਅਭਿਆਸ ਪੂਰਣਤਾ ਵਲ ਲੈ ਜਾਂਦੇ ਹੋਣ। ਗ੍ਰੰਥ ਪੜ੍ਹਨੇ, ਪ੍ਰਮਾਤਮਾ ਅੱਗੇ ਸਮਰਪਣ। ਇਨ੍ਹਾਂ ਨਿਯਮਾਂ ਨਾਲ ਤੁਸੀਂ ਜੀਵਨ ਨੂੰ ਨਿਯਮਬੱਧ ਕਰਕੇ ਸੋਧਦੇ ਹੋ, ਆਪਣੀਆਂ ਆਦਤਾਂ ਨੂੰ ਠੀਕ ਕਰਦੇ ਹੋ। ਇਸ ਤਰ੍ਹਾਂ ਨਾਲ ਆਪਣੇ ਰੋਜ਼ ਦੇ ਸਦਾਚਾਰ ਤੇ ਕਾਬੂ ਪਾਉਂਦੇ ਹੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣਾ ਵਿਅਕਤੀਤਵ ਬਦਲ ਲੈਂਦੇ ਹੋ, ਕਾਇਆ ਕਲਪ ਕਰ ਲੈਂਦੇ ਹੋ।

ਵਾਸਤਵ ਵਿੱਚ ਜਿਹੜੇ ਜਗਿਆਸੂ ਇਸ ਮਾਰਗ ਤੇ ਚੱਲਣਾ ਸ਼ੁਰੂ ਹੀ ਕਰਦੇ ਹਨ ਉਨ੍ਹਾਂ ਨੂੰ ਇਹ ਨਿਯਮਾਂ ਦਾ ਪਾਲਣ ਬੜੀ ਹੀ ਸਖਤੀ ਨਾਲ, ਬੜੇ ਅਨੁਸ਼ਾਸਨ ਨਾਲ ਕਰਨਾ ਚਾਹੀਦਾ ਹੈ। ਇਸ ਵਿੱਚ ਬਿਲਕੁਲ ਵੀ ਲਾਪਰਵਾਹੀ ਨਹੀਂ ਕਰਨੀ ਚਾਹੀਦੀ। ਜੇ ਕੋਈ ਵੀ ਜਗਿਆਸੂ ਯਮ, ਨਿਯਮਾਂ ਦਾ ਅਭਿਆਸ ਪੂਰੇ ਮਨ, ਬਚਨ, ਕਰਨੀ, ਭਾਵ ਸੋਚਣੀ, ਕਥਨੀ ਤੇ ਕਰਨੀ ਨਾਲ ਕਰੇਗਾ ਉਹ ਪ੍ਰਾਪਤੀ ਕਰ ਲਵੇਗਾ। ਲਗਾਤਾਰ ਅਭਿਆਸ ਨਾਲ ਜਗਿਆਸੂ ਅੰਤ ਵਿੱਚ ਪੂਰੇ ਵਿਵੇਕ ਪੂਰਵਕ ਅਭਿਆਸ ਕਰਨ ਲਗ ਪਵੇਗਾ। ਪੱਛਮ ਅੰਦਰ ਯੋਗ ਸਿਖਾਉਣ ਦੇ ਅਧਿਆਪਕ ਯੋਗ ਦੇ ਨਾਲ-ਨਾਲ ਸੁਆਸਾਂ ਦੀ ਸਿਖਲਾਈ ਭਾਵ ਸੁਆਸਾਂ ਦੀ ਸਾਧਨਾ ਵੀ ਕਰਾਉਂਦੇ ਹਨ ਪਰ ਉਹ ਯਮ ਤੇ ਨਿਯਮ ਨੂੰ ਬਿਲਕੁਲ ਹੀ ਪਾਸੇ ਕਰ ਦਿੰਦੇ ਹਨ ਬਿਲਕੁਲ ਪਰਵਾਹ ਨਹੀਂ ਕਰਦੇ ਕਿਉਂਕਿ ਇਹ ਕਠਨ ਹਨ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੀ ਜੀਵਨ ਸ਼ੈਲੀ ਬਦਲਣ ਦੀ ਲੋੜ ਪੈਂਦੀ ਹੈ, ਉਸ ਜੀਵਨ ਸੈਲੀ ਨਾਲ ਹੀ ਜੀਉਣਾ ਪੈਂਦਾ ਹੈ। ਵਾਸਤਵ ਵਿੱਚ ਦੇਖਿਆ ਜਾਵੇ ਤਾਂ ਹਠ ਯੋਗ ਇੱਕ ਸਰੀਰਕ ਸੁੰਦਰਤਾ ਬਨਾਉਣ ਤੇ ਯੁਵਾ ਅਵਸਥਾ ਨੂੰ ਵਧਾਉਣ ਦਾ ਇੱਕ ਸਾਧਨ ਹੀ ਬਣ ਕੇ ਰਹਿ ਗਿਆ ਹੈ। ਆਸਨ ਪ੍ਰਾਣਾਯਾਮ ਨਾਲ ਸਰੀਰਕ ਸਵਸਥਤਾ ਤਾਂ ਵਧਦੀ ਹੀ ਵਧਦੀ ਹੈ। ਸਰੀਰ ਦਾ ਤਾਲਮੇਲ ਵੀ ਠੀਕ ਹੁੰਦਾ ਹੈ ਪਰ ਹਠ ਯੋਗ ਦਾ ਪੂਰਾ-ਪੂਰਾ ਲਾਭ ਜੋ ਪ੍ਰਾਪਤ ਹੋਣਾ ਚਾਹੀਦਾ ਹੈ ਉਹ ਪ੍ਰਾਪਤ ਨਹੀਂ ਹੁੰਦਾ। ਯੋਗ ਦਾ ਪੂਰਾ ਲਾਭ ਉਦੋਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਜਗਿਆਸੂ ਖੁਲ੍ਹੇ ਮਨ ਨਾਲ, ਮਨ ਨੂੰ ਸਾਰੇ ਸੰਸਿਆਂ ਤੋਂ ਮੁਕਤ ਕਰਕੇ ਹਰ ਹਿੰਸਕ ਵਿਚਾਰ ਤੋਂ ਮੁਕਤ ਨਾ ਹੋ ਜਾਵੇ। ਹਰ ਵਿਆਕੁਲਤਾ ਤੋਂ ਹਰ ਉਲਝਣ ਤੋਂ ਜਦੋਂ ਤਕ ਮੁਕਤ ਨਾ ਹੋ ਜਾਵੇ, ਜਦੋਂ ਤਕ ਮਨ ਦੀ ਤਾਕਤ ਹਰ ਵਿਘਨ ਪਾਉਣ ਵਾਲੇ ਵਿਚਾਰ ਤੋਂ ਮੁਕਤ ਨਾ ਹੋ ਜਾਵੇ ਉਦੋਂ ਤਕ ਯੋਗ ਦਾ ਲਾਭ ਹੋ ਹੀ ਨਹੀਂ ਸਕਦਾ। ਯਮ, ਨਿਯਮ ਦੇ ਅਭਿਆਸ ਨਾਲ ਹੀ ਮਨ ਦੀ ਸ਼ਾਂਤੀ ਤੇ ਸਥਿਰਤਾ ਪ੍ਰਾਪਤ ਹੋ ਸਕਦੀ ਹੈ।

ਮਨ ਤੇ ਸਰੀਰ ਦੀ ਕਿੰਨੀ ਆਪਸ ਵਿੱਚ ਨਿਰਭਰਤਾ ਹੈ, ਇੱਕ ਦਾ ਦੂਸਰੇ ਉਤੇ ਕਿੰਨਾ ਪ੍ਰਭਾਵ ਹੈ ਇਹ ਸੋਚਣਾ ਬਹੁਤ ਵਾਰੀ ਔਖਾ ਹੋ ਜਾਂਦਾ ਹੈ। ਵਾਸਤਵ ਵਿੱਚ ਵਿਗਿਆਨਕ ਪ੍ਰਯੋਗ, ਵਿਗਿਆਨਕ ਤਜਰਬਿਆਂ ਨੇ ਇਹ ਸਿੱਧ ਕੀਤਾ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਜਿਹੜੀਆਂ ਸਰੀਰ ਅੰਦਰ ਪੈਦਾ ਹੁੰਦੀਆਂ ਹਨ ਵਾਸਤਵ ਵਿੱਚ ਉਨ੍ਹਾਂ ਦਾ ਜਨਮ ਮਨ ਦੀ ਸੋਚ ਭਾਵਨਾਵਾਂ ਤੇ ਵਿਚਾਰਾਂ ਦਾ ਵਿਕਾਰ ਹੀ ਹੁੰਦਾ ਹੈ। ਸਰੀਰ ਦੀ ਸਵਸਥਤਾ ਦਾ ਆਧਾਰ ਵਾਸਤਵ ਵਿਚ ਮਨ ਹੈ ਮਨ ਦੀ ਸਵਸਥਤਾ ਹੈ। ਇਸ ਕਰਕੇ ਵੱਧ ਤੋਂ ਵੱਧ ਲੋੜ ਹੈ, ਮਾਨਸਿਕ ਬਿਰਤੀਆਂ ਨੂੰ ਸੋਧਣ ਦੀ ਮਨ ਨੂੰ ਸਥਿਰ ਤੇ ਸਮਾਚਿਤ ਰੱਖਣ ਦੀ ਇਨ੍ਹਾਂ ਨਾਲ ਮਾਨਸਿਕ ਸਵਸਥ ਹੁੰਦਾ ਹੈ, ਸਰੀਰਕ ਸਿਹਤ ਬਾਅਦ ਦੀ ਗੱਲ ਹੈ। ਇਸੇ ਕਰਕੇ ਇਸ ਵਿਧਾਨ ਅੰਦਰ ਆਸਨ ਤੇ ਪ੍ਰਾਣਾਯਾਮ ਭਾਵ ਤੀਸਰੀ ਤੇ ਚੌਥੀ ਪੌੜੀ ਯਮ ਤੇ ਨਿਯਮ ਤੋਂ ਪਹਿਲਾਂ ਰੱਖੇ ਗਏ ਹਨ, ਜੇਕਰ ਮਨ ਵਿਆਕੁਲ ਹੈ ਭਾਵਨਾਵਾਂ, ਸੰਵੇਗ ਪਰੇਸ਼ਾਨ ਕਰ ਰਹੇ ਹਨ, ਵਿਚਾਰ ਅਸ਼ਾਤ ਕਰ ਰਹੇ ਹਨ ਤਾਂ ਸਰੀਰ ਵੀ ਯੋਗ ਅਭਿਆਸ ਨਾਲ ਸ਼ਾਂਤ ਨਹੀਂ ਕੀਤਾ ਜਾ ਸਕਦਾ, ਸਰੀਰ ਵੀ ਆਸਨ ਕਰਨ ਨਾਲ ਸ਼ਾਂਤ ਨਹੀਂ ਹੋ ਸਕਦਾ। ਇਸੇ ਕਰਕੇ ਆਸਨ, ਪ੍ਰਾਣਾਯਾਮ ਜੇਕਰ ਯਮ, ਨਿਯਮ ਦੇ ਨਾਲ ਨਾ ਸਿੱਖੇ ਜਾਣ, ਨਾ ਕੀਤੇ ਜਾਣ ਜਿਹੜੇ ਰਾਜ ਯੋਗ ਦੇ ਦੱਸ ਨਿਯਮ ਹਨ ਤਾਂ ਸਾਰੀ ਹੀ ਕੋਸ਼ਿਸ਼, ਸਾਰਾ ਯਤਨ ਬੇਅਰਥ ਹੋ ਜਾਂਦਾ ਹੈ।

## ਯਮ

ਮਨੁੱਖੀ ਜੀਵਨ ਦੇ ਦੋ ਪਹਿਲੂ ਹਨ - ਅੰਦਰ ਦਾ ਪਹਿਲੂ ਅੰਦਰ ਦਾ ਹਿੱਸਾ ਦੂਸਰਾ ਬਾਹਰ ਦਾ ਇੱਕ ਭਾਗ ਦਾ ਦੂਸਰੇ ਨਾਲ ਗਹਿਰਾ ਸਬੰਧ ਹੈ। ਇੱਕ ਭਾਗ ਦੂਸਰਿਆਂ ਨੂੰ ਜਾਨਣ ਵਿੱਚ ਸਮਝਣ ਵਿੱਚ ਸਹਾਇਤਾ ਕਰਦਾ ਹੈ, ਦੂਸਰਾ ਭਾਗ ਆਪਣੇ ਆਪ ਨੂੰ ਹਰ ਪੱਧਰ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਯਮ ਜਾਂ ਕਹਿ ਲਓ ਬੇਦਿਸ਼, ਬੰਦੇਜ਼ ਜਾਂ ਨਿਯੰਤਰਣ ਵੀ ਕਹਿ ਸਕਦੇ ਹੋ ਇਹ ਰੋਜ਼ਾਨਾ ਜੀਵਨ ਜੀਉਣ ਦੇ ਤਰੀਕੇ ਹਨ ਬਾਹਰ ਸੰਸਾਰ ਵਿੱਚ ਵਿਚਰਣ ਦੇ ਤਰੀਕੇ ਹਨ। ਜੇ ਹਰ ਮਨੁੱਖ ਪੰਜ ਯਮਾਂ ਦਾ ਅਭਿਆਸ ਕਰਨ ਲਗ ਪਵੇ ਤਾਂ ਮਨੁੱਖਤਾ ਇੱਕ ਬਾਗ ਦੀ ਤਰ੍ਹਾਂ ਸਾਰੀ ਜਗ੍ਹਾ ਖਿੜੀ ਦਿਸਣ ਲਗ ਪਵੇਗੀ, ਹਰ ਕੋਈ ਖੁਸ਼ ਦਿਸਣ

ਲਗ ਪਵੇਗਾ। ਅਹਿੰਸਾ ਤੋਂ ਭਾਵ ਹੈ ਕਿਸੇ ਨੂੰ ਦੁੱਖ ਨਹੀਂ ਦੇਣਾ ਕੋਈ ਚੋਟ ਨਹੀਂ ਪਹੁੰਚਾਉਣੀ ਮਾਰਨਾ ਨਹੀਂ। ਆਮ ਤੌਰ ਤੇ ਵਿਦਿਆਰਥੀ ਸੋਚਦੇ ਹਨ ਕਿ ਅਹਿੰਸਾ ਕੇਵਲ ਸਰੀਰਕ ਪੱਖੋਂ ਹੀ ਹੁੰਦੀ ਹੈ, ਜਿਹੜੇ ਪੜ੍ਹੇ ਲਿਖੇ ਲੋਕ ਸਭਿਅਕ ਲੋਕ ਹੁੰਦੇ ਹਨ ਉਹ ਤਾਂ ਹਿੰਸਾ ਤੋਂ ਡਰਦੇ ਹੀ ਹਨ ਕਿਉਂਕਿ ਹਿੰਸਾ ਦਾ ਕਾਨੂੰਨੀ ਪਾਸਾ, ਸਮਾਜਿਕ ਪਾਸਾ ਹੈ। ਵਾਸਤਵ ਵਿੱਚ ਅਹਿੰਸਾ ਦੇ ਤਿੰਨ ਪੱਖ ਹਨ, ਸੋਚਣੀ, ਕਥਨੀ ਤੇ ਕਰਨੀ ਬਿਲਕੁਲ ਉਹ ਹੀ ਜਿਹੜੇ ਸਾਡੇ ਸੁਚੱਜੇ ਜੀਵਨ ਦਾ ਆਧਾਰ ਹਨ। ਜੀਵਨ ਦੇ ਸਾਰੇ ਕੰਮ ਤਾਂ ਮਨ ਤੋਂ ਹੀ ਉਤਪੰਨ ਹੁੰਦੇ ਹਨ, ਸਾਰੀ ਕਥਨੀ ਦਾ ਆਧਾਰ ਤਾਂ ਮਨ ਹੈ। ਇਸੇ ਕਰਕੇ ਕਥਨੀ ਤੇ ਕਰਨੀ ਵਿੱਚ ਅਹਿੰਸਾ ਦਾ ਆਧਾਰ ਤਾਂ ਮਨ ਹੀ ਹੈ। ਇਸ ਗੱਲ ਦਾ ਭਾਵ ਮਨ ਵਿੱਚ ਅਹਿੰਸਾ ਦਾ ਉਤਪੰਨ ਹੋਣਾ ਇੱਕ ਬਹੁਤ ਗੰਭੀਰ ਸਮੱਸਿਆ ਹੈ, ਇਸ ਗੱਲ ਦਾ ਮਨ ਤੇ ਮਾਨਸਿਕ ਜੀਵਨ ਉੱਤੇ ਬਹੁਤ ਹੀ ਚਿੰਤਾਜਨਕ ਪ੍ਰਭਾਵ ਪੈਂਦਾ ਹੈ, ਇਹ ਹੀ ਨਹੀਂ ਇਸ ਦਾ ਅਸਰ ਸਰੀਰ ਉੱਤੇ ਵੀ ਪੈਂਦਾ ਹੈ ਪਰ ਅਹਿੰਸਾ ਦਾ ਅਭਿਆਸ ਕਰਨ ਨਾਲ ਮਨੁੱਖ ਹਿੰਸਾ ਪ੍ਰਤੀ ਚੇਤਨ ਹੀ ਨਹੀਂ ਹੋ ਜਾਂਦਾ। ਉਹ ਇਹ ਵੀ ਸਮਝ ਜਾਂਦਾ ਹੈ ਕਿ ਹਿੰਸਾ ਮਨ ਤੇ ਸਰੀਰ ਦੋਨਾਂ ਲਈ ਹੀ ਹਾਨੀਕਾਰਕ ਹੈ। ਏਨਾ ਹੀ ਨਹੀਂ ਜਿਨ੍ਹਾਂ ਪ੍ਰਤੀ ਤੁਸੀਂ ਹਿੰਸਕ ਸੋਚਦੇ ਹੋ, ਕਰਦੇ ਹੋ ਉਨ੍ਹਾਂ ਲਈ ਤਾਂ ਹਾਨੀਕਾਰਕ ਹੈ ਹੀ ਅਹਿੰਸਾ ਦਾ ਅਭਿਆਸ ਕਰਨ ਨਾਲ ਤੁਸੀਂ ਦੂਸਰਿਆਂ ਪ੍ਰਤੀ ਸੇਵਾ ਭਾਵ ਪੈਦਾ ਕਰ ਲੈਂਦੇ ਹੋ, ਚੇਤਨ ਹੋ ਕੇ ਅਹਿੰਸਾ ਦਾ ਅਭਿਆਸ ਕੀਤਾ ਅੰਤ ਪਿਆਰ ਵਿੱਚ ਬਦਲ ਜਾਂਦਾ ਹੈ। ਵਾਸਤਵ ਵਿੱਚ ਅਹਿੰਸਾ ਬਹੁਤ ਹੀ ਇੱਕ ਪ੍ਰੈਕਟੀਕਲ ਤਰੀਕਾ ਹੈ ਜਿਸ ਰਾਹੀਂ ਤੁਸੀਂ ਆਪਣਾ ਪ੍ਰੇਮ, ਪਿਆਰ ਪ੍ਰਗਟ ਕਰ ਸਕਦੇ ਹੋ। ਜਦੋਂ ਤੁਸੀਂ ਕਿਸੇ ਨੂੰ ਕੋਈ ਦੁੱਖ ਨਹੀਂ ਦਿੰਦੇ ਕੋਈ ਚੋਟ ਨਹੀਂ ਪਹੁੰਚਾਉਂਦੇ, ਕਿਸੇ ਨੂੰ ਮਾਰਦੇ ਨਹੀਂ। ਇਸ ਤਰ੍ਹਾਂ ਕਰਨ ਨਾਲ ਤੁਸੀਂ ਦੂਸਰਿਆਂ ਨੂੰ ਪਿਆਰ ਹੀ ਕਰਨਾ ਸਿੱਖ ਰਹੇ ਹੋ, ਇਹ ਹੀ ਸਭ ਤੋਂ ਉੱਚੀ ਸੁੱਚੀ ਪੂਜਾ ਹੈ।

ਠੀਕ ਤਰੀਕੇ ਨਾਲ ਸਤਿ ਦਾ ਅਭਿਆਸ ਅਹਿੰਸਾ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਸਤਿ ਦੇ ਮਾਰਗ ਤੇ ਚੱਲਣਾ, ਸੱਚ ਬੋਲਣਾ, ਆਪਣੇ ਆਪ ਨੂੰ ਸਮਝਣ ਲਈ, ਜਾਨਣ ਲਈ ਅਤਿ ਅਵੱਸ਼ਕ ਹੋ ਜਾਂਦਾ ਹੈ। ਆਪਣੇ ਅੰਦਰ ਦੇ ਸੁਭਾਅ ਨੂੰ ਜਾਨਣ ਲਈ ਜ਼ਰੂਰੀ ਹੈ ਪਰ ਜਗਿਆਸੂ ਨੂੰ ਪਤਾ ਹੀ ਨਹੀਂ ਕਿ ਉਹ ਕਿਵੇਂ ਇਹ ਸਭ ਕੁਝ ਕਰੇ ਜਗਿਆਸੂ ਨੂੰ ਇਹ ਕਰਨਾ ਔਖਾ ਹੋ ਜਾਂਦਾ ਹੈ। ਉਨ੍ਹਾਂ ਲਈ ਝੂਠ ਬੋਲਣਾ ਅਵਸ਼ਕ ਹੋ ਜਾਂਦਾ ਹੈ, ਝੂਠ ਨਾ ਬੋਲ ਕੇ ਹੀ ਸੱਚ ਬੋਲਣ ਦਾ ਅਭਿਆਸ ਹੋ ਸਕਦਾ ਹੈ। ਇਸੇ ਤਰ੍ਹਾਂ ਹਿੰਸਾ ਨਾ ਕਰਕੇ ਹਿੰਸਕ ਅਭਿਆਸ ਨਾ ਕਰਕੇ ਹੀ ਤੁਸੀਂ ਪਿਆਰ ਪ੍ਰਗਟ ਕਰ ਸਕਦੇ ਹੋ। ਹਿੰਸਕ ਵਿਚਾਰ ਮਨ ਤੋਂ ਕੱਢ ਕੇ ਹੀ ਤੁਸੀਂ ਪਿਆਰ ਕਰ ਸਕਦੇ ਹੋ। ਕੇਵਲ ਸ਼ਕਤੀਸ਼ਾਲ ਮਨੁੱਖ, ਅੰਦਰੋਂ ਕਰੜਾ ਮਨੁੱਖ ਹੀ ਅਹਿੰਸਾ ਦਾ ਅਭਿਆਸ ਕਰ ਸਕਦਾ ਹੈ। ਹਿੰਸਾ ਤੇ ਕਮਜ਼ੋਰੀ ਦੁਰਬਲਤਾ ਇਹ ਇੱਕੋ ਹੀ ਗੱਲ ਹੈ ਦੁਰਬਲ ਹੀ ਹਿੰਸਕ ਹੋਵੇਗਾ। ਅਹਿੰਸਾ ਪਿਆਰ ਦਾ ਦੂਸਰਾ ਪਾਸਾ ਹੈ, ਪਿਆਰ ਦਾ ਪ੍ਰਗਟਾਵਾ ਹੈ, ਪਿਆਰ ਦਾ ਪ੍ਰਗਟਾਵਾ ਹੋਣ ਦੇ ਨਾਲ ਹੀ ਸ਼ਕਤੀ ਹੈ, ਵਿਸ਼ਵਾਸ਼ ਹੈ, ਸਵੈ ਵਿਸ਼ਵਾਸ਼, ਅਹਿੰਸਾ ਦੇ ਅਭਿਆਸ ਨਾਲ ਹੀ ਆਉਂਦਾ ਹੈ।

ਇਥੇ ਜਗਿਆਸੂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸਚਾਈ ਨੰਬਰ ਦੋ ਤੇ ਆਉਂਦੀ ਹੈ। ਅਹਿੰਸਾ ਉਸ ਤੋਂ ਪਹਿਲਾਂ ਹੈ, ਇਸ ਤੋਂ ਇਹ ਭਾਵ ਹੈ ਕਿ ਸਤਿ ਦਾ ਅਭਿਆਸ ਜ਼ਰੂਰੀ ਹੈ ਪਰ ਕਿਉਂਕਿ ਅਹਿੰਸਾ ਪਿਆਰ ਦਾ ਪ੍ਰਗਟਾਵਾ ਹੈ ਇਸ ਕਰਕੇ ਉਸ ਦਾ ਅਭਿਆਸ ਪਹਿਲਾਂ ਆਉਂਦਾ ਹੈ। ਸਾਰੀਆਂ ਪਰੰਪਰਾਵਾਂ ਦੇ ਅਨੁਸ਼ਾਸਨ ਵਿੱਚ ਸਤਿ ਨੂੰ ਪਹਿਲਾ ਦਰਜਾ ਦਿੱਤਾ ਜਾਂਦਾ ਹੈ ਪਰ ਪ੍ਰਸ਼ਨ ਉਠਦਾ ਹੈ ਕਿ ਸਤਿ ਦਾ ਅਭਿਆਸ ਕਿਵੇਂ ਕੀਤੇ ਜਾਵੇ? ਸਭ ਤੋਂ ਪਹਿਲਾਂ ਤਾਂ ਤੁਸੀਂ ਆਪਣੇ ਆਪ ਨਾਲ ਹੀ ਸੱਚੇ ਹੋਵੋ, ਪਰ ਹੁੰਦਾ ਇਹ ਹੈ ਕਿ ਕੋਈ ਵੀ ਸੱਚਾ ਨਹੀਂ, ਇਸ ਕਰਕੇ ਇਹ ਦੋਹਰਾ ਵਿਅਕਤੀਤਵ ਬਣ ਜਾਂਦਾ ਹੈ, ਜਿਸ ਨਾਲ ਮਨੁੱਖਤਾ ਦੇ ਗੁਣ ਕਮਜ਼ੋਰ ਪੈ ਜਾਂਦੇ ਹਨ, ਅੰਦਰ ਦੀ ਸ਼ਕਤੀ ਕਮਜ਼ੋਰ ਪੈ ਜਾਂਦੀ ਹੈ ਜਦੋਂ ਅਭਿਆਸੀ ਜਗਿਆਸੂ ਇਹ ਸਿਖਦਾ ਹੈ ਕਿ ਝੂਠ ਨਹੀਂ ਬੋਲਣਾ, ਉਹ ਇਹ ਸਮਝ ਜਾਂਦਾ ਹੈ ਕਿ ਇਕ ਝੂਠ ਤੋਂ ਬਾਅਦ ਦੂਸਰਾ, ਦੂਸਰੇ ਤੋਂ ਬਾਅਦ ਤੀਸਰਾ। ਇਸ ਤਰ੍ਹਾਂ ਨਾਲ ਛੇਤੀ ਹੀ ਪਾਖੰਡ, ਛਲ, ਕਪਟ ਇੱਕ ਦੂਸਰਾ ਸੁਭਾਅ ਬਣ ਜਾਂਦਾ ਹੈ ਜਿਸ ਨਾਲ ਮਨ ਹਰ ਤਰ੍ਹਾਂ ਦੀਆਂ ਸਕੀਮਾਂ ਬਣਾਉਣ ਲਗ ਪੈਂਦਾ ਹੈ, ਇੱਕ ਭੈ ਅੰਦਰ ਬੈਠ ਜਾਂਦਾ ਹੈ। ਇਹ ਇੱਕ ਸਚਾਈ ਹੈ ਇੱਕ ਵਾਸਤਵਿਕਤਾ ਹੈ ਜਦੋਂ ਅਭਿਆਸੀ ਸੱਚ ਬੋਲਣ ਲਗ ਪੈਂਦਾ ਹੈ ਸਤਿ ਨੂੰ ਆਪਣੇ ਜੀਵਨ ਦਾ ਕੇਂਦਰ, ਧੁਰਾ ਬਣਾ ਲੈਂਦਾ ਹੈ ਉਸ ਦੀਆਂ ਸਾਰੀਆਂ ਗੱਲਾਂ ਹੀ ਬੜੀਆਂ ਪ੍ਰਭਾਵਕ ਹੋ ਜਾਂਦੀਆਂ ਹਨ, ਸੱਚੀਆਂ ਹੋ ਜਾਂਦੀਆਂ ਹਨ। ਸਤਿ ਦਾ ਅਭਿਆਸ਼ ਕਰਨ ਨਾਲ ਅੰਦਰ ਦੀ ਸ਼ਕਤੀ ਵੱਧ ਜਾਂਦੀ ਹੈ। ਜਦੋਂ ਇਸ ਸ਼ਕਤੀ ਦਾ ਭੰਡਾਰ ਬਣ ਜਾਂਦਾ ਹੈ, ਉਹ ਉੱਚੀਆਂ ਪ੍ਰਾਪਤੀਆਂ ਕਰ ਲੈਂਦਾ ਹੈ। ਜਿਹੜੇ ਸਤਿ ਦੇ ਅਭਿਆਸੀ ਹਨ ਉਹ ਜਾਣਦੇ ਹਨ ਕਿ ਸਤਿ ਉਨ੍ਹਾਂ ਦੇ ਜੀਵਨ ਦਾ ਮਾਲਕ ਹੈ, ਇਹੋ ਜਿਹੇ ਅਭਿਆਸੀ ਨਿਰਭੈ ਹੁੰਦੇ ਹਨ ਕਿਸੇ ਵੀ ਗੁੰਝਲਦਾਰ ਜਾਂ ਜਟਿਲਤਾ ਦਾ ਸਾਮ੍ਹਣਾ ਨਹੀਂ ਕਰਨਾ ਪੈਂਦਾ।

ਅਸਤਿਆ (Asteya) ਦਾ ਅਰਥ ਹੈ ਚੋਰੀ ਨਾ ਕਰਨੀ ਜਿਸ ਤੋਂ ਭਾਵ ਹੈ ਕਿ ਦੂਸਰੇ ਦੀ ਕੋਈ ਵੀ ਚੀਜ਼ ਲੈਣ ਦੀ ਇੱਛਾ ਤੋਂ ਮੁਕਤ ਹੋਣਾ, ਇੱਛਾ ਖਤਮ ਕਰ ਦੇਣੀ, ਕਿਸੇ ਦੀ ਆਗਿਆ ਤੋਂ ਬਿਨਾਂ ਕਿਸੇ ਦੀ ਚੀਜ਼ ਲੈਣ ਚੁੱਕ ਲੈਣੀ ਏਸ ਤੋਂ ਉੱਕਾ ਹੀ ਮੁਕਤ ਹੋਣਾ। ਚੋਰੀ ਨਾ ਕਰਨ ਵਿੱਚ ਹੋ ਜਿਹੜੀਆਂ ਚੀਜ਼ਾਂ ਆਉਂਦੀਆਂ ਹਨ। ਉਹ ਹਨ ਕਿਸੇ ਵਸਤ ਦਾ ਪੈਸੇ ਦੀ ਅਯੋਗ ਵਰਤੋਂ, ਵੱਢੀ ਲੈਣੀ ਹੋਰ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਦੂਰ ਰਹਿਣਾ, ਪਰਹੇਜ਼ ਕਰਨਾ। ਬਹੁਤ ਵਾਰੀ ਦੂਸਰਿਆਂ ਦੀਆਂ ਚੀਜ਼ਾਂ ਵਸਤਾਂ ਦੇਖ ਕੇ ਆਪਣੇ ਅੰਦਰ ਇੱਛਾ ਪੈਦਾ ਕਰ ਲੈਣੀ ਕਿ ਮੇਰੇ ਕੋਲ ਵੀ ਇਹ ਹੋਵੇ ਇਹ ਬਹੁਤ ਹੀ ਭਰਮਾਉਣੀ ਹੁੰਦੀ, ਬਹੁਤ ਲੁਭਾਣੀ ਹੋ ਜਾਂਦੀ ਹੈ, ਆਮ ਮਨੁੱਖ ਦਾ ਮਨ ਲੋਭ ਵਿੱਚ ਆ ਜਾਂਦਾ ਹੈ। ਇਸ ਨਾਲ ਅੰਦਰ ਅਪਰਾਧ ਦੀ ਭਾਵਨਾ ਆ ਜਾਂਦੀ ਹੈ, ਜ਼ੁਰਮ ਦੀ ਭਾਵਨਾ ਆ ਜਾਂਦੀ ਹੈ। ਮਨੁੱਖ ਦਾ ਅੰਦਰ ਇਸ ਨਾਲ ਕਮਜ਼ੋਰ ਪੈ ਜਾਂਦਾ ਹੈ, ਜੀਵਨ ਦਾ ਅੰਦਰਲਾ ਦੁਰਬਲ ਪੈ ਜਾਂਦਾ ਹੈ। ਚੋਰੀ ਦੀ ਆਦਤ ਇੱਕ ਬਹੁਤ ਹੀ ਗੁੰਝਲਦਾਰ ਹੈ ਇਹ ਮਨੁੱਖ ਦੇ ਅੰਧਰ ਅਧੂਰੇਪਨ ਦਾ ਅਹਿਸਾਸ ਦਿੰਦੀ ਹੈ, ਅਸਮਰਥਤਾ ਦੀ ਭਾਵਨਾ ਪੈਦਾ ਕਰਦੀ ਹੈ, ਨਾਲ ਹੀ ਈਰਖਾ ਵੀ ਜਗਾਉਂਦੀ ਹੈ। ਇਹੋ ਜਿਹਾ ਮਨੁੱਖ ਸਦਾ ਹੀ ਅਸੰਤੁਸ਼ਟ ਰਹਿੰਦਾ ਹੈ, ਅਸ਼ਾਂਤ ਰਹਿੰਦਾ ਹੈ, ਅਧੂਰਾ ਰਹਿੰਦਾ ਹੈ ਕਿਉਂਕਿ ਉਹ ਤਾਂ ਸਦਾ ਹੀ ਚੀਜ਼ਾਂ ਤੇ ਭਰੋਸਾ ਰਖਦਾ ਹੈ, ਦੂਸਰਿਆਂ ਤੇ ਨਿਰਭਰ ਹੈ, ਵਸਤਾਂ ਚਾਹੇ ਆਪਣੀਆਂ ਹੋਣ ਚਾਹੇ ਦੂਸਰਿਆਂ ਦੀਆਂ ਹੋਣ। ਚੋਰੀ ਕਰਨ ਦਾ ਵਿਚਾਰ ਕਦੀ ਵੀ ਸੁਖਦਾਈ ਨਹੀਂ

*(ਬਾਕੀ ਪੰਨਾ 64 'ਤੇ)*

# ਬੀਬੀ ਰਜਨੀ

ੴ ਸਤਿਗੁਰ ਪ੍ਰਸਾਦਿ

ਰਜਨੀ ਪੱਟੀ ਦੇ ਰਾਜੇ ਦੁਨੀਚੰਦ ਦੀ ਸਭ ਤੋਂ ਛੋਟੀ ਲੜਕੀ ਸੀ। ਪੱਟੀ ਅੱਜਕੱਲ੍ਹ ਅੰਮ੍ਰਿਤਸਰ ਦੀ ਤਹਿਸੀਲ ਹੈ। ਦੁਨੀਚੰਦ ਪੱਟੀ ਦਾ ਰਾਜਾ ਸੀ ਅਤੇ ਬੜਾ ਅਭਿਮਾਨੀ ਸੀ। ਉਸ ਦੀਆਂ ਪੰਜ ਧੀਆਂ ਸਨ ਅਤੇ ਲੜਕਾ ਕੋਈ ਨਹੀਂ ਸੀ। ਉਹ ਬੜੇ ਮਾਣ ਨਾਲ ਕੁੜੀਆਂ ਨੂੰ ਪੁਛਦਾ ਰਹਿੰਦਾ ਸੀ ਕਿ ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਹੋ। ਰਜਨੀ ਨੂੰ ਛੱਡ ਕੇ ਬਾਕੀ ਸਾਰੀਆਂ ਆਖਦੀਆਂ ਸਨ ਕਿ ਪਿਤਾ ਜੀ! ਅਸੀਂ ਤੇਰਾ ਦਿੱਤਾ ਹੀ ਖਾਂਦੀਆਂ ਹਾਂ ਰਜਨੀ ਕਿਉਂਕਿ ਸਤਿਸੰਗਣ ਸੀ। ਇਸ ਲਈ ਉਹ ਆਖਦੀ ਸੀ ਕਿ ਅਸੀਂ ਭਗਵਾਨ ਦਾ ਦਿੱਤਾ ਖਾਂਦੀਆਂ ਹਾਂ। ਭਗਵਾਨ ਸਾਰੀ ਲੁਕਾਈ ਨੂੰ ਦਿੰਦਾ ਹੈ ਤੇ ਤੁਹਾਨੂੰ ਵੀ ਦਿੰਦਾ ਹੈ। ਰਾਜਾ ਦੁਨੀਚੰਦ ਗੁੱਸੇ ਵਿੱਚ ਆਖਦਾ ਹੈ ਕਿ ਮੈਂ ਤੁਹਾਨੂੰ ਖਾਣ ਪੀਣ ਅਤੇ ਪਹਿਨਣ ਵਾਸਤੇ ਸਭ ਕੁਝ ਦਿੰਦਾ ਹਾਂ। ਰੱਬ ਕਿਵੇਂ ਦਿੰਦਾ ਹੈ। ਮੈਂ ਵੇਖਾਂਗਾ ਕਿ ਤੈਨੂੰ ਰੱਬ ਕਿਥੋਂ ਅਤੇ ਕਿਵੇਂ ਦਿੰਦਾ ਹੈ। ਰਜਨੀ ਪਿਆਰ ਨਾਲ ਬੋਲੀ ਕਿ ਪਿਤਾ ਜੀ ਤੁਹਾਨੂੰ ਅਤੇ ਸਾਰੀ ਦੁਨੀਆਂ ਨੂੰ ਰਾਮ ਜੀ ਹੀ ਦੇ ਰਿਹਾ ਹੈ। ਹੋਰ ਕੋਈ ਨਹੀਂ ਦੇ ਸਕਦਾ।

ਰਜਨੀ ਦੀ ਗੱਲ ਸੁਣ ਕੇ ਰਾਜੇ ਦੁਨੀਚੰਦ ਨੂੰ ਗੁੱਸਾ ਆਇਆ ਤੇ ਉਸ ਨੇ ਨੌਕਰਾਂ ਨੂੰ ਕਿਹਾ ਕਿ ਕੋਈ ਐਸਾ ਕੋਹੜੀ ਲੱਭ ਕੇ ਲਿਆਉ ਜੋ ਚਲ ਵੀ ਨਾ ਸਕੇ। ਸੋ ਦੁਨੀਚੰਦ ਨੇ ਰਜਨੀ ਦਾ ਵਿਆਹ ਐਸੇ ਪਿੰਗਲੇ ਨਾਲ ਕਰ ਦਿੱਤਾ ਜੋ ਟੁਰ ਵੀ ਨਹੀਂ ਸੀ ਸਕਦਾ। ਇੱਕ ਰਾਜੇ ਦੀ ਧੀ ਨੂੰ ਵਿਆਹ ਦੇ ਸਮੇਂ ਗਲ ਵਿੱਚ ਪੁਰਾਣੇ ਕਪੜੇ ਅਤੇ ਸਿਰ ਤੇ ਪਿੰਗਲੇ ਪਤੀ ਦੀ ਟੋਕਰੀ ਮਿਲੀ। ਜਦੋਂ ਰਜਨੀ ਪਿਤਾ ਦੇ ਘਰੋਂ ਵਿਦਾ ਹੋਈ ਤਾਂ ਸਾਰਾ ਮੇਲ ਅਤੇ ਪਟੀ ਨਗਰ ਦੇ ਲੋਕ ਰੋ ਰਹੇ ਸਨ ਅਤੇ ਕਹਿ ਰਹੇ ਸਨ ਕਿ ਇਸ ਬੇਟੀ ਦੀ ਕਿਸਮਤ ਬਹੁਤ ਮਾੜੀ ਹੈ। ਕਿਸੇ ਨੂੰ ਨਹੀਂ ਸੀ ਪਤਾ ਕਿ ਇਸ ਬੱਚੀ ਨੇ ਉਹ ਕਾਰਨਾਮਾ ਕਰ ਵਿਖਾਣਾ ਹੈ ਕਿ ਸਭ ਲੋਕਾਈ ਬੀਬੀ ਰਜਨੀ ਤੇ ਉਸ ਦੇ ਪਤੀ ਨੂੰ ਜੁਗਾਂ-ਜੁਗਾਂਤਰਾਂ ਤਕ ਯਾਦ ਰਖੇਗੀ।

ਰਜਨੀ ਨੂੰ ਵਿਦਾ ਹੋਣ ਲੱਗਿਆਂ ਭੋਰਾ ਅਫਸੋਸ ਨਹੀਂ ਸੀ ਅਤੇ ਪ੍ਰਮਾਤਮਾ ਤੇ ਪੂਰਾ ਭਰੋਸਾ ਸੀ। ਉਹ ਸਵੇਰੇ ਉਠ ਕੇ ਪਹਿਲਾਂ ਆਪਣੇ ਪਤੀ ਨੂੰ ਸੌਚ ਵਗੈਰਾ ਕਰਾ ਕੇ ਉਸ ਦੇ ਜ਼ਖਮਾਂ ਦੀ ਸਫਾਈ ਕਰਦੀ ਅਤੇ ਰਾਮ ਦਾ ਨਾਮ ਜਪਦੀ ਹੋਈ ਪਤੀ ਦੀ ਟੋਕਰੀ ਲੈ ਕੇ ਕਿਸੇ ਗਾਉਂ ਦੇ ਬਾਹਰ ਰੁੱਖ ਦੀ ਛਾਂ ਹੇਠ ਰਖਦੀ। ਫਿਰ ਗਾਉਂ ਵਿਚੋਂ ਰੋਟੀ ਮੰਗ ਕੇ ਲਿਆਉਂਦੀ ਅਤੇ ਸਭ ਤੋਂ ਪਹਿਲਾਂ ਆਪਣੇ ਪਤੀ ਨੂੰ ਰੋਟੀ ਖਵਾਉਂਦੀ। ਜੋ ਬਚ ਜਾਂਦੀ ਉਹ ਆਪ ਖਾਂਦੀ। ਰਾਤ ਸਮੇਂ ਜੋ ਕੱਪੜਾ ਉਸ ਕੋਲ ਸੀ ਉਹ ਪਤੀ ਉੱਤੇ ਦੇ ਦਿੰਦੀ ਅਤੇ ਆਪ ਬਿਨਾਂ ਕੱਪੜੇ ਤੋਂ ਲੇਟ ਜਾਂਦੀ। ਇਸ ਤਰ੍ਹਾਂ ਫਿਰ ਸਵੇਰੇ ਉਠ ਕੇ ਬਾਹਰ ਅੰਦਰ ਹੋ ਕੇ ਪਤੀ ਦੀ ਸੰਭਾਲ ਕਰਨੀ ਫਿਰ ਉਹ ਦੂਸਰੇ ਪਿੰਡ ਜਾਂਦੀ।

ਇਸ ਤਰ੍ਹਾਂ ਸਮਾਂ ਬੀਤ ਰਿਹਾ ਸੀ ਕਿ ਇੱਕ ਦਿਨ ਰਜਨੀ ਨੇ ਪਤੀ ਦੀ ਟੋਕਰੀ ਬੇਰੀਆਂ ਦੇ ਝੁੰਡ ਦੀ ਛਾਉਂ ਵਿੱਚ ਰੱਖ ਕੇ ਆਪ ਪਿੰਡ ਵਿਚੋਂ ਰੋਟੀ ਮੰਗਣ ਗਈ। ਬੇਰੀਆਂ ਨਾਲ ਇੱਕ ਛਪੜੀ ਸੀ। ਜਦੋਂ ਰਜਨੀ ਰੋਟੀ ਲੈ ਕੇ ਆਈ ਤਾਂ ਯੁੱਗ ਬਦਲ (ਪਲਟ) ਗਿਆ ਸੀ। ਰਜਨੀ ਨੇ ਵੇਖਿਆ ਕਿ ਇੱਕ ਸੁੰਦਰ ਨੌਜਵਾਨ ਟੋਕਰਾ ਪੁੱਠਾ ਕਰਕੇ ਉਪਰ ਬੈਠਾ ਹੈ ਤੇ ਉਸ ਦਾ ਪਤੀ ਦਿਸ ਨਹੀਂ ਰਿਹਾ। ਰਜਨੀ ਨੇ ਉਸ ਨੂੰ ਪੁੱਛਿਆ ਕਿ ਮੇਰਾ ਪਤੀ ਕਿੱਥੇ ਹੈ? ਉਹ ਨੌਜਵਾਨ ਬੋਲਿਆ, ਮੈਂ ਹੀ ਤੇਰਾ ਪਤੀ ਹਾਂ। ਤੂੰ ਆਪਣੇ ਪਤੀ ਦੀ (ਮੇਰੀ) ਇਤਨੀ ਸੇਵਾ ਸੰਭਾਲ ਕੀਤੀ ਹੈ ਕਿ ਭਗਵਾਨ ਆਪ ਪਰ ਖੁਸ਼ ਹੋ ਗਿਆ ਹੈ ਅਤੇ ਮੇਰਾ ਸਾਰਾ ਕੋਹੜ ਦੂਰ ਹੋ ਗਿਆ ਹੈ। ਫਿਰ ਉਸ ਨੇ ਸਾਰੀ ਆਪ ਬੀਤੀ ਰਜਨੀ ਨੂੰ ਸੁਣਾਈ।

ਉਸ ਨੇ ਕਿਹਾ ਕਿ ਤੇਰੇ ਪਤੀਵਰਤਾ ਧਰਮ ਤੇ ਰੱਬ ਖੁਸ਼ ਹੋ ਗਿਆ ਹੈ। ਤੂੰ ਮੇਰਾ ਟੋਕਰਾ ਬੇਰੀਆਂ ਦੀ ਛਾਂ ਥੱਲੇ ਧਰਿਆ ਸੀ ਜੋ ਅੱਜਕਲ੍ਹ ਦੁਖਭੰਜਣੀ ਬੇਰੀ ਅਖਵਾਉਂਦੀ ਹੈ। ਨਾਲ ਹੀ ਇੱਕ ਪਾਣੀ ਦੀ ਛੱਪੜੀ ਹੈ। ਮੈਂ ਵੇਖਿਆ ਕਿ ਕਾਂ ਪਾਣੀ ਵਿੱਚ ਨਹਾ ਰਹੇ ਹਨ ਤੇ ਚਿੱਟੇ ਹੋ ਜਾਂਦੇ ਹਨ। ਮੈਂ ਸੋਚਿਆ ਕਿ ਇਸ ਪਾਣੀ ਵਿੱਚ ਸ਼ਕਤੀ ਹੈ। ਸੋ ਮੈਂ ਵੀ ਰਿੜਦਾ-ਰਿੜਦਾ ਉਸ ਪਾਣੀ ਵਿੱਚ ਚਲਾ ਗਿਆ। ਪਹਿਲਾਂ ਮੈਂ ਟੋਭੇ ਦੇ ਕੰਢੇ ਨਾਲ ਹੀ ਲੇਟਦਾ ਰਿਹਾ। ਜਦੋਂ ਮੈਂ ਵੇਖਿਆ ਕਿ ਮੈਨੂੰ ਕੋਹੜ ਦਾ ਆਰਾਮ ਹੈ ਤਾਂ ਮੈਂ ਹਿੰਮਤ ਕਰਕੇ ਪਾਣੀ ਵਿੱਚ ਚੰਗੀ ਤਰ੍ਹਾਂ ਨਹਾਤਾ ਤੇ ਮੇਰਾ ਸਾਰਾ ਕੋਹੜ ਦੂਰ ਹੋ ਗਿਆ। ਇਸ ਜਲ ਵਿੱਚ ਸ਼ਕਤੀ ਹੈ ਅਤੇ ਸਾਰਾ ਤੇਰੇ ਪਤੀਬਰਤਾ ਹੋਣ ਨਾਲ ਹੋਇਆ ਹੈ।

ਪਰ ਰਜਨੀ ਮੰਨ ਨਹੀਂ ਸੀ ਰਹੀ। ਉਹ ਕਹਿ ਰਹੀ ਸੀ ਤੂੰ ਮੇਰੇ ਪਤੀ ਨੂੰ ਮਾਰ ਦਿੱਤਾ ਹੈ। ਰਜਨੀ ਉਹਨੂੰ ਨਾਲ ਲੈ ਕੇ ਗੁਰੂ ਰਾਮਦਾਸ ਜੀ ਪਾਸ ਗਈ। ਰਜਨੀ ਜਿਥੇ ਗੁਰੂ ਜੀ ਨੇ ਰਾਮਦਾਸ ਚੱਕ ਸੇਵਾ ਲਾ ਰੱਖੀ ਸੀ। ਗੁਰੂ ਜੀ ਇੱਕ ਸਰੋਵਰ ਸੰਤੋਖਸਰ ਬਣਵਾ ਰਹੇ ਸੀ। ਜਦੋਂ ਇਹ ਸਾਰੀ ਗੱਲ ਪਿੰਗਲੇ ਨੇ ਆਪਣੇ ਮੂੰਹ ਤੋਂ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਜੀ ਨੇ ਰਜਨੀ ਨੂੰ ਕਿਹਾ ਕਿ ਇਹ ਤੇਰਾ ਪਤੀ ਹੈ ਤੂੰ ਕੋਈ ਸੰਸਾ ਨਾ ਕਰ। ਤੇਰੇ ਪਤੀਬਰਤਾ ਧਰਮ ਕਰਕੇ ਅਤੇ ਪਾਣੀ ਵਿੱਚ ਸ਼ਕਤੀ ਕਰਕੇ ਇਸ ਦਾ ਕੋਹੜ ਠੀਕ ਹੋ ਗਿਆ ਹੈ।

ਗੁਰੂ ਜੀ ਦੇ ਮੁੱਖ ਤੋਂ ਸੁਣ ਕੇ ਰਜਨੀ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਉਹ ਦੋਵੇਂ ਜੀਅ ਗੁਰੂ ਘਰ ਦੀ ਸੇਵਾ ਕਰਨ ਲਗ ਪਏ। ਕੁਝ ਸਮੇਂ ਉਪਰੰਤ ਜਦੋਂ ਰਾਜੇ ਦੁਨੀਚੰਦ ਨੂੰ ਪੱਟੀ ਪਤਾ ਲੱਗਾ ਤਾਂ ਉਹ ਆ ਕੇ ਰਜਨੀ ਅਤੇ ਉਸ ਦੇ ਪਤੀ ਨੂੰ ਪਿਆਰ ਤੇ ਸਤਿਕਾਰ ਨਾਲ ਘਰ ਪੱਟੀ ਲੈ ਗਿਆ। ਉਸ ਦਾ ਲੜਕਾ ਕੋਈ ਨਹੀਂ ਸੀ, ਸੋ ਆਪਣਾ ਰਾਜ ਅਤੇ ਸਾਰੀ ਜਾਇਦਾਦ ਇਸ ਧੀ ਤੇ ਜਵਾਈ ਨੂੰ ਦੇ ਦਿੱਤੀ। ਇਹ ਸਾਰਾ ਚਮਤਕਾਰ ਰਜਨੀ ਦੇ ਪਤੀਵਰਤਾ ਹੋਣ ਨਾਲ ਹੋਇਆ। ਸਾਰੇ ਪੱਟੀ ਨਿਵਾਸੀਆਂ ਨੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦਾ ਸਤਿਕਾਰ ਕੀਤਾ।

♠♠♠♠♠

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

ਸ਼ਬਦ ਗੁਰ ਪੀਰ -

ਸਤਿਗੁਰੂ ਵਿੱਚ ਸ਼ਬਦ ਦੀ ਦਾਤਿ ਧੁਰੋਂ ਆਈ ਦਾਤਿ ਹੈ। ਵਾਸਤਵ ਵਿੱਚ ਸਤਿਗੁਰੂ ਦੀ ਪਦਵੀ ਧੁਰੋਂ ਆਈ ਅਤੇ ਸਤਿਗੁਰ ਵਿੱਚ ਵਰਤ ਰਹੇ ਸ਼ਬਦ ਨੂੰ ਹੀ ਪ੍ਰਾਪਤ ਹੈ। ਸਤਿਗੁਰੂ ਨੂੰ ਗੁਰੂ ਪਦ ਦੀ ਗਹਿਰ-ਗੰਭੀਰਤਾ ਦੀ ਪ੍ਰਾਪਤੀ ਸ਼ਬਦ-ਗੁਰੂ ਦੀ ਜੋਤਿ ਦੇ ਪ੍ਰਤਾਪ ਕਰਕੇ ਹੀ ਹੈ। ਸੋ ਸੱਚਾ ਗੁਰ-ਪੀਰ ਜਗਤ ਦਾ ਇਹ ਧੁਰੋਂ ਆਇਆ ਸ਼ਬਦ ਹੀ ਹੈ ਅਤੇ ਇਸ ਸ਼ਬਦ ਦੀ ਦਾਤਿ ਮਿਲੇ ਬਾਝੋਂ ਜਗ ਬਉਰਾਇਆ ਹੋਇਆ ਹੀ ਹੈ। ਜੈਸਾ ਕਿ ਸ਼ਬਦ ਦੇ ਸੋਮੇ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਾਰਾ ਜਗ ਬਉਰਾਇਆ ਹੋਇਆ ਹੀ ਸੀ ਅਤੇ ਹੁਣ ਭੀ ਸ਼ਬਦ-ਪੁੰਜ-ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰੇ ਬਾਝੋਂ ਸਾਰਾ ਜਗੁ ਬਉਰਾਇਆ ਬਰਲਿਆ ਹੋਇਆ ਹੀ ਫਿਰਦਾ ਹੈ। ਯਥਾ ਗੁਰਵਾਕ -

***ਸਬਦੁ ਗੁਰ ਪੀਰਾ ਗਹਿਰ ਗੰਭੀਰਾ***
***ਬਿਨੁ ਸਬਦੈ ਜਗੁ ਬਉਰਾਨੰ ॥***
***ਪੂਰਾ ਬੈਰਾਗੀ ਸਹਜਿ ਸੁਭਾਗੀ***
***ਸਚੁ ਨਾਨਕ ਮਨੁ ਮਾਨੰ ॥ ਅੰਗ - ੬੩੫***

ਜੋ ਭੀ ਸ਼ਰਧਾਲੂ ਜਗਿਆਸੂ ਸੱਚਾ ਖੋਜੀ ਬੈਰਾਗੀ ਹੈ, ਤਿਸ ਸਹਿਜ ਸੁਭਾਗੀ ਪੁਰਸ਼ ਦਾ ਸ਼ਬਦ-ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ (ਸ਼ਬਦ ਗੁਰ ਪੀਰਾ ਗਹਿਰ ਗੰਭੀਰਾ ਨੂੰ) ਗੁਰੂ ਨਾਨਕ ਦਸ਼ਮੇਸ਼ ਦਾ ਸੱਚਾ ਸਰੂਪ ਮੰਨਣ ਲਈ ਮਨ ਮੰਨਿਆ ਹੈ। ਤਾਂਤੇ ਗੁਰੂ ਰੂਪ ਗਹਿਰ ਗੰਭੀਰ ਸਬਦੁ ਜਿਸ ਜਾਮੇ ਅੰਦਰਿ ਸੋਲ੍ਹਾਂ ਕਲਾਂ ਸੰਪੂਰਨ ਜੋਤੰਬਤ ਹੈ, ਸੋਈ ਜਾਮਾ ਸੱਚੇ ਸਤਿਗੁਰੂ ਦੇ ਨਾਮ ਨਾਲ ਸਸ਼ੋਭਤ ਹੈ।

### ਸਤਿਗੁਰੂ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ-

ਐਸਾ ਸਤਿਗੁਰੂ ਹੀ ਸਰਬੋਤਮ ਪੂਰਨ 'ਰਮਤ ਰਾਮ' ਵਾਹਿਗੁਰੂ ਅਕਾਲ ਪੁਰਖ ਦੇ ਨਾਮ ਦਾ ਦਾਤਾ ਹੈ, ਤਿਸੁ ਬਿਨੁ ਹੋਰ ਕੋਈ ਦਾਤਾ ਨਹੀਂ। ਸੱਚਾ ਸਤਿਗੁਰੂ ਹੀ ਨਾਮ ਦੀ ਦਾਤਿ ਦੇ ਪਾਰਸ-ਪ੍ਰਭਾਵੀ-ਪਰਤਾਪ ਦੁਆਰਾ ਜੀਅ ਦਾਨ, ਆਤਮ-ਜੋਤਿ-ਪ੍ਰਗਾਸ ਦਾਨ, ਆਤਮ ਰਸ ਜੋਤਿ ਪ੍ਰਕਾਸ਼ ਦਾਨ ਦੇ ਕੇ ਨਾਮ ਦੀ ਦਾਤਿ ਲੈਣਹਾਰੇ ਨੂੰ ਪੂਰਨ ਤੌਰ ਤੇ ਤ੍ਰਿਪਤ ਕਰ ਸਕਦਾ ਹੈ ਅਤੇ ਓੜਕ ਨਾਮੀ ਵਾਹਿਗੁਰੂ ਦੇ ਸਰੂਪ ਨਾਮ ਜੋਤੀਯ ਵਿਖੇ ਸਮਾਇ ਲੈਂਦਾ ਹੈ। ਯਥਾ ਗੁਰਵਾਕ -

***ਸਤਿਗੁਰ ਦਾਤਾ ਰਾਮ ਨਾਮ ਕਾ***
***ਹੋਰੁ ਦਾਤਾ ਕੋਈ ਨਾਹੀ ॥***
***ਜੀਅ ਦਾਨੁ ਦੇਇ ਤ੍ਰਿਪਤਾਸੇ***
***ਸਚੈ ਨਾਮਿ ਸਮਾਹੀ ॥ ਅੰਗ - ੧੨੫੯***

ਇਸ ਗੁਰਵਾਕ ਨੇ ਤਾਂ ਤੋੜ ਕੇ ਫੈਸਲਾ ਹੀ ਕਰ ਦਿੱਤਾ ਕਿ ਸਤਿਗੁਰੂ ਬਾਝੋਂ ਨਾਮ ਦਾ ਸਿਮਰਨ-ਦਾਤਾ ਹੋਰ ਕੋਈ ਹੈ ਹੀ ਨਹੀਂ।

ਜੀਅ ਦਾਨ ਦੇ ਦਾਤਾਰ ਸਤਿਗੁਰੂ ਸਮਰੱਥ ਦੁਆਰਾ ਗੁਰ ਦੀਖਿਆ ਗੁਰ-ਮੰਤਰ ਸਿਮਰਨ ਦੀ ਦਾਤਿ ਲਏ ਬਾਝੋਂ 'ਜੀਅ ਦਾਨੁ ਦੇਇ ਤ੍ਰਿਪਤਾਸੇ' ਅਤੇ 'ਸਚੇ ਨਾਮਿ ਸਮਾਹੀ' ਵਾਲੀ ਪਾਰਸ-ਕ੍ਰਿਸ਼ਮੀ-ਕਲਾ-ਸਿਮਰਨ-ਦਾਤਿ ਅਧਿਕਾਰੀ ਦੇ ਜੀਵਨ ਵਿਖੇ ਵਰਤਦੀ ਹੀ ਨਹੀਂ, ਨਾ ਹੀ ਵਰਤ ਸਕਦੀ ਹੈ। ਸਿਮਰਨ-ਦਾਤਿ ਨੂੰ ਰਸ-ਜੋਤਿ-ਵਿਗਾਸੀ-ਅੰਮ੍ਰਿਤ-ਕਲਾ ਦੇ ਖੇਵੇ ਵਿਚ ਖਿੜਾਉਣਾ ਸਮਰੱਥ ਸਤਿਗੁਰੂ ਦੁਆਰਾ ਸਿਮਰਨ ਰੂਪੀ ਪਾਰਸ ਪਦਾਰਥ ਭੁਗਤਾਉਣ ਦੀ ਤੱਤ-ਗੁਰਮਤਿ-ਮਰਯਾਦਾ ਦਾ ਸਹਿਜ ਸਰਸਨੀ ਸੁਫਲ ਗੁਣ ਹੈ।

***ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ***
***ਜਿਤੁ ਮਿਲਿਐ ਹਰਿ ਉਰ ਧਾਰੇ ॥***
***ਜੀਅ ਦਾਨੁ ਗੁਰਿ ਪੂਰੈ ਦੀਆ***
***ਹਰਿ ਅੰਮ੍ਰਿਤ ਨਾਮੁ ਸਮਾਰੇ ॥ ਅੰਗ - ੯੮੨***

ਇਹ ਨਾਮੁ, ਅੰਮ੍ਰਿਤ ਨਾਮੁ ਇਸ ਕਰਕੇ ਹੈ ਕਿ ਇਸ ਦਾ ਅਸਲਾ ਹੀ ਅੰਮ੍ਰਿਤ ਪਾਰਸੀ ਅੰਸ ਕਲਾ ਸੰਪੰਨ ਹੈ। ਸਤਿਗੁਰੂ ਦਾਤੇ ਦੁਆਰਾ ਦਿੱਤਾ ਹੋਇਆ ਇਹ ਅੰਮ੍ਰਿਤ ਨਾਮ ਸਿਮਰਨਹਾਰੇ ਦੇ ਅੰਤਰ ਆਤਮੇ ਅੰਮ੍ਰਿਤ ਸਰਸ਼ਾਰੀ ਜੀਅ-ਜੀਵਨ ਰੌ ਦਾ ਝਰਨਾਟ ਛੇੜ ਦਿੰਦਾ ਹੈ, ਤਾਂਹੀ ਤੇ ਇਹ ਸਤਿਗੁਰ ਦਾਤੇ ਦੁਆਰਾ ਪ੍ਰਾਪਤ ਹੋਈ ਸਿਮਰਨ ਦੀ ਦਾਤਿ ਅਮਰ-ਜੀਵਨ-ਜੀਅ-ਦਾਨ ਪਰਦਾਨਣੀ ਹੈ। ਸਤਿਗੁਰ ਦਾਤੇ ਦਾ ਦਿਤਾ ਹੋਇਆ, ਅੰਮ੍ਰਿਤ ਕਲਾ ਪਰਵੇਸ਼ਨੀ ਨਾਮੁ, ਸਿਮਰਨ ਕਮਾਈ ਦੁਆਰਾ ਜੋਤਿ-ਪ੍ਰਕਾਸ਼ਨੀ-ਰੌ, ਸਿਮਰਨਹਾਰੇ ਦੇ ਘਟ ਅੰਤਰਿ ਚਲਾ ਦਿੰਦਾ ਹੈ। ਅੰਮ੍ਰਿਤ ਨਾਮ ਦਾ ਇਹ ਹੋਤਿ-ਪ੍ਰਕਾਸ਼ਨੀ-ਚਮਤਕਾਰ ਗੁਰੂ ਦੇ ਆਤਮ-ਜੋਤੀ-ਦਿਬ ਸਰੂਪ ਦਾ ਹੀ ਪ੍ਰਤੀਬਿੰਬ ਹੈ, ਤਾਂਹੀ ਤੇ ਗੁਰੂ ਦਾ ਦਿਤਾ ਹੋਇਆ ਨਾਮੁ, ਗੁਰੂ ਸਰੂਪ ਹੈ। ਨਾਮ ਗੁਰੂ ਦਾ ਅੰਦੀਆਂ (ਮਿਸ਼ਨ) ਹੈ। ਨਾਮ ਗੁਰੂ ਦੀ ਜੁਜ਼ਵੇ-ਕੁਲ (ਪਰਤੱਖ ਪ੍ਰਮਾਣ) ਜੋਤਿ ਹੈ। ਨਾਮ ਗੁਰੂ ਦੀ ਤੇਜ-ਆਤਮਾ ਹੈ, ਨਾਮ ਗੁਰੂ ਦੀ ਜੋਤਿ-ਜਗਮਗੀ ਜਗ-ਜੀਵਨ ਕ੍ਰਿਸ਼ਮ-ਕ੍ਰਾਂਤ ਹੈ। ਜੇਵਡ ਗੁਰੂ ਆਪਿ ਹੈ ਤੇਵਡ ਹੀ ਤਿਸਦੀ ਦਾਤਿ ਹੈ। ਗੁਰੂ ਜੇਵਡੀ ਦਾਤਿ ਦਾ ਜੀਅ-ਦਾਨ ਗੁਰ ਸਤਿਗੁਰੂ ਦਾਤਾ ਹੀ ਦੇ ਸਕਦਾ ਹੈ, ਇਸ ਜੀਅ-ਦਾਨ ਦੀ ਦਾਤਿ ਲੈਣਹਾਰੇ ਨੂੰ ਸਤਿਗੁਰ ਬਾਝੋਂ ਹੋਰ ਥਾਉਂ ਕੋ ਨਹੀਂ। ਯਥਾ ਗੁਰਵਾਕ -

***ਗੁਰ ਬਿਨੁ ਦੂਜਾ ਨਾਹੀ ਥਾਉ ॥***
***ਗੁਰੁ ਦਾਤਾ ਗੁਰੁ ਦੇਵੈ ਨਾਉ ॥ ੩ ॥***
***ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥***
***ਆਠ ਪਹਰ ਨਾਨਕ ਗੁਰ ਜਾਪਿ ॥ ਅੰਗ - ੩੯੭***

ਗੁਰੂ ਦੀ ਵਡੜੀ ਦਾਤਿ-ਨਾਮ ਨੂੰ ਗੁਰੂ ਵਡੜਾ ਦਾਤਾ (ਸਭ ਤੋਂ ਵਡੜਾ ਦਾਤਾ) ਹੀ ਦੇਵੇ ਤਾਂ ਦੇਵੇ, ਹੋਰ ਏਸ ਦਾਤਿ ਦੇਣ ਦੀ ਕਿਸੇ ਦੀ ਜਾਇ ਨਹੀਂ। ਸਿਮਰਨ ਦਾ ਦਾਤਾ ਤੀਨ ਕਾਲ ਅਤੇ ਚੌਹਾਂ ਜੁਗਾਂ ਵਿਖੇ ਕੇਵਲ ਸਤਿਗੁਰੂ ਹੀ ਹੋ ਸਕਦਾ ਹੈ, ਹੋਰ ਕੋਈ ਨਹੀਂ। ਇਹੋ 'ਆਦਿ ਅੰਤਿ ਏਕੋ ਅਵਤਾਰਾ' ਗੁਪਤੋ ਪ੍ਰਗਟ ਹੋਇਆ ਅਜ਼ਲੀ ਅਬਦੀ ਗੁਰੂ ਅਵਤਾਰ ਆਦਿ ਤੋਂ ਅੰਤ ਤਾਈਂ ਚੋਹਾਂ ਜੁਗਾਂ ਅੰਦਰਿ ਸਦ ਸਦਾ ਵਰਤਦਾ ਰਹੇਗਾ। ਸਤਿਗੁਰੂ ਦੁਆਰਾ ਹੀ ਦਹਸਰੀ (ਹਉਮੈ ਗ੍ਰਸਤ) ਜੀਵਾਂ ਦੀ ਕਲਿਆਣ ਮੁਕਤਿ-ਗਤਿ ਹੁੰਦੀ ਰਹੀ ਹੈ, ਹੁੰਦੀ ਹੈ ਅਤੇ ਹੁੰਦੀ ਰਹੇਗੀ। ਗੁਰਪ੍ਰਸਾਦੀ (ਗੁਰੂ ਦੇ ਪ੍ਰਸਾਦ ਕਰਿ) ਵਾਹਿਗੁਰੂ ਦੀ ਪ੍ਰਾਪਤੀ ਸੰਭਵ ਹੈ। ਸਤਿਗੁਰੂ ਬਾਝੋਂ ਨਾ ਵਾਹਿਗੁਰੂ ਦੀ ਪ੍ਰਾਪਤੀ ਹੈ ਤੇ ਨਾ ਕਲਿਆਣ ਮੁਕਤਗਤਿ ਹੈ। ਯਥਾ ਗੁਰਵਾਕ -

***ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥***

***ਗੁਰ ਪਰਸਾਦੀ ਮਿਲੈ ਹਰਿ ਸੋਈ ॥***
***ਗੁਰੁ ਦਾਤਾ ਜੁਗ ਚਾਰੇ ਹੋਈ ॥ ਅੰਗ - ੨੩੦***

ਸਤਿਗੁਰੂ ਨਾਨਕ ਦੇਵ ਜੀ ਆਪਣੀ ਅਨਿਕ ਕਲਾ ਸੰਪੂਰਨ ਜੋਤਿ-ਜਾਮੇ ਦੇ ਜ਼ਹੂਰ ਵਿੱਚ ਸਦ ਸਦਾ ਅਤੇ ਸਰਬਦਾ ਹਾਜ਼ਰ ਹਜ਼ੂਰ ਹੈ। ਯਥਾ ਗੁਰਵਾਕ -

***ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥***
***ਓਹੁ ਅਬਿਨਾਸੀ ਪੁਰਖੁ ਹੈ***
***ਸਭ ਮਹਿ ਰਹਿਆ ਸਮਾਇ ॥ ਅੰਗ - ੭੫੯***

ਗੁਪਤੋਂ ਪ੍ਰਗਟ ਆਪਣੇ ਜ਼ਹੂਰ ਨੂੰ ਹਾਜ਼ਰ ਹਜ਼ੂਰ ਦਰਸਾਵਣ ਲਈ ਅਤੇ ਆਪਣੀ ਗੁਰੱਤ-ਕਲਾ ਪ੍ਰਗਟਾਵਣ ਲਈ ਉਹ ਹੁਣ ਪੰਜਾਂ ਪਿਆਰਿਆਂ ਦੇ ਘਟਾਂ ਅੰਦਰ ਪਰਤੱਖ ਪ੍ਰਤਿਬਿੰਬਤ ਹੁੰਦਾ ਅਤੇ ਸ਼ਬਦ ਗੁਰੂ ਗੁਰਦੇਵ ਦੀ ਹਜ਼ੂਰੀ ਵਿੱਚ ਆਪਣੀ ਜ਼ਾਹਰ ਕਲਾ ਵਰਤਾਉਂਦਾ ਹੈ। ਯਥਾ ਗੁਰਵਾਕ -

***ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥***
***ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥***
***ਅੰਗ - ੩੯੭***

**ਜਾਗਤ ਜੋਤਿ-ਕਲਾ-ਸੰਪੰਨ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ -**

ਸਤਿਗੁਰੂ ਦੀ ਜਾਗਤ-ਜੋਤਿ-ਕਲਾ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਰਤਦੀ ਹੈ, ਪ੍ਰੰਤੂ ਪਰਤੱਖ ਪ੍ਰਗਟ ਪਾਹਾਰੇ ਤਿਨ੍ਹਾਂ ਨੂੰ ਹੀ ਜਾਪਦੀ ਹੈ, ਜਿਨ੍ਹਾਂ ਨਦਰ-ਕਰੰਮੇ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਦੇ ਘਟ ਅੰਦਰ ਜਾਗਤ ਜੋਤਿ ਦਾ ਪ੍ਰਕਾਸ਼ ਹੈ। ਜਿਨ੍ਹਾਂ ਨੇ ਇਸ ਪ੍ਰਕਾਸ਼ ਨੂੰ ਨਾਮ ਦੀ ਅਥਾਹ ਕਮਾਈ ਦੁਆਰਾ ਪਰਜੂਲਤ ਕੀਤਾ ਹੈ, ਆਪ ਆਪਣੇ ਘਟ ਅੰਤਰ ਹੀ ਪਰਜੂਲਤ ਕੀਤਾ ਹੈ, ਆਪ ਆਪਣੇ ਘਟ ਅੰਤਰ ਹੀ ਪਰਜੂਲਤ ਕੀਤਾ ਹੈ, ਤਿਨ੍ਹਾਂ ਸ਼ਬਦ ਕਮਾਈਆਂ ਵਾਲੇ ਬਿਬੇਕ-ਬੀਚਾਰੀ, ਸੱਚੇ ਬਿਬੇਕ-ਬੀਚਾਰੀ ਗੁਰਮਤ ਤੱਤ ਗਿਆਨ ਦੇ ਗਿਆਨੀ ਗੁਰਮੁਖ ਜਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚਮੁੱਚ ਪ੍ਰਗਟ ਗੁਰਾਂ ਕੀ ਦੇਹ, ਦਸੇ ਗੁਰੂ ਸਾਹਿਬਾਨ ਦਾ ਜੋਤਿ ਜਲਵੀ ਪਰਤੱਖ ਸਰੂਪ ਨਜ਼ਰ ਆਉਂਦੇ ਹਨ। ਸ਼ਬਦ ਗੁਰੂ ਦੀ ਅਭਿਆਸ ਕਮਾਈ ਰੂਪੀ ਸੱਚੇ ਜੋਤਿ ਵਿਵੇਚਨੀ ਗਿਆਨ ਜ਼ਹੂਰੀ ਵਿਚਾਰ ਦੀ ਪਰੱਤੱਖਤਾ ਬਿਨਾਂ, ਦਸਾਂ ਗੁਰੂ ਜਾਮਿਆਂ ਦੇ ਗੁਰੂ-ਗੱਦੀ ਤੇ ਬਿਰਾਜਮਾਨ ਹੁੰਦਿਆਂ ਵੀ ਆਮ ਸੰਸਾਰੀਆਂ ਨੂੰ ਸਤਿਗੁਰੂ ਸਾਹਿਬਾਨ ਦੇ ਗੁਰੱਤ ਪਦ ਦਾ ਜੋਤਿ-ਜਗੰਨਾ, ਜੋਤਿ ਪ੍ਰਕਾਸ਼ ਸੂਰਪ ਨਜ਼ਰ ਨਹੀਂ ਆਉਂਦਾ ਸੀ, ਪਰੰਤੂ ਗੁਰ-ਗਿਆਨ ਵਿਚਾਰੀ ਗੁਰਮਤਿ ਨਾਮ ਆਧਾਰੀ, ਨਿਰੰਕਾਰੀ ਨਾਮ ਦੇ ਨਿਜ ਘਟ ਜੋਤਿ ਪ੍ਰਕਾਸ਼ ਲਖਨਹਾਰੀ ਗੁਰਮੁਖ ਜਨਾਂ ਨੂੰ ਗੁਰੂ ਜੋਤਿ ਦੇ ਦਿਬ ਜੋਤੀ ਦਰਸਨ ਗੁਰੂ-ਜਾਮਿਆਂ ਅੰਦਰ ਸਾਂਗੋ ਪਾਂਗ ਦਿਖਾਈ ਦਿੰਦੇ ਸਨ। ਤਿਸ ਪ੍ਰਕਾਰ ਹੁਣ ਭੀ ਜਿਨ੍ਹਾਂ ਦੇ ਅੰਤਰ ਗੁਰ ਚਾਨਣ ਜੋਤਿ ਚਰਾਗ ਵਾਲਾ ਰਸ-ਕਮਲ-ਵਿਗਾਸੀ-ਤੇਜ-ਪ੍ਰਕਾਸ਼ ਪ੍ਰਚੰਡ ਹੋਇਆ ਹੈ ਤਿਨ੍ਹਾਂ ਨੂੰ ਸ਼ਬਦ-ਵਿਚਾਰੀ-ਵਿਗਾਸ ਦੇ ਪ੍ਰਤਾਪ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਕਾਰ ਜਾਮਾ, ਜੋਤਿ ਜਲਵਨੀ ਜਲਾਲ ਦਾ ਡਲ੍ਹਕਾਂ ਮਾਰਦਾ ਨੂਰ ਜ਼ਹੂਰੀ ਸਾਖਸ਼ਾਤ ਸੋਮਾ ਪ੍ਰਗਟ ਪਾਹਾਰੇ ਜਾਪਦਾ ਪ੍ਰਤੀਤ ਹੋਇਆ ਹੈ।

ਹੋਰ ਸੰਸਾਰੀਆਂ ਨੂੰ ਹੁਣ ਭੀ ਗੁਰੂ ਸਾਹਿਬ ਦਾ ਐਸਾ ਹੀ ਸਾਧਾਰਨ ਸਰੂਪ ਜਾਪਦਾ ਹੈ ਜੈਸਾ ਕਿ ਪਹਿਲੇ ਗੁਰੂ ਦਾ ਜਾਪਦਾ ਹੁੰਦਾ ਸੀ। ਯਥਾ ਗੁਰਵਾਕ -

***ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥***
***ਡਿਠੈ ਮੁਕਤਿ ਨ ਹੋਵਈ***
***ਜਿਚਰੁ ਸਬਦਿ ਨ ਕਰੇ ਵੀਚਾਰੁ ॥ ਅੰਗ - ੫੯੪***

**ਅੰਮ੍ਰਿਤ-ਬਾਣੀ ਦੇ ਸਰ-ਚਸ਼ਮੇ ਜੁਗੋ ਜੁਗ ਅਟੱਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ -**

ਗੁਰਬਾਣੀ ਅੰਦਰ ਸ਼ਬਦ ਵਿਚਾਰ (ਗੁਰ ਸ਼ਬਦ ਵਿਚਾਰ, ਗੁਰਮਤਿ ਨਾਮ ਵਿਚਾਰ, ਸਤਿਗੁਰ ਬਚਨ ਵਿਚਾਰ) ਕਰਨ ਕਰਾਵਣ ਦੇ ਜਿਤਨੇ ਭੀ ਹੁਕਮ ਆਉਂਦੇ ਹਨ, ਉਨ੍ਹਾਂ ਵਿੱਚ ਸ਼ਬਦ ਵਿਚਾਰ ਤੋਂ ਭਾਵ ਸ਼ਬਦ ਅਭਿਆਸ ਕਮਾਈ, ਗੁਰਮਤਿ ਨਾਮ ਅਭਿਆਸ ਕਮਾਈ ਹੈ। ਸੁਆਸ ਸੁਆਸ, ਸਾਸ ਗਿਰਾਸ ਨਾਮ ਅਭਿਆਸ ਦੀ ਸੱਚੀ ਕਾਰ ਕਮਾਵਣਾ ਇਹੋ ਸੱਚਾ ਗੁਰਮਤਿ ਵਿਚਾਰ ਹੈ। ਯਥਾ ਗੁਰਵਾਕ -

*ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ.......॥*
*ਅੰਗ - ੫੨*

ਸਤਿਗੁਰ ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨੀ ਇਹ ਸਤਿਗੁਰ ਬਚਨ ਕਮਾਵਣੇ ਹਨ। ਸਤਿਗੁਰੂ ਦਾ ਹੁਕਮਾਂ ਸਿਰ ਹੁਕਮ ਹੈ ਨਾਮ ਦਾ ਜਪਣਾ। ਤਾਂਤੇ ਨਾਮ ਜਪਣਾ ਅਰਥਾਤ ਨਾਮ ਅਭਿਆਸ ਕਮਾਈ ਕਰਨਾ ਹੀ ਸਤਿਗੁਰੂ ਦੇ ਹੁਕਮਾਂ ਦੀ ਤਾਮੀਲ ਕਰਨਾ, ਅਰਥਾਤ ਸਤਿਗੁਰ ਬਚਨਾਂ ਦਾ ਕਮਾਵਣਾ ਹੈ। ਬਸ ਨਾਮ ਜਪਣਾ, ਸਾਸ ਸਾਸ ਅਭਿਆਸ ਨਾਮ ਦਾ ਕਰਨਾ ਹੀ ਸੱਚਾ ਅਤੇ ਤੱਤ ਗੁਰਮਤਿ ਬਿਬੇਕ ਬੀਚਾਰ ਹੈ। ਯਥਾ ਗੁਰਵਾਕ -

***ਉਰ ਧਾਰਿ ਬੀਚਾਰਿ ਮੁਰਾਰਿ***
***ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥***
***ਅਦ੍ਰਿਸਟੁ ਅਗੋਚਰੁ ਅਪਰੰਪਰ***
***ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥ ਅੰਗ - ੬੬੮***

ਇਸ ਗੁਰਵਾਕ ਦੇ ਭਾਵ ਤੋਂ ਹੀ ਇਹ ਸਿੱਧ ਹੈ ਕਿ ਰਮਤ ਰਾਮ ਮਨਮੋਹਨ ਮੁਰਾਰ ਵਾਹਿਗੁਰੂ ਕਰਤਾਰ ਦੇ ਨਾਮ ਨੂੰ ਜਪਣਾ ਜਪੀਣਾ, ਉਰਧਾਰਨਾ ਬੀਚਾਰਨਾ, ਸਮਸਰ ਅਰਥ ਹੀ ਰਖਦਾ ਹੈ। ਸਤਿਗੁਰੂ ਦਾਤਾਰ ਦੇ ਦਿੱਤੇ ਨਾਮ ਸਿਮਰਨ (ਨਾਮ ਜਪਣ ਉਰਧਾਰਨ ਬੀਚਾਰਨ) ਦਾ ਪ੍ਰਤਾਪ, ਪਰਤੱਖ ਪ੍ਰਤਾਪ ਇਹ ਹੁੰਦਾ ਹੈ ਕਿ ਨਦਰੀ ਨਦਰਿ ਨਿਹਾਲ ਸਰਬ-ਫਲ-ਪਰ-ਦਾਤਾ ਸਤਿਗੁਰੂ, ਅਦ੍ਰਿਸ਼ਟ ਅਗਮ ਅਗੋਚਰ ਅਪਰੰਪਰ ਪਾਰਬ੍ਰਹਮ ਸੁਆਮੀ ਵਾਹਿਗੁਰੂ ਨੂੰ ਸਿਮਰਨਹਾਰੇ ਨਾਮ ਕਮਾਈਆਂ ਵਾਲੇ ਕਰ ਦਿੰਦਾ ਹੈ। ਸੋ ਜਦ ਤਾਈਂ ਗੁਰਪ੍ਰਸਾਦਿ ਕਰਿ ਇਹ ਸੱਚਾ ਦਿਬ-ਦ੍ਰਿਸ਼ਟੀ ਵਾਲਾ ਨਾਮ ਅਭਿਆਸ-ਮਈ ਵਿਚਾਰ ਸੁਫਲ ਫਲੰਕਾਰ ਨਹੀਂ ਹੋ ਜਾਂਦਾ ਓਦੋਂ ਤਾਈਂ ਆਪ ਤ੍ਰੈਗੁਣੀ ਦ੍ਰਿਸ਼ਟੀ ਨਾਲ ਸਤਿਗੁਰੂ ਦੇ ਦੇਹ ਜਾਮੇ ਨੂੰ ਦੇਖਿਆ ਨਾ ਮੁਕਤ-ਗਤਿ ਹੈ, ਨਾ ਹੀ ਗੁਰੂ ਦੇ ਦਿਬ-ਦੀਦਾਰਿਆਂ ਦਾ ਝਲਕਾ ਨਸੀਬ ਹੁੰਦਾ ਹੈ। ਗੁਰਮੁਖ ਪੰਚ ਪ੍ਰਵਾਨ ਚੁਣ-ਕਢੇ ਲਧੋਵਾਰਿਆਂ ਪਿਆਰਿਆਂ ਨੂੰ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੋਤਿ-ਜਾਮੇ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤੀਯ ਸਰੂਪ ਦਿਦਾਰੇ ਪਰਤੱਖ ਹੁੰਦੇ ਹਨ ਅਤੇ ਹਰ ਕਿਸੇ ਅਧਿਕਾਰੀ ਅੰਮ੍ਰਿਤਧਾਰੀ ਜਨ ਨੂੰ ਪਰਤੱਖ ਕਰਾ ਸਕਦੇ ਹਨ। ਨਾਮ-ਉਰਹਾਰੀ, ਸ਼ਬਦ-ਵਿਚਾਰੀ ਅਭਿਆਸ ਕਮਾਈਆਂ ਦੇ ਕਲਾਧਾਰੀ ਗੁਰਮੁਖ ਜਨ ਪ੍ਰਗਟ ਗੁਰਾਂ ਦੀ ਦੇਹ ਅੰਦਰ ਪੂਰਨ ਗੁਰ-ਜੋਤਿ-ਜਲਵਾ ਸਾਂਗੋ-ਪਾਂਗ ਵੇਖਦੇ ਹਨ। ਐਸੇ ਗੁਰ-ਜੋਤਿ-ਜਲਵਾ-ਅਫਰੋਜ਼-ਗੁਰੂ-ਹਜ਼ੂਰੀਏ ਪੰਚ ਪ੍ਰਵਾਨ ਜਨਾਂ ਦਾ ਪੁੰਜ, ਪ੍ਰਗਟ ਗੁਰਾਂ ਦੀ ਦੇ ਦੀ ਹਜ਼ੂਰੀ ਵਿੱਚ ਸਿਮਰਨ ਕਰ

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

ਘਰੇਲੂ ਨੁਸਖੇ

ਸਾਡੇ ਘਰਾਂ ਵਿੱਚ ਹਰ ਰੋਜ਼ ਵਰਤੋਂ ਵਾਲੀਆਂ ਚੀਜ਼ਾਂ ਆਮ ਹੀ ਹੁੰਦੀਆਂ ਹਨ। ਛੋਟੀਆਂ-ਛੋਟੀਆਂ ਵਸਤਾਂ ਤੋਂ ਬਹੁਤ ਲਾਭ ਉਠਾਇਆ ਜਾ ਸਕਦਾ ਹੈ। ਅੱਜਕੱਲ੍ਹ ਇਲਾਜ ਬਹੁਤ ਹੀ ਮਹਿੰਗਾ ਹੋ ਗਿਆ ਹੈ। ਦਵਾਈਆਂ ਦੀ ਕੀਮਤ ਹਰ ਇੱਕ ਬੰਦਾ ਚੁੱਕਾ ਨਹੀਂ ਸਕਦਾ। ਬਹੁਤ ਸਾਰੇ ਰੋਗਾਂ ਦਾ ਇਲਾਜ ਘਰ ਦੀਆਂ ਵਸਤੂਆਂ ਤੋਂ ਹੋ ਸਕਦਾ ਹੈ। ਇਸ ਲਈ ਘਰੇਲੂ ਚੀਜ਼ਾਂ ਬਾਰੇ ਕੁਝ ਕੁ ਜਾਣਕਾਰੀ ਪੜ੍ਹ ਕੇ ਲਾਭ ਉਠਾਓ।

ਗੁੜ ਦੀ ਵਰਤੋਂ ਦੇ ਲਾਭ - (ਸਰੀਰਕ) ਸਖਤ ਮਿਹਨਤ ਕਰਨ ਵਾਲਿਆਂ ਵਾਸਤੇ ਗੁੜ ਇੱਕ ਚੰਗੀ ਖੁਰਾਕ ਹੈ। ਇਸ ਨਾਲ ਥਕਾਵਟ ਦੂਰ ਹੁੰਦੀ ਹੈ। ਸਰਦੀ ਰੁੱਤ ਵਿੱਚ ਗੁੜ ਦੀ ਵਰਤੋਂ ਸਿਹਤ ਲਈ ਬਹੁਤ ਲਾਭਕਾਰੀ ਹੈ। ਇਸ ਨਾਲ ਭੁੱਖ ਲਗਦੀ ਹੈ। ਪਿਸ਼ਾਬ ਸਾਫ ਆਉਂਦਾ ਹੈ। ਖਾਂਸੀਂ, ਸਾਹ, ਦਮਾ, ਵਾਯੂ ਦੇ ਰੋਗ, ਕਫ ਆਦਿ ਰੇਸ਼ੇ ਦੇ ਰੋਗ ਦੂਰ ਹੁੰਦੇ ਹਨ।

ਜ਼ਿਆਦਾ ਮਾਤਰਾ ਵਿੱਚ ਚੀਨੀ ਸਰੀਰ ਨੂੰ ਬਹੁਤ ਹਾਨੀ ਪਹੁੰਚਾਉਂਦੀ ਹੈ। ਇਸ ਲਈ ਚੀਨੀ ਨਾਲੋਂ ਗੁੜ ਦੀ ਵਰਤੋਂ ਵਧੇਰੇ ਲਾਭਕਾਰੀ ਹੈ।

ਗੁੜ ਵਿੱਚ ਪੋਟਾਸ਼ੀਅਮ ਵਧੇਰੇ ਹੁੰਦੀ ਹੈ, ਇਸ ਕਰਕੇ ਦਿਲ ਦੇ ਰੋਗੀਆਂ ਵਾਸਤੇ ਇਸ ਦੀ ਵਰਤੋਂ ਕਰਨੀ ਵਧੇਰੇ ਲਾਭਕਾਰੀ ਹੁੰਦੀ ਹੈ।

ਗੁੜ ਵਿੱਚ ਕੈਲਸ਼ੀਅਮ ਦੀ ਮਾਤਰਾ ਹੋਣ ਕਰਕੇ ਛੋਟੇ ਬੱਚਿਆਂ ਦੇ ਦੰਦ ਅਤੇ ਹੱਡੀਆਂ ਦੇ ਵਿਕਾਸ ਲਈ ਸਹਾਇਕ ਹੁੰਦਾ ਹੈ।

ਇਹ ਬੱਚਿਆਂ ਦਾ ਕੱਦ ਵਧਾਉਣ ਲਈ ਅੰਮ੍ਰਿਤਮਈ ਹੈ।

ਬਜ਼ਾਰੂ ਚਾਕਲੇਟ - ਟਾਫੀਆਂ ਦੇ ਮੁਕਾਬਲੇ ਗੁੜ ਬੱਚਿਆਂ ਦੀ ਸਿਹਤ ਲਈ ਵਧੇਰੇ ਲਾਭਦਾਇਕ ਸਿੱਧ ਹੁੰਦਾ ਹੈ ਕਿਉਂਕਿ ਚਾਕਲੇਟ - ਟੌਫੀਆਂ ਬੱਚਿਆਂ ਦੇ ਦੰਦਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

ਇਸ ਤਰ੍ਹਾਂ ਗੁੜ ਸਾਡੇ ਲਈ ਇੱਕ ਪੋਸ਼ਟਿਕ ਆਹਾਰ ਹੈ।

੧. ਬੱਚਿਆਂ ਦੇ ਪੇਟ ਦੇ ਕੀੜਿਆਂ ਲਈ - ਲੋੜ ਮੁਤਾਬਿਕ ਕੋਸੇ ਪਾਣੀ ਵਿੱਚ ਗੁੜ ਘੋਲ ਕੇ ਉਸ ਵਿੱਚ ਦੇਸੀ ਘਿਉ ਦੀਆਂ ਦੋ ਬੂੰਦਾਂ ਪਾ ਕੇ ਪਿਲਾਉਣ ਨਾਲ ਬੱਚਿਆਂ ਦੇ ਪੇਟ ਦੇ ਕੀੜੇ ਮਰ ਜਾਂਦੇ ਹਨ।

੨. ਨਿੰਮ ਦੀ ਛਿੱਲ ਪਾਣੀ ਵਿੱਚ ਉਬਾਲੋ ਜਦੋਂ ਅੱਠਵਾਂ ਹਿੱਸਾ ਰਹਿ ਜਾਏ ਉਸ ਵਿੱਚ ਗੁੜ ਮਿਲਾ ਕੇ ਰਾਤ ਨੂੰ ਪੀਣ ਨਾਲ ਪਖਾਣੇ ਰਾਹੀਂ ਕੀੜੇ ਨਿਕਲ ਜਾਂਦੇ ਹਨ। ਪ੍ਰਮੇਹ ਰੋਗ (ਪਿਸ਼ਾਬ ਜ਼ਿਆਦਾ ਅਤੇ ਗੰਧਲਾ ਆਉਣਾ) ਗੁੜ ੨● ਗ੍ਰਾਂਮ ਅਤੇ ਔਲੇ ਦਾ ਬਰੀਕ ਚੂਰਨ ੧● ਗ੍ਰਾਮ ਮਿਲਾ ਕੇ ਖਾਣ ਨਾਲ ਲਾਭ ਹੁੰਦਾ ਹੈ। ਜਣੇਪੇ ਵਾਸਤੇ ਅਜਵਾਇਣ ਤੇ ਗੁੜ ਦੀ ਵਰਤੋਂ ਕਰਨ ਨਾਲ ਇਸਤਰੀਆਂ ਦੇ ਪੇਟ ਦੀ ਸਫਾਈ ਹੋ ਕੇ ਸਰੀਰ ਵਿੱਚ ਫੁਰਤੀ ਪੈਦਾ ਹੁੰਦੀ ਹੈ।

ਰੁਕੀ ਮਹਾਂਵਾਰੀ ਖੁੱਲ੍ਹ ਕੇ ਲਿਆਉਣ ਲਈ - ਤਿਲ ਅਤੇ ਗੁੜ ਦਾ ਕਾੜ੍ਹਾ ਕਰਕੇ ਪੀਣ ਨਾਲ ਮਹਾਂਵਾਰੀ ਖੁੱਲ੍ਹ ਕੇ ਆ ਜਾਂਦੀ ਹੈ।

ਅੱਧਾ ਸਿਰ ਦੁਖਣਾ - ੨● ਗ੍ਰਾਮ ਗੁੜ ਵਿੱਚ ੧● ਗ੍ਰਾਮ ਦੇਸੀ ਘਿਉ ਮਿਲਾ ਕੇ ਸੂਰਜ ਚੜ੍ਹਦੇ ਤੋਂ ਪਹਿਲਾਂ ਅਤੇ ਰਾਤ ਸੌਣ ਵੇਲੇ ਵਰਤਜ਼ ਨਾਲ ਸੂਰਿਆ ਵਰਤ ਰੋਗ (ਅੱਧਾ ਸਿਰ ਦਰਦ) ਠੀਕ ਹੁੰਦਾ ਹੈ।

ਸੂਰਜ ਵਰਤ ਰੋਗ - ਭਾਵ ਸੂਰਜ ਚੜ੍ਹਦੇ ਨਾਲ ਅੱਧਾ ਸਿਰ ਦੁਖਣ ਲਗ ਪੈਂਦਾ ਹੈ ਅਤੇ ਸੂਰਜ ਛਿਪਣ ਵੇਲੇ ਦਰਦ ਬੰਦ ਹੋ ਜਾਂਦਾ ਹੈ।

ਜੁਕਾਮ - ਠੰਡੀ ਰੁੱਤ ਵਿੱਚ ਗੁੜ ਅਤੇ ਤਿਲ ਦੇ ਲੱਡੂ ਵਰਤਣ ਨਾਲ ਜੁਕਾਮ ਤੋਂ ਬਚਿਆ ਜਾ ਸਕਦਾ ਹੈ।

ਪਿਸ਼ਾਬ ਦਾ ਘੱਟ ਆਉਣਾ - ਕੋਸੇ ਦੁੱਧ ਵਿੱਚ ਦਿਨ ਵਿੱਚ ਦੋ ਵਾਰੀ ਗੁੜ ਮਿਲਾ ਕੇ ਪੀਣ ਨਾਲ ਪਿਸ਼ਾਬ ਖੁੱਲ੍ਹ ਕੇ ਆਉਂਦਾ ਹੈ।

ਮੰਦ ਅਗਨੀ - (ਭੁੱਖ ਨਾ ਲਗਣੀ) - ਗੁੜ ਵਿੱਚ ਹਰੜ ਅਤੇ ਜਮੈਣ ਦਾ ਚੂਰਨ ਮਿਲਾ ਕੇ ਸੇਵਨ ਕਰਨ ਨਾਲ ਅਗਨੀ ਦੀਪਣ ਹੋ ਕੇ ਭੁੱਖ ਲਗਦੀ ਹੈ ਅਤੇ ਖੁਰਾਕ ਛੇਤੀ ਹਜ਼ਮ ਹੁੰਦੀ ਹੈ।

ਸਾਵਧਾਨੀਆਂ - ੧. ਫੋੜੇ, ਫਿੰਨਸੀਆਂ, ਰਕਤ ਵਿਕਾਰ ਅਤੇ ਗਰਮੀ ਦੇ ਰੋਗਾਂ ਤੋਂ ਪੀੜਿਤ ਮਰੀਜ਼ਾਂ ਨੂੰ ਗੁੜ ਦੀ ਵਰਤੋਂ ਯੋਗ ਵੈਦ ਜਾਂ ਡਾਕਟਰ ਦੀ ਸਲਾਹ ਤੋਂ ਬਗੈਰ ਨਹੀਂ ਕਰਨੀ ਚਾਹੀਦੀ।

੨. ਸੌਣ ਵੇਲੇ ਗੁੜ ਦਾ ਸੇਵਨ ਕਰਨਾ ਲਾਭਕਾਰੀ ਹੈ ਪਰ ਰਾਤ ਨੂੰ ਗੁੜ ਖਾ ਕੇ ਪਾਣੀ ਪੀਣਾ ਹਾਨੀਕਾਰਕ ਹੈ।

੧. ਮਧੂਮੇਹ (ਸ਼ੂਗਰ) ਜਾਮਣ ਦੀ ਗਿਰੀ, ਸੁੱਕੇ ਕਰੇਲੇ, ਬਰਾਬਰ-ਬਰਾਬਰ ਰਗੜ ਕੇ ਚੂਰਨ ਬਣਾਓ।

ਖੁਰਾਕ - ਇਕ-ਇਕ ਚਮਚ ਸਵੇਰੇ-ਸ਼ਾਮ ਪਾਣੀ ਨਾਲ ਲਓ। ਇਸ ਦੇ ਨਾਲ ਬਲੱਡ ਸ਼ੂਗਰ ਤੇ ਪਿਸ਼ਾਬ ਵਾਲਾ ਸ਼ੂਗਰ ਸਭ ਠੀਕ ਹੁੰਦੇ ਹਨ।

ਮੁਦ ਬ੍ਰਿਧੀ (ਮੋਟਾਪਾ) ਹਰੜ ਛਿੱਲ, ਵਹੇੜਾ ਛਿੱਲ, ਔਲੇ ਮਘਾ, ਕਾਲੀ ਮਿਰਚ, ਸੁੰਡ, ਤਿਲ, ਪਾਕਿਸਤਾਨੀ ਲੂਣ ਸਭ ਨੂੰ ਵਜ਼ਨ ਬਰਾਬਰ ਲੈ ਕੇ ਚੂਰਨ ਕਰਕੇ ੨-੪ ਗ੍ਰਾਮ ਤਕ ਪਾਣੀ ਨਾਲ ਸਵੇਰੇ ਸ਼ਾਮ, ਸਵੇਰੇ ਖਾਲੀ ਪੇਟ ਇੱਕ ਗਿਲਾਸ ਵਿੱਚ ਦੋ ਚਮਚ ਸ਼ਹਿਦ ਦੇ ਘੋਲ ਕੇ ਪੀਣਾ ਲਾਭਕਾਰੀ ਹੈ।

ਪ੍ਰਹੇਜ਼ - ਭੋਜਨ ਵਿੱਚ ਮਟਰ, ਜੌਂ, ਸਲਾਦ, ਟਮਾਟਰ, ਗਾਜਰ, ਕਾਲੀ ਮਿਰਚ, ਸੇਂਧਾ ਨਮਕ, ਨਿੰਬੂ, ਦਹੀਂ, ਰਿੜਕੀ ਲੱਸੀ, ਸ਼ਹਿਦ, ਛੋਲੇ ਤੇ ਭੁੰਨੀ ਕਣਕ, ਹਲਕੇ ਭੋਜਨ, ਜੁਆਰ, ਬਾਜਰਾ, ਕੁਲਥੀ, ਅੰਨ, ਮੂੰਗੀ, ਅਰਹਰ, ਤੋਰੀ, ਕਰੇਲਾ, ਕੱਦੂ, ਆਂਵਲਾ, ਪੁਦੀਨਾ ਇਹ ਚੀਜ਼ਾਂ ਲਾਭਕਾਰੀ ਹਨ। ਸਰੀਰਿਕ ਕਸਰਤ, ਕੰਮ ਧੰਦਾ, ਭਜਨ ਪਾਠ, ਰਾਤ ਨੂੰ ਜਾਗਣਾ, ਇਹ ਸਭ ਹਿਤਕਾਰੀ ਹਨ।

ਨਿਸ਼ੇਧ - ਮਿੱਠੇ ਪਦਾਰਥ, ਭਾਰੀ ਚੀਜ਼ਾਂ, ਠੰਡੀਆਂ ਚਿਕਨੀਆਂ ਚੀਜ਼ਾਂ, ਮਠਿਆਈਆਂ, ਤੇਲ ਘਿਉ, ਦੁੱਧ, ਖੀਰ, ਹਲਵਾ, ਕੇਕ ਆਈਸ ਕਰੀਮ, ਪਨੀਰ, ਸ਼ਰਾਬ, ਮਾਸ, ਅੰਡਾ, ਜ਼ਿਆਦਾ ਨਮਕ, ਚੌਲ, ਮੱਕੀ ਆਦਿ ਹਾਨੀਕਾਰਕ ਹਨ।

ਕੇਸ ਝੜਨੇ - ਰੀਠੇ ਦਾ ਛਿਲਕਾ ੫੦ ਗ੍ਰਾਮ ਅੱਧਾ ਕਿਲੋ ਪਾਣੀ ਵਿੱਚ ਭਿਉਂ ਕੇ ਪਾਣੀ ਨੂੰ ਉਬਾਲੋ। ੧੫ ਮਿੰਟਾਂ ਬਾਅਦ ਹੱਥ ਨਾਲ ਖੂਬ ਮਲ ਕੇ ਪੁਣ ਲਵੋ। ਇਸ ਪਾਣੀ ਨਾਲ ਕੇਸਾਂ ਨੂੰ ਜੜ੍ਹਾਂ ਤਕ ਮਲੋ ਫਿਰ ਕੋਸੇ ਪਾਣੀ ਨਾਲ ਧੋਵੋ।

ਬਾਅਦ ਵਿੱਚ ਸੁੱਕੇ ਕੇਸਾਂ ਵਿੱਚ ਬਦਾਮ ਰੋਗਨ ਜਾਂ ਨਾਰੀਅਲ ਦਾ ਤੇਲ ਲਗਾਓ। ਇਸ ਤਰ੍ਹਾਂ ਕਰਨ ਨਾਲ ਹਫਤੇ ਵਿੱਚ ਕੇਸ ਲੰਮੇ ਮੁਲਾਇਮ ਅਤੇ ਕਾਲੇ ਚਮਕਦਾਰ ਹੋ ਜਾਂਦੇ ਹਨ।

ਖਾਂਸੀ - ੧. ਅਦਰਕ ਦਾ ਪਾਣੀ ਗਰਮ ਕਰਕੇ ਮਿਸਰੀ ਜਾਂ ਸ਼ਹਿਦ ਮਿਲਾ ਕੇ ਚਮਚਾ-ਚਮਚਾ ਦੋ ਵਾਰੀ ਦੇਵੇ।

੨. ਤੁਲਸੀ ਦੇ ਪੱਤਿਆਂ ਦੇ ਰਸ ਵਿੱਚ ਸ਼ਹਿਦ ਮਿਲਾ ਕੇ ਦਿਨ ਵਿੱਚ ਦੋ ਵਾਰੀ ਚਮਚਾ-ਚਮਚਾ ਲਓ।

੩. ਕਾਲੀ ਮਿਰਚ, ਤੁਲਸੀ ਦੇ ਪੱਤੇ ਚਾਹ ਬਣਾ ਕੇ ਪੀਓ।

੪. ਸਫੈਦ ਫਟਕੜੀ ਤਵੇ ਤੇ ਖਿੱਲ ਕਰਕੇ ਰੱਖੋ। ਦਿਨ ਵਿੱਚ ਦੋ-ਤਿੰਨ ਵਾਰੀ ਸ਼ਹਿਦ ਨਾਲ ਚਟਾਓ ਜਾਂ ਗਰਮ ਪਾਣੀ ਵਿੱਚ ਘੋਲ ਕੇ ਪਿਲਾਓ। ਇਸ ਨਾਲ ਬੱਚਿਆਂ ਦੀ ਕੁਕਰ ਖਾਂਸੀ ਤੇ ਉਲਟੀ ਨੂੰ ਵੀ ਲਾਭ ਹੁੰਦਾ ਹੈ।

੫. ਪੁਰਾਣੀ ਖਾਂਸੀ ਲਈ ਸ਼ਲਗਮ ਦੇ ਰਸ ਵਿੱਚ ਸ਼ਹਿਦ ਮਿਲਾ ਕੇ ਪੀਣਾ ਲਾਭਕਾਰੀ ਹੈ।

੬. ਦੱਦ ਵਾਸਤੇ - ਡੰਡਾ ਗੰਧਕ ੨੦ ਗ੍ਰਾਮ, ਬਾਬਚੀ ਦੇ ਬੀਜ ੩੦ ਗ੍ਰਾਮ

ਸਭ ਨੂੰ ਪਾਣੀ ਵਿੱਚ ਰਗੜ ਕੇ ਗੋਲੀ ਬਣਾ ਕੇ ਛਾਂਵੇ ਸੁਕਾਉਣ ਲਈ ਰੱਖੋ। ਪਾਣੀ ਨਾਲ ਮਿਲਾ ਕੇ ਦੱਦ ਤੇ ਲਾਓ। ਦੱਦ ਖਾਜ ਕੋਹੜ ਲਈ ਬਹੁਤ ਲਾਭਕਾਰੀ ਹੈ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..................................................

ਪਤਾ/Address ..................................................

..................................................

..................................................

..............................Pin Code..............................

Phone........................ E-mail :..............................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

(ਪੰਨਾ 58 ਦੀ ਬਾਕੀ

ਹੋ ਸਕਦਾ। ਚੋਰੀ ਤੋਂ ਦੂਰ ਰਹਿਣਾ ਚੋਰੀ ਨਾ ਕਰਨੀ ਸਵੈ ਵਿਸ਼ਵਾਸ਼ ਦਿੰਦਾ ਹੈ, ਸਮਰਥਾ ਦਿੰਦੀ ਹੈ, ਮਨ ਦੀ ਸ਼ਾਂਤੀ ਦਿੰਦੀ ਹੈ। ਚੋਰੀ ਨਾ ਕਰਨ ਦੀ ਆਦਤ ਆਪਣੇ ਅੰਦਰ ਪੈਦਾ ਕਰਕੇ, ਤੁਸੀਂ ਆਪਣੇ ਅੰਦਰ ਪੂਰਨਤਾ ਦੀ ਭਾਵਨਾ ਜਗਾ ਸਕਦੇ ਹੋ, ਸਮਰਥਤਾ ਦੀ ਭਾਵਨਾ ਜਗਾ ਸਕਦੇ ਹੋ। ਇਸ ਤਰ੍ਹਾਂ ਨਾਲ ਤੁਸੀਂ ਲੋਭ ਤੋਂ ਮੁਕਤ ਹੋ ਸਕਦੇ ਹੋ ਇਸ ਭਾਵਨਾ ਤੋਂ ਛੁਟਕਾਰਾ ਪਾ ਸਕਦੇ ਹੋ। ਜਿਹੜੇ ਆਪਣੇ ਅੰਤਹਕਰਣ ਨੂੰ ਜਾਣਦੇ ਹਨ, ਸਮਝਦੇ ਹਨ, ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹਨ ਕਿ ਅਸਤਿਆ ਤੋਂ ਬਿਨਾਂ ਮਨੁੱਖ ਦੀ ਕੋਈ ਵੀ ਕਿਸੇ ਤਰ੍ਹਾਂ ਦੀ ਵੀ ਤਰੱਕੀ ਨਹੀਂ ਹੋ ਸਕਦੀ, ਉੱਨਤੀ ਨਹੀਂ ਹੋ ਸਕਦੀ। ਚੋਰੀ ਕਰਨ ਦੀ ਆਦਤ ਅਚੇਤ ਮਨ ਤੇ ਡੂੰਘਾ ਪ੍ਰਭਾਵ ਪਾਉਂਦੀ ਹੈ, ਬਹੁਤ ਡੂੰਘੀ ਛਾਪ ਬਣਾ ਦਿੰਦੀ ਹੈ ਤੇ ਹੌਲੀ-ਹੌਲੀ ਮਨੁੱਖ ਨੂੰ ਇੱਕ ਪੇਸ਼ਾਵਰ ਚੋਰ ਬਣਾ ਦਿੰਦੀ ਹੈ, ਜਦੋਂ ਇਹੋ ਜਿਹੇ ਮਨੁੱਖ ਫੜੇ ਜਾਂਦੇ ਹਨ ਤੇ ਤੁਸੀਂ ਉਨ੍ਹਾਂ ਨੂੰ ਪੁਛੋ ਤਾਂ ਉਹ ਦਸਣਗੇ ਕਿ ਚੋਰੀ ਕਰਨੀ ਉਨ੍ਹਾਂ ਦੀ ਆਦਤ ਹੈ। ਜਿਨ੍ਹਾਂ ਨੂੰ ਚੰਗੀ ਸਿੱਖਿਆ ਨਹੀਂ ਦਿੱਤੀ ਜਾਂਦੀ, ਉਹ ਇਹੋ ਜਿਹੀਆਂ ਆਦਤਾਂ ਬਣਾ ਲੈਂਦੇ ਹਨ। ਜੇਕਰ ਇਨ੍ਹਾਂ ਨੂੰ ਪਹਿਲਾਂ ਹੀ ਨਾ ਰੋਕਿਆ ਜਾਵੇ, ਦੇਖਿਆ ਜਾਵੇ, ਸਿਖਿਆ ਨਾ ਦਿੱਤੀ ਜਾਵੇ ਤਾਂ ਇਹ ਕਦੀ ਵੀ ਨਹੀਂ ਬਦਲਦੇ, ਤੁਸੀਂ ਭਾਵੇਂ ਇਨ੍ਹਾਂ ਨੂੰ ਕਿੰਨੀ ਦੀ ਸਜ਼ਾ ਕਿਉਂ ਨਾ ਦਿਓ। ਵਾਸਤਵ ਵਿੱਚ ਚੋਰੀ ਕਰਨਾ, ਅਸੁਰਖਿਅਤ ਹੋਣ ਦਾ ਇੱਕ ਬਹੁਤ ਵੱਡਾ ਚਿੰਨ ਹੈ, ਚੋਰੀ ਕਰਨ ਵਾਲਾ ਚੀਜ਼ਾਂ ਨੂੰ ਆਪਣੇ ਲਈ ਆਪਣੇ ਕੋਲ ਰੱਖ ਕੇ ਉਨ੍ਹਾਂ ਦਾ ਮਾਲਕ ਬਣਨਾ ਚਾਹੁੰਦਾ ਹੈ। ਇਹ ਆਪਾ ਸੁਧਾਰਣ ਵਿੱਚ ਇੱਕ ਬਹੁਤ ਵੱਡਾ ਬਾਧਾ ਹੈ ਇੱਕ ਬੈਰੀਅਰ ਹੈ। ਯੋਗ ਦੇ ਵਿਦਿਆਰਥੀਆਂ ਨੂੰ ਇਹ ਦੱਸਿਆ ਜਾਂਦਾ ਹੈ, ਸਮਝਾਇਆ ਜਾਂਦਾ ਹੈ ਤਾਂ ਜੋ ਉਹ ਅੰਦਰ ਦੀ ਸ਼ਕਤੀ ਦਾ ਵਿਕਾਸ ਕਰ ਸਕਣ, ਆਪਣੇ ਅੰਦਰ ਹੋਰ ਗੁਣ ਪੈਦਾ ਕਰ ਸਕਣ ਤਾਂ ਜੋ ਉਹ ਇਨ੍ਹਾਂ ਆਦਤਾਂ ਤੋਂ ਉਪਰ ਉਠ ਸਕਣ। ਮਨੁੱਖ ਦਾ ਵਿਅਕਤੀਤਵ ਆਦਤ ਦਾ ਬਣਿਆ ਹੁੰਦਾ ਹੈ, ਆਦਤਾਂ, ਬਾਰ-ਬਾਰ ਕਿਸੇ ਕੰਮ ਨੂੰ ਕਰਕੇ ਹੀ ਬਣਦੀਆਂ ਹਨ। ਜਦੋਂ ਤੁਸੀਂ ਨਿਤਾਣੇ, ਨਿਆਸਰੇ ਹੋ ਜਾਂਦੇ ਹੋ ਤਾਂ ਤੁਸੀਂ ਮਾਨਸਿਕ ਰੋਗ ਦੇ ਸ਼ਿਕਾਰ ਹੋ ਜਾਂਦੇ ਹੋ।

♠♠♠♠♠

**ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ**

**ਐਤਵਾਰ - 07, 14, 21, 28** ਫਰਵਰੀ
**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**

**ਸੰਗਰਾਂਦ** 12 ਫਰਵਰੀ, ਦਿਨ ਸ਼ੁਕਰਵਾਰ
**(ਸਵੇਰ ਦੇ ਸਮੇਂ 7.00 ਵਜੇ ਤੋਂ 9.00 ਵਜੇ ਤੱਕ)**

**ਚੜ੍ਹਦੀ ਪੂਰਨਮਾਸ਼ੀ- 27** ਫਰਵਰੀ ਦੀ ਰਾਤ, ਦਿਨ ਸ਼ਨਿਚਰਵਾਰ
**(ਸਮਾਂ - ਸ਼ਾਮ 7.00 ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)**

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੂੰਦਾ ਹੈ।**

**ਵਿਸ਼ੇਸ਼ ਬੇਨਤੀ**

**ਹਰ ਐਤਵਾਰ ਦਿਨ ਦੇ 4.00 ਵਜੇ ਪਰਮ ਪੂਜਯ ਸਤਿਕਾਰਯੋਗ ਬੀਜੀ ਸੰਗਤਾਂ ਨੂੰ ਦਰਸ਼ਨ ਦਿੰਦੇ ਅਤੇ ਗੁਰ ਸੰਗਤ ਦੇ ਦਰਸ਼ਨ ਦੀਦਾਰ ਰਤਵਾੜਾ ਸਾਹਿਬ ਵਿਖੇ ਕਰਦੇ ਹਨ।**

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.150/- |
| 17. | The Story of Immortailty | Rs.260/- |